
# ਉਲਟਾ ਰੁੱਖ

ਕ੍ਰਿਸ਼ਨ ਚੰਦਰ



# ਉਲਟਾ ਰੁੱਖ

ਕ੍ਰਿਸ਼ਨ ਚੰਦਰ



ਅਨੁਰਾਗ ਟਰੱਸਟ

© ਸਾਰੇ ਹੱਕ ਰਾਖਵੇਂ ਹਨ।

**ਕੀਮਤ — 35 ਰੁਪਏ**

ਪੰਜਾਬੀ ਅਨੁਵਾਦ - ਸੁਖਬੀਰ

ਟਾਈਟਲ ਕਵਰ ਅਤੇ ਰੇਖਾਚਿੱਤਰ — ਰਾਮਬਾਬੂ

ਇਹ ਐਡੀਸ਼ਨ — ਸਤੰਬਰ, 2013

ਪ੍ਰਕਾਸ਼ਕ

**ਅਨੁਰਾਗ ਟਰੱਸਟ**

**ਡੀ-68, ਨਿਰਾਲਾਨਗਰ**

**ਲਖਨਊ - 226020**

# ਉਲਟਾ ਰੁੱਖ

1.

**ਜਦ** ਯੂਸਫ਼ ਦਾ ਪਿਓ ਮਰਿਆ ਤਾਂ ਉਸ ਕੋਲ਼ ਇੱਕ ਝੁੱਗੀ, ਇੱਕ ਗਾਂ, ਇੱਕ ਖੂਹ ਤੇ ਇੱਕ ਬਗ਼ੀਚਾ ਬਾਕੀ ਰਹਿ ਗਿਆ ਸੀ। ਬਾਕੀ ਜੋ ਕੁੱਝ ਸੀ ਉਹ ਯੂਸਫ਼ ਦਾ ਪਿਓ ਆਪਣੀ ਜ਼ਿੰਦਗੀ ਵਿੱਚ ਕਰਜ਼ ਦੇ ਹਵਾਲੇ ਕਰ ਚੁੱਕਾ ਸੀ। ਕੁੱਝ ਪਿੰਡ ਦੇ ਖੋਜੇ ਨੂੰ ਤੇ ਕੁੱਝ ਬਾਦਸ਼ਾਹ ਨੂੰ।

ਪਿਓ ਦੇ ਮਰਨ ਪਿੱਛੋਂ ਯੂਸਫ਼ ਦੀ ਮਾਂ ਨੇ ਉਸ ਨੂੰ ਕਿਹਾ, "ਹੁਣ ਸਾਡੇ ਕੋਲ਼ ਕੁੱਝ ਨਹੀਂ ਰਿਹਾ। ਹੁਣ ਤੂੰ ਸਿੱਧਾ ਬਾਦਸ਼ਾਹ ਕੋਲ਼ ਚਲਿਆ ਜਾ ਤੇ ਉਸ ਦੀ ਫ਼ੌਜ ਵਿੱਚ ਭਰਤੀ ਹੋ ਜਾ।"

ਯੂਸਫ਼ ਬੜਾ ਮੂਰਖ਼ ਤੇ ਮੂੰਹ-ਫੱਟ ਸੀ। ਉਹ ਅਜੇ ਬਾਰਾਂ ਵਰ੍ਹਿਆਂ ਦਾ ਸੀ ਤੇ ਉਸ ਨੂੰ ਗੱਲ ਕਰਨ ਦਾ ਸਲੀਕਾ ਨਹੀਂ ਸੀ। ਇਸ ਲਈ ਉਸ ਨੇ ਮਾਂ ਦੀ ਗੱਲ ਨਾ ਮੰਨੀ। ਉਲਟਾ ਕਹਿਣ ਲੱਗਾ, "ਵਾਹ, ਮੈਂ ਕਿਉਂ ਬਾਦਸ਼ਾਹ ਕੋਲ਼ ਜਾਵਾਂ ? ਬਾਦਸ਼ਾਹ ਆਪ ਕਿਉਂ ਨਾ ਮੇਰੇ ਕੋਲ਼ ਆਵੇ ? ਫ਼ੌਜ ਦੀ ਲੋੜ ਉਹਨੂੰ ਹੈ, ਮੈਨੂੰ ਨਹੀਂ।"

ਮਾਂ ਨੇ ਘਬਰਾ ਕੇ ਏਧਰ ਓਧਰ ਵੇਖਿਆ ਤੇ ਬੋਲੀ, "ਸ਼ਿ-ਸ਼ਿ.. ਹੌਲ਼ੀ ਗੱਲ ਕਰ। ਬਾਦਸ਼ਾਹ ਨੇ



ਸੁਣ ਲਿਆ ਤੇ ਜਾਨੋਂ ਮਾਰ ਸੁੱਟੇਗਾ।"

ਇੰਝ ਹੀ ਹੋਇਆ। ਇਹ ਗੱਲ ਬਾਦਸ਼ਾਹ ਦੇ ਕੰਨੀਂ ਅੱਪੜ ਗਈ, ਕਿਉਂਕਿ ਜੋ ਬਾਦਸ਼ਾਹ ਜ਼ੁਲਮ ਕਰਦਾ ਹੈ ਉਹ ਮੁਲਕ ਵਿੱਚ ਜਸੂਸ ਵੀ ਰੱਖਦਾ ਹੈ। ਜਿਉਂ ਹੀ ਉਸ ਨੂੰ ਪਤਾ ਲੱਗਾ ਕਿ ਯੂਸਫ਼ ਨੇ ਕੀ ਕਿਹਾ ਹੈ, ਉਹ ਆਪ ਯੂਸਫ਼ ਦੇ ਕੋਲ਼ ਆਇਆ। ਯੂਸਫ਼ ਨੇ ਆਪਣੇ ਬਾਦਸ਼ਾਹ ਨੂੰ ਇਸ ਤੋਂ ਪਹਿਲਾਂ ਕਦੀ ਨਹੀਂ ਸੀ ਵੇਖਿਆ। ਇਸ ਲਈ ਉਸ ਨੇ ਪੁੱਛਿਆ, "ਤੂੰ ਕੌਣ ਹੈਂ ?"

ਬਾਦਸ਼ਾਹ ਨੇ ਕਿਹਾ, "ਮੈਂ ਬ-ਬ-ਬ-ਬਾਦਸ਼ਾਹ ਸ-ਸ-ਸਲਾਮਤ ਹਾਂ।"

ਯੂਸਫ਼ ਨੇ ਹੱਸਦੇ ਹੋਏ ਕਿਹਾ, "ਤੂੰ ਤਾਂ ਥਥਲਾਂਦਾ ਏਂ। ਕੀ ਸਾਰੇ ਬਾਦਸ਼ਾਹ ਥਥਲੇ ਹੁੰਦੇ ਨੇ ?"

ਬਾਦਸ਼ਾਹ ਨੂੰ ਬਹੁਤ ਗੁੱਸਾ ਆਇਆ, ਪਰ ਉਸ ਵੇਲ਼ੇ ਉਸ ਨੂੰ ਫ਼ੌਜ ਲਈ ਆਦਮੀਆਂ ਦੀ ਲੋੜ ਸੀ। ਇਸ ਲਈ ਉਸ ਨੇ ਗੁੱਸਾ ਪੀ ਲਿਆ ਤੇ ਕਹਿਣ ਲੱਗਾ, "ਨਹੀਂ, ਕੁ-ਕੁ-ਕੁੱਝ ਥਥਲੇ ਹੁੰਦੇ ਹਨ, ਕੁੱਝ ਗ-ਗ-ਗੰਜੇ ਹੁੰਦੇ ਹਨ, ਕੁੱਝ ਕੁ ਬ-ਬ-ਬੋਲ਼ੇ ਹੁੰਦੇ ਹਨ। ਹਰ ਕਿਸੇ ਨੂੰ ਕੋ-ਕੋ-ਕੋ-ਕੋਈ ਬੀਮਾਰੀ ਜ਼ਰੂਰ ਹੁੰਦੀ ਹੈ।"

"ਤੈਨੂੰ ਕੀ ਬਿਮਾਰੀ ਹੈ ?" ਯੂਸਫ਼ ਨੇ ਪੁੱਛਿਆ।

"ਮੈਨੂੰ ਜ਼ੁਲਮ ਕਰਨ ਦੀ ਬਿਮਾਰੀ ਹੈ," ਬਾਦਸ਼ਾਹ ਨੇ ਥਥਲਾਂਦੇ ਹੋਏ ਕਿਹਾ।

ਮੈਂ ਕਿੱਥੋਂ ਤਾਈਂ ਉਸ ਦੇ ਥਥਲਾਉਣ ਦਾ ਬਿਆਨ ਕਰ ਸਕਦਾ ਹਾਂ। ਕਿਤੇ ਬਾਦਸ਼ਾਹ ਦੇ ਥਥਲਾਉਣ ਦਾ ਬਿਆਨ ਕਰਦੇ ਕਰਦੇ ਮੇਰੀ ਕਲਮ ਹੀ ਨਾ ਥਥਲਾਉਣ ਲੱਗ ਪਏ। ਇਸ ਲਈ ਹੁਣ ਸਾਫ਼ ਲਿਖਦਾ ਹਾਂ। ਜਿੱਥੇ ਬਾਦਸ਼ਾਹ ਦੀ ਗੱਲ ਆਏ, ਤੁਸੀਂ ਆਪ ਥਥਲਾ ਕੇ ਪੜ੍ਹੋ।



ਯੂਸਫ਼ ਨੇ ਕਿਹਾ, "ਤਾਂ ਕੀ ਮੇਰੇ 'ਤੇ ਵੀ ਜ਼ੁਲਮ ਕਰਨ ਆਇਆ ਹੈਂ ?

ਬਾਦਸ਼ਾਹ ਨੇ ਕਿਹਾ, "ਨਹੀਂ, ਨਹੀਂ, ਆਪਣੀ ਫ਼ੌਜ ਵਿੱਚ ਭਰਤੀ ਕਰਨ ਆਇਆ ਹਾਂ।"

"ਤਨਖਾਹ ਕੀ ਮਿਲ਼ੇਗੀ ?"

ਬਾਦਸ਼ਾਹ ਨੇ ਕਿਹਾ,"ਮੈਂ ਆਪਣੇ ਫ਼ੌਜੀਆਂ ਨੂੰ ਤਨਖ਼ਾਹ ਨਹੀਂ ਦਿੰਦਾ, ਲੁੱਟ ਵਿੱਚੋਂ ਚੌਥਾ ਹਿੱਸਾ ਦਿੰਦਾ ਹਾਂ।"

"ਲੁੱਟ ਕਿਹੀ ?"

"ਮੇਰੇ ਫ਼ੌਜੀ ਦੂਜੇ ਮੁਲਕਾਂ ਵਿੱਚ ਜਾਂਦੇ ਹਨ, ਲੁੱਟ-ਮਾਰ ਕਰਦੇ ਹਨ ਤੇ ਜੋ ਲੁੱਟ ਦਾ ਮਾਲ ਲਿਆਉਂਦੇ ਹਨ, ਉਸ ਵਿੱਚੋਂ ਚੌਥਾ ਹਿੱਸਾ ਉਹਨਾਂ ਨੂੰ ਦਿੰਦਾ ਹਾਂ। ਪਰ ਤੈਨੂੰ ਦਸਵਾਂ ਹਿੱਸਾ ਦਿਆਂਗਾ ਕਿਉਂਕਿ ਤੂੰ ਛੋਟਾ ਏਂ, ਸਿਰਫ਼ ਬਾਰਾਂ ਵਰ੍ਹਿਆਂ ਦਾ। ਜ਼ਿਆਦਾ ਲੁੱਟ-ਮਾਰ ਨਹੀਂ ਹੋਣੀ ਤੈਥੋਂ। ਛੇਤੀ ਦੱਸ, ਕੀ ਤੈਨੂੰ ਮੇਰੀ ਨੌਕਰੀ ਮਨਜ਼ੂਰ ਹੈ ? ਮੇਰੇ ਕੋਲ਼ ਵਧੇਰੇ ਸਮਾਂ ਨਹੀਂ।"

ਯੂਸਫ਼ ਨੇ ਸੋਚ ਕੇ ਪੁੱਛਿਆ,"ਦੂਜਿਆਂ ਮੁਲਕਾਂ ਵਿੱਚ ਵੀ ਆਦਮੀ ਰਹਿੰਦੇ ਹਨ ਨਾ ?"

"ਹਾਂ ਬਿਲਕੁਲ ਸਾਡੇ ਵਰਗੇ ਆਦਮੀ ਰਹਿੰਦੇ ਹਨ।"

ਯੂਸਫ਼ ਨੇ ਕਿਹਾ, "ਤਾਂ ਫੇਰ ਮੈਂ ਤੇਰੀ ਨੌਕਰੀ ਨਹੀਂ ਕਰ ਸਕਦਾ।"

ਬਾਦਸ਼ਾਹ ਨੇ ਆਕੜ ਕੇ ਕਿਹਾ, "ਜਾਣਦੈਂ, ਤੂੰ ਬਾਦਸ਼ਾਹ ਸਲਾਮਤ ਨਾਲ਼ ਗੱਲ ਕਰ ਰਿਹਾ ਏਂ ?"

ਯੂਸਫ਼ ਨੇ ਵੀ ਆਕੜ ਕੇ ਜਵਾਬ ਦਿੱਤਾ,"ਜਾਣਦੈਂ, ਤੂੰ ਇੱਕ ਚਮਾਰ ਦੇ ਪੁੱਤਰ ਨਾਲ਼ ਗੱਲ ਕਰ ਰਿਹਾ ਏਂ ?"

ਬਾਦਸ਼ਾਹ ਮੁਸਕਰਾਇਆ। ਉਸ ਨੇ ਸਮਝਿਆ ਕਿ ਮੁੰਡਾ ਮੂਰਖ਼ ਹੈ। ਹੁਣ ਉਸ ਨੇ ਦੂਜਾ ਤਰੀਕਾ ਸੋਚਿਆ। ਉਸ ਨੇ ਝੁੱਗੀ ਦੇ ਆਸੇ ਪਾਸੇ ਵੇਖਿਆ, ਸੋਹਣੇ ਬਗ਼ੀਚੇ ਵਿੱਚ ਖਿੜੇ ਹੋਏ ਅਤਿ ਸੋਹਣੇ ਫ਼ੁੱਲਾਂ ਨੂੰ ਵੇਖਿਆ ਤੇ ਕਹਿਣ ਲੱਗਾ,"ਤੇਰੇ ਬਗ਼ੀਚੇ ਦੇ ਫ਼ੁੱਲ ਬਹੁਤ ਸੋਹਣੇ ਹਨ।"

ਯੂਸਫ਼ ਇਹ ਸੁਣ ਕੇ ਬੜਾ ਖ਼ੁਸ਼ ਹੋਇਆ। ਕਹਿਣ ਲੱਗਾ,"ਜਿੰਨੇ ਫ਼ੁੱਲ ਚਾਹੇਂ ਲੈ ਲੈ।"

ਬਾਦਸ਼ਾਹ ਨੇ ਕਿਹਾ, "ਜਿਸ ਧਰਤੀ ਵਿੱਚ ਇਹ ਫ਼ੁੱਲ ਖਿੜਦੇ ਹਨ ਉਹ ਧਰਤੀ ਕਿੰਨੀ ਸੋਹਣੀ ਹੋਵੇਗੀ। ਮੈਂ ਇਹ ਧਰਤੀ ਕਿਉਂ ਨਾ ਲੈ ਲਵਾਂ ?"

ਇਹ ਕਹਿ ਕੇ ਬਾਦਸ਼ਾਹ ਨੇ ਤਾੜੀ ਵਜਾਈ। ਪੰਜਾਹ ਫ਼ੌਜੀ ਹਾਜ਼ਰ ਹੋ ਗਏ ਤੇ ਉਹਨਾਂ ਨੇ ਯੂਸਫ਼ ਦਾ ਬਗ਼ੀਚਾ ਜ਼ਬਤ ਕਰ ਲਿਆ। ਸਰਕਾਰ ਦੇ ਹੁਕਮ ਨਾਲ਼।

ਦੂਜੇ ਦਿਨ ਮਾਂ ਨੇ ਯੂਸਫ਼ ਨੂੰ ਕਿਹਾ,"ਹੁਣ ਤਾਂ ਬਗ਼ੀਚਾ ਵੀ ਹੱਥੋਂ ਗਿਆ। ਹੁਣ ਤਾਂ ਬਾਦਸ਼ਾਹ

ਦੀ ਪਲਟਣ ਵਿੱਚ ਭਰਤੀ ਹੋ ਜਾ।"

ਯੂਸਫ਼ ਨੇ ਕਿਹਾ, "ਮਾਂ, ਜੇ ਮੈਂ ਭਰਤੀ ਹੋ ਗਿਆ ਤਾਂ ਮੈਨੂੰ ਜ਼ੁਲਮ ਕਰਨ ਦੀ ਬਿਮਾਰੀ ਹੋ ਜਾਏਗੀ। ਕੀ ਤੂੰ ਚਾਹੁੰਦੀ ਏਂ ਕਿ ਤੇਰਾ ਪੁੱਤਰ ਬੀਮਾਰ ਹੋ ਜਾਏ?"

ਮਾਂ ਨੇ ਕੰਨਾਂ 'ਤੇ ਹੱਥ ਰੱਖ ਕੇ ਕਿਹਾ, "ਤੋਬਾ-ਤੋਬਾ, ਪੁੱਤਰ, ਮੈਂ ਤਾਂ ਦਿਨ ਰਾਤ ਤੇਰੀ ਸਿਹਤ ਲਈ ਸੁੱਖ ਮੰਗਦੀ ਹਾਂ।"

ਮਾਂ ਝੁੱਗੀ ਦੇ ਅੰਦਰ ਚਲੀ ਗਈ। ਯੂਸਫ਼ ਖ਼ੂਹ ਵਿੱਚੋਂ ਪਾਣੀ ਦਾ ਡੋਲ ਕੱਢ ਕੇ ਗਾਂ ਨੂੰ ਪਾਣੀ ਪਿਲਾਉਣ ਲੱਗਾ। ਉਸ ਵੇਲ਼ੇ ਉਸ ਨੂੰ ਆਪਣੇ ਬਗ਼ੀਚੇ ਵਿੱਚ, ਜੋ ਹੁਣ ਬਾਦਸ਼ਾਹ ਦਾ ਹੋ ਚੁੱਕਿਆ ਸੀ, ਸੋਹਣੇ ਕੱਪੜੇ ਪਾਈ ਇੱਕ ਕੁੜੀ ਦਿਸੀ। ਯੂਸਫ਼ ਨੇ ਪੁੱਛਿਆ,"ਤੂੰ ਕੌਣ ਏ?"

ਕੁੜੀ ਨੇ ਕਿਹਾ,"ਮੈਂ ਰਾਜਕੁਮਾਰੀ ਹਾਂ। ਮੈਂ ਆਪਣੇ ਨਵੇਂ ਬਗ਼ੀਚੇ ਦੀ ਸੈਰ ਕਰਨ ਆਈ ਹਾਂ। ਮੈਨੂੰ ਝੁਕ ਕੇ ਸਲਾਮ ਕਰ।"

"ਕਿਉਂ ਸਲਾਮ ਕਰਾਂ?" ਯੂਸਫ਼ ਨੇ ਪੁੱਛਿਆ।

ਰਾਜਕੁਮਾਰੀ ਨੇ ਆਕੜ ਕੇ ਕਿਹਾ, "ਮੈਂ ਰਾਜਕੁਮਾਰੀ ਹਾਂ।"

ਯੂਸਫ਼ ਨੇ ਆਕੜ ਕੇ ਕਿਹਾ, "ਮੈਂ ਚਮਾਰ ਦਾ ਪੁੱਤਰ ਹਾਂ।"

ਰਾਜਕੁਮਾਰੀ ਨੇ ਕਿਹਾ, "ਮੇਰੇ ਕੱਪੜੇ ਸੋਨੇ ਦੀਆਂ ਤਾਰਾਂ ਦੇ ਬਣੇ ਹੋਏ ਹਨ।"

ਯੂਸਫ਼ ਨੇ ਕਿਹਾ,"ਮੇਰੇ ਦੰਦ ਬੜੇ ਸਖ਼ਤ ਨੇ।"

ਰਾਜਕੁਮਾਰੀ ਬੋਲੀ, "ਮੈਂ ਰੋਜ਼ ਗਾਜਰ ਦਾ ਹਲਵਾ ਖਾਂਦੀ ਹਾਂ।"

ਯੂਸਫ਼ ਬੋਲਿਆ, "ਮੈਂ ਗਾਜਰਾਂ ਉਗਾਉਂਦਾ ਹਾਂ। ਕੀ ਤੂੰ ਗਾਜਰਾਂ ਉਗਾ ਸਕਦੀ ਹੈਂ?"

ਰਾਜਕੁਮਾਰੀ ਬੋਲੀ, "ਨਹੀਂ।"

ਯੂਸਫ਼ ਤਲਖ਼ ਹੋ ਕੇ ਕਹਿਣ ਲੱਗਾ,"ਤੂੰ ਸਿਰਫ਼ ਹਲਵਾ ਖਾ ਸਕਦੀ ਏਂ। ਖ਼ੈਰ ਦੱਸ, ਕੀ ਕੰਮ ਏ? ਕਿਉਂ ਆਈ ਏਂ?"

ਰਾਜਕੁਮਾਰੀ ਨੇ ਕਿਹਾ, "ਮੈਨੂੰ ਤ੍ਰੇਹ ਲੱਗੀ ਏ।"

ਯੂਸਫ਼ ਨੇ ਖ਼ੂਹ ਵਿੱਚੋਂ ਡੋਲ ਖਿੱਚਿਆ, ਤੇ ਰਾਜਕੁਮਾਰੀ ਨੂੰ ਪਾਣੀ ਪਿਲਾਇਆ। ਰਾਜਕੁਮਾਰੀ ਨੇ ਪਾਣੀ ਪੀ ਕੇ ਕਿਹਾ, "ਤੁਹਾਡੇ ਖ਼ੂਹ ਦਾ ਪਾਣੀ ਤਾਂ ਬੜਾ ਮਿੱਠਾ ਏ। ਅਜਿਹਾ ਪਾਣੀ ਤਾਂ ਮੈਂ ਜ਼ਿੰਦਗੀ ਵਿੱਚ ਕਦੀ ਨਹੀਂ ਪੀਤਾ।"

ਯੂਸਫ਼ ਨੇ ਖ਼ੁਸ਼ ਹੋ ਕੇ ਕਿਹਾ, "ਰੋਜ਼ ਇੱਥੇ ਆ ਜਾਇਆ ਕਰੇਂ ਤਾਂ ਮੈਂ ਰੋਜ਼ ਤੈਨੂੰ ਏਸ ਖ਼ੂਹ ਦਾ ਪਾਣੀ ਪਿਲਾ ਦਿਆਂਗਾ।"

"ਜੇ ਇਹ ਪਾਣੀ ਮਿੱਠਾ ਏ ਤਾਂ ਇਹ ਖ਼ੂਹ ਕਿੰਨਾ ਮਿੱਠਾ ਹੋਵੇਗਾ ਜਿਸ ਵਿੱਚੋਂ ਇਹ ਪਾਣੀ ਨਿੱਕਲ਼ਦਾ ਏ। ਮੈਂ ਏਸ ਖ਼ੂਹ ਨੂੰ ਹੀ ਕਿਉਂ ਨਾ ਲੈ ਲਵਾਂ।"

ਰਾਜਕੁਮਾਰੀ ਨੇ ਤਾੜੀ ਵਜਾਈ। ਪੰਜਾਹ ਫ਼ੌਜੀ ਹਾਜ਼ਰ ਹੋ ਗਏ ਤੇ ਉਹਨਾਂ ਨੇ ਖ਼ੂਹ ਨੂੰ ਜ਼ਬਤ ਕਰ ਲਿਆ। ਸਰਕਾਰ ਦੇ ਹੁਕਮ ਨਾਲ਼।

ਤੀਜੇ ਦਿਨ ਮਾਂ ਨੇ ਫੇਰ ਯੂਸਫ਼ ਨੂੰ ਕਿਹਾ, "ਪੁੱਤਰ ਹੁਣ ਤਾਂ ਤੂੰ ਫ਼ੌਜ ਵਿੱਚ ਭਰਤੀ ਹੋ ਜਾ, ਨਹੀਂ ਤਾਂ ਅਸੀਂ ਭੁੱਖੇ ਮਰ ਜਾਵਾਂਗੇ।"

ਯੂਸਫ਼ ਨੇ ਕਿਹਾ, "ਮਾਂ ਹਾਲੀਂ ਤਾਂ ਇਹ ਗਾਂ ਬਾਕੀ ਹੈ। ਮੈਂ ਇਸ ਨੂੰ ਪਿੰਡ ਦੇ ਖੋਜੇ ਕੋਲ਼ ਵੇਚ ਆਉਂਦਾ ਹਾਂ। ਜੋ ਰਕਮ ਮਿਲ਼ੇਗੀ, ਉਸ ਨਾਲ਼ ਕੁੱਝ ਦਿਨ ਰੋਟੀ ਖਾ ਲਵਾਂਗੇ। ਫੇਰ ਵੇਖਾਂਗੇ ਕੀ ਹੁੰਦਾ ਹੈ ?"

ਮਾਂ ਰੋਣ ਲੱਗੀ। ਗਾਂ ਉਸ ਨੂੰ ਬਹੁਤ ਪਿਆਰੀ ਸੀ। ਪਰ ਭੁੱਖ ਦਾ ਕੀ ਇਲਾਜ ? ਯੂਸਫ਼ ਗਾਂ ਨੂੰ ਖੋਲ੍ਹ ਕੇ ਪਿੰਡ ਦੇ ਖੋਜੇ ਕੋਲ਼ ਲੈ ਗਿਆ। ਖੋਜੇ ਨੇ ਪੁੱਛਿਆ, "ਗਾਂ ਕਿੰਨਾ ਦੁੱਧ ਦਿੰਦੀ ਹੈ ?"

"ਤਿੰਨ ਸੇਰ ਦਿੰਦੀ ਹੈ। ਦੁੱਧ ਬੜਾ ਚੰਗਾ ਹੈ। ਪੀ ਕੇ ਵੇਖ ਲੈ।"

"ਪੀ ਚੁੱਕਿਆ ਹਾਂ। ਜਦ ਤੇਰਾ ਪਿਓ ਜੀਉਂਦਾ ਸੀ, ਤਦ ਦੀ ਗੱਲ ਹੈ। ਗਾਂ ਬਹੁਤ ਚੰਗੀ ਹੈ, ਪਰ ਦੁੱਧ ਘੱਟ ਦਿੰਦੀ ਹੈ। ਸਿਰਫ਼ ਤਿੰਨ ਸੇਰ ਦੁੱਧ ਦਿੰਦੀ ਹੈ, ਇਸ ਲਈ ਏਸ ਗਾਂ ਦੇ ਤੈਨੂੰ ਤਿੰਨ ਰੁਪਈਏ ਮਿਲ਼ਣਗੇ।"

"ਸਿਰਫ਼ ਤਿੰਨ ਰੁਪਈਏ ?" ਯੂਸਫ਼ ਨੇ ਹੈਰਾਨ ਹੋ ਕੇ ਪੁੱਛਿਆ।

"ਹਾਂ," ਖੋਜੇ ਨੇ ਕਿਹਾ, "ਇੱਕ ਸੇਰ ਦੁੱਧ ਦਾ ਇੱਕ ਰੁਪਈਆ ਹੁੰਦਾ ਹੈ ਨਾ ? ਇਸ ਹਿਸਾਬ ਨਾਲ਼ ਤਿੰਨ ਸੇਰ ਦੁੱਧ ਦੇ ਤਿੰਨ ਰੁਪਈਏ ਹੋਏ। ਜੇ ਤੇਰੀ ਗਾਂ ਚਾਲ਼ੀ ਸੇਰ ਦੁੱਧ ਦਿੰਦੀ ਹੁੰਦੀ ਤਾਂ ਤੈਨੂੰ ਚਾਲ਼ੀ ਰੁਪਈਏ ਮਿਲ਼ਦੇ। ਪਰ ਮੈਂ ਕੀ ਕਰਾਂ, ਤੇਰੀ ਗਾਂ ਤਿੰਨ ਹੀ ਸੇਰ ਦੁੱਧ ਦਿੰਦੀ ਹੈ। ਇਹ ਤਿੰਨ ਰੁਪਈਏ ਲੈ ਜਾ। ਹਿਸਾਬ ਬਿਲਕੁਲ ਠੀਕ ਹੈ।"

ਯੂਸਫ਼ ਵਿਚਾਰੇ ਨੂੰ ਹਿਸਾਬ ਕਿੱਥੇ ਆਉਂਦਾ ਸੀ, ਬੋਲਿਆ,"ਚਾਚਾ, ਇਸ ਨਾਲ਼ ਤਾਂ ਮੇਰੇ ਘਰ ਦਾ ਕੰਮ ਨਹੀਂ ਚੱਲਣਾ।"

ਖੋਜੇ ਨੇ ਕਿਹਾ, "ਤਾਂ ਇਹ ਤਿੰਨ ਦਾਣੇ ਲੈ ਜਾ।"

"ਇਹ ਦਾਣੇ ਕਿਹੇ ਹਨ ?"

"ਜਾਦੂ ਦੇ ਹਨ। ਇੱਕ ਜਾਦੂਗਰ ਨੇ ਮੇਰਾ ਕਰਜ਼ਾ ਦੇਣਾ ਸੀ। ਉਹ ਦੇ ਗਿਆ ਸੀ। ਕਹਿੰਦਾ ਸੀ, ਇਹਨਾਂ ਤਿੰਨਾਂ ਦਾਣਿਆਂ ਨੂੰ ਜੋ ਕੋਈ ਧਰਤੀ ਵਿੱਚ ਬੀਜੇਗਾ, ਉਸ ਦੀ ਜ਼ਮੀਨ ਵਿੱਚ ਦੂਜੇ ਹੀ ਦਿਨ ਇੱਕ ਜਾਦੂ ਦਾ ਰੁੱਖ ਉੱਗੇਗਾ ਜੋ ਅਸਮਾਨ ਵੱਲ ਵਧਦਾ ਹੀ ਵਧਦਾ ਜਾਏਗਾ, ਏਥੋਂ ਤੱਕ ਕਿ ਬਿਲਕੁਲ

ਅਸਮਾਨ ਤੀਕ ਅੱਪੜ ਜਾਏਗਾ। ਫੇਰ ਤੂੰ ਏਸ ਰੁੱਖ 'ਤੇ ਚੜ੍ਹ ਕੇ ਅਸਮਾਨ ਤੱਕ ਜਾ ਸਕਦਾ ਹੈਂ। ਪਰ ਸ਼ਰਤ ਇਹ ਹੈ ਇਹਨਾਂ ਤਿੰਨਾਂ ਜਾਦੂ ਦੇ ਦਾਣਿਆਂ ਨੂੰ ਇੱਕੋ ਥਾਂ ਬੀਜੇਂ।"

"ਯੂਸਫ਼ ਹੈਰਾਨ ਹੋਇਆ ਖੋਜੇ ਦੀਆਂ ਗੱਲਾਂ ਸੁਣਦਾ ਰਿਹਾ। ਅਖ਼ੀਰ ਖੋਜੇ ਨੇ ਕਿਹਾ, "ਤਾਂ ਬੋਲ, ਕੀ ਲੈਣਾ ਹੈ, ਤਿੰਨ ਰੁਪਈਏ ਜਾਂ ਇਹ ਤਿੰਨ ਦਾਣੇ ?"

ਯੂਸਫ਼ ਨੇ ਝਬਦੇ ਤਿੰਨਾਂ ਦਾਣਿਆਂ ਨੂੰ ਆਪਣੀ ਮੁੱਠ ਵਿੱਚ ਘੁੱਟ ਲਿਆ ਤੇ ਆਪਣੇ ਘਰ ਵੱਲ ਦੌੜਿਆ। ਖੋਜਾ ਦੌੜਦੇ ਹੋਏ ਯੂਸਫ਼ ਨੂੰ ਵੇਖ ਕੇ ਮੁਸਕਰਾਇਆ। ਬੋਲਿਆ,"ਚੰਗਾ ਉੱਲੂ ਬਣਾਇਆ ਗਧੇ ਨੂੰ।"

ਯੂਸਫ਼ ਜਦ ਦੌੜਦਾ ਹੋਇਆ ਘਰ ਪੁੱਜਾ ਤਾਂ ਮਾਂ ਨੇ ਕਿਹਾ, "ਰੁਪਈਏ ਲਿਆਂਦੇ ?"

ਯੂਸਫ਼ ਨੇ ਕਿਹਾ, "ਮੈਂ ਤਾਂ ਜਾਦੂ ਦੇ ਦਾਣੇ ਲਿਆਇਆ ਹਾਂ।"

ਮਾਂ ਨੇ ਸਿਰ ਪਿੱਟ ਲਿਆ। ਬੋਲੀ,"ਸਾਰੀ ਉਮਰ ਅੰਞਾਣਾ ਹੀ ਰਹੇਂਗਾ ਜਾਂ ਕਦੀ ਅਕਲ ਦੀ ਗੱਲ ਵੀ ਕਰੇਂਗਾ ? ਇਹਨਾਂ ਦਾਣਿਆਂ ਦਾ ਕੀ ਬਣੇਗਾ ? ਰੁਪਈਏ ਲਿਆਂਦੇ ਹੁੰਦੇ ਤਾਂ ਚਾਰ ਦਿਨ ਰੋਟੀ ਤਾਂ ਖਾਂਦੇ। ਕਿਹੋ ਜਿਹਾ ਮੂਰਖ਼ ਹੈ ਮੇਰਾ ਪੁੱਤਰ !"

ਯੂਸਫ਼ ਨੇ ਕਿਹਾ, "ਇਹ ਤਿੰਨ ਦਾਣੇ ਜਾਦੂ ਦੇ ਹਨ। ਇਹਨਾਂ ਨੂੰ ਬਾਹਰ ਬਗ਼ੀਚੇ ਵਿੱਚ ਬੀਜਾਂਗਾ ਤਾਂ ਇਹਨਾਂ ਵਿੱਚੋਂ ਇੱਕ ਜਾਦੂ ਦਾ ਰੁੱਖ ਉੱਗੇਗਾ ਜੋ ਅਸਮਾਨ ਤੱਕ ਜਾਏਗਾ। ਫੇਰ ਏਸ ਰੁੱਖ 'ਤੇ ਚੜ੍ਹ ਕੇ ਅਸਮਾਨ ਤੱਕ ਜਾਵਾਂਗਾ।

ਮਾਂ ਨੇ ਕਿਹਾ, "ਅਸਮਾਨ 'ਤੇ ਜਾ ਕੇ ਕੀ ਕਰੇਂਗਾ ?"

ਪੁੱਤਰ ਨੇ ਕਿਹਾ—"ਤੇਰੇ ਲਈ ਅਸਮਾਨ ਦੇ ਤਾਰੇ ਤੋੜ ਕੇ ਲਿਆਵਾਂਗਾ।"

ਮਾਂ ਨੇ ਸਿਰ ਹਿਲਾ ਕੇ ਕਿਹਾ, "ਕਿਹੋ ਜਿਹੇ ਸੁਪਨੇ ਵੇਖਦਾ ਹੈ ਮੇਰਾ ਪੁੱਤਰ। ਇਸ ਨੂੰ ਖੋਜੇ ਨੇ ਠੱਗ ਲਿਆ ਹੈ। ਜਾਂਦੀ ਹਾਂ, ਗਵਾਂਢੀਆਂ ਦੇ ਘਰੋਂ ਕੁੱਝ ਮੰਗ ਕੇ ਲਿਆਉਂਦੀ ਹਾਂ।"

ਜਦ ਮਾਂ ਚਲੀ ਗਈ ਤਾਂ ਯੂਸਫ਼ ਨੇ ਮੁੱਠੀ ਖੋਲ੍ਹੀ ਤੇ ਦਾਣਿਆਂ ਨੂੰ ਬਾਹਰ ਬਗ਼ੀਚੇ ਦੀ ਘਾਹ ਉੱਤੇ ਰੱਖ ਕੇ ਇੱਕ ਥਾਂ ਧਰਤੀ ਪੁੱਟਣ ਲੱਗਾ ਤਾਂ ਜੋ ਇਹਨਾਂ ਦਾਣਿਆਂ ਨੂੰ ਬੀਜਿਆ ਜਾਵੇ। ਏਨੇ ਵਿੱਚ ਇੱਕ ਕਾਂ, ਕਾਂ-ਕਾਂ ਕਰਦਾ ਆਇਆ ਤੇ ਦੋ ਦਾਣੇ ਚੁੱਕ ਕੇ ਲੈ ਗਿਆ। ਯੂਸਫ਼ ਬੜਾ ਪ੍ਰੇਸ਼ਾਨ ਹੋਇਆ ਕਿਉਂਕਿ ਖੋਜੇ ਨੇ ਕਿਹਾ ਸੀ ਕਿ ਤਿੰਨੋਂ ਦਾਣੇ ਇਕੱਠੇ ਬੀਜੇ ਜਾਣ ਨਹੀਂ ਤਾਂ ਜਾਦੂ ਦਾ ਅਸਰ ਨਹੀਂ ਹੋਣਾ। ਯੂਸਫ਼ ਬੜਾ ਦੁਖੀ ਹੋਇਆ ਤੇ ਰੋਣ ਲੱਗਾ। ਗਾਂ ਵੀ ਗਈ, ਰੁਪਏ ਵੀ ਗਏ ਤੇ ਅਖ਼ੀਰ ਜਾਦੂ ਦੇ ਦਾਣੇ ਵੀ ਗਏ। ਉਸ ਕੋਲ਼ ਸਿਰਫ਼ ਇੱਕ ਦਾਣਾ ਰਹਿ ਗਿਆ ਸੀ। ਹੁਣ ਉਹ ਕੀ ਕਰੇ ? ਅੰਤ ਉਸ ਨੇ ਸੋਚਿਆ, ਜੋ ਹੋਏਗਾ ਦੇਖਿਆ ਜਾਏਗਾ। ਜਾਦੂ ਦਾ ਰੁੱਖ ਨਾ ਸਹੀ, ਕੋਈ ਬੂਟਾ ਤਾਂ ਉੱਗੇਗਾ। ਇਹ ਸੋਚ ਕੇ ਉਸ ਨੇ

ਦਾਣੇ ਨੂੰ ਬਗ਼ੀਚੇ ਦੀ ਨਰਮ ਤੇ ਭੁਰਭੁਰੀ ਮਿੱਟੀ ਵਿੱਚ ਬੀਜ ਦਿੱਤਾ ਤੇ ਝੁੱਗੀ ਵਿੱਚ ਜਾ ਕੇ ਅਰਾਮ ਨਾਲ਼ ਸੌਂ ਗਿਆ।

ਰਾਤ ਨੂੰ ਬੱਦਲ ਬੜੇ ਜ਼ੋਰ ਨਾਲ਼ ਗਰਜਿਆ ਤੇ ਬਿਜਲੀ ਵੀ ਲਹਿਰਾ ਲਹਿਰਾ ਕੇ ਚਮਕਦੀ ਰਹੀ। ਮੀਂਹ, ਤੂਫ਼ਾਨ ਤੇ ਝੱਖੜ ਨੇ ਰਾਤ ਭਰ ਯੂਸਫ਼ ਨੂੰ ਸੌਣ ਨਾ ਦਿੱਤਾ। ਰਾਤ ਨੂੰ ਕਈ ਵਾਰ ਉੱਠ ਕੇ ਉਸ ਨੇ ਬਿਜਲੀ ਦੀ ਰੌਸ਼ਨੀ ਵਿੱਚ ਬਗ਼ੀਚੇ ਵੱਲ ਦੇਖਿਆ, ਪਰ ਉਸ ਨੂੰ ਕਿਤੇ ਜਾਦੂ ਦਾ ਰੁੱਖ ਨਜ਼ਰੀਂ ਨਾ ਪਿਆ। ਜਦ ਸਵੇਰ ਹੋਈ ਤੇ ਤੂਫ਼ਾਨ ਹੌਲ਼ਾ ਹੋਇਆ ਤਾਂ ਯੂਸਫ਼ ਦੌੜ ਕੇ ਬਗ਼ੀਚੇ ਵਿੱਚ ਗਿਆ। ਤੂਫ਼ਾਨ ਨੇ ਬਗ਼ੀਚੇ ਦੇ ਬਹੁਤ ਸਾਰੇ ਬੂਟੇ ਪੁੱਟ ਸੁੱਟੇ ਸਨ। ਬਹੁਤ ਸਾਰੇ ਰੁੱਖ ਡਿੱਗ ਪਏ ਸਨ ਤੇ ਜਿੱਥੇ ਉਸ ਨੇ ਜਾਦੂ ਦਾ ਦਾਣਾ ਬੀਜਿਆ ਸੀ, ਉੱਥੋਂ ਧਰਤੀ ਬਿਜਲੀ ਡਿੱਗਣ ਕਰਕੇ ਪਾਟ ਗਈ ਸੀ ਤੇ ਉੱਥੇ ਇੱਕ ਡੂੰਘਾ ਟੋਆ ਦਿਸ ਰਿਹਾ ਸੀ, ਪਰ ਜਾਦੂ ਦਾ ਰੁੱਖ ਜਿਸ ਨੇ ਅਸਮਾਨ ਵੱਲ ਉੱਚਾ ਉੱਠਣਾ ਸੀ, ਉੱਥੇ ਕਿਤੇ ਵੀ ਨਹੀਂ ਸੀ। ਯੂਸਫ਼ ਬੜਾ ਨਿਰਾਸ਼ ਹੋਇਆ। ਉਸ ਦੀ ਮਾਂ ਵੀ ਰੋਣ ਲੱਗੀ। ਓਸੇ ਵੇਲ਼ੇ ਜਦ ਯੂਸਫ਼ ਨੇ ਧਰਤੀ ਵਿੱਚ ਬਣੇ ਟੋਏ ਵਿੱਚ ਧਿਆਨ ਨਾਲ਼ ਵੇਖਿਆ ਤਾਂ ਉੱਥੇ ਇੱਕ ਬਹੁਤ ਵੱਡਾ ਰੁੱਖ ਉੱਗਿਆ ਹੋਇਆ ਸੀ, ਪਰ ਉਹ ਉਲਟਾ ਉੱਗਿਆ ਹੋਇਆ ਸੀ। ਇਹ ਰੁੱਖ ਬਜਾਏ ਅਸਮਾਨ ਵੱਲ ਜਾਣ ਦੇ ਧਰਤੀ ਦੇ ਅੰਦਰ ਹੀ ਅੰਦਰ ਜਿੱਥੇ ਤੀਕ ਯੂਸਫ਼ ਦੀ ਨਜ਼ਰ ਜਾਂਦੀ ਸੀ, ਚਲਾ ਗਿਆ ਸੀ। ਕਈ ਮੀਲ ਹੇਠਾਂ ਜਾ ਕੇ ਇਹ ਰੁੱਖ ਹਨੇਰੇ ਵਿੱਚ ਗਵਾਚ ਜਾਂਦਾ ਸੀ।

ਮਾਂ ਨੇ ਹੱਥ ਮਲ਼ਦੇ ਹੋਏ ਕਿਹਾ, "ਅਫ਼ਸੋਸ, ਰੁੱਖ ਉਲਟਾ ਉੱਗ ਆਇਆ। ਜਾਣਾ ਸੀ ਉੱਪਰ ਅਸਮਾਨ ਵੱਲ, ਚਲਾ ਗਿਆ ਹੇਠਾਂ ਧਰਤੀ ਦੇ ਅੰਦਰ। ਇਹ ਸਭ ਉਸ ਖੋਜੇ ਦੀ ਕਾਰਸਤਾਨੀ ਹੈ।"

ਯੂਸਫ਼ ਉਸ ਟੋਏ ਵਿੱਚ ਉੱਤਰ ਗਿਆ। ਉਸ ਨੇ ਰੁੱਖ ਦੇ ਤਣੇ ਦੇ ਆਲ਼ੇ-ਦੁਆਲ਼ੇ ਆਪਣੀਆਂ ਬਾਹਾਂ ਵਲ਼ ਲਈਆਂ ਤੇ ਮਾਂ ਨੂੰ ਕਹਿਣ ਲੱਗਾ, "ਉਲਟਾ ਉੱਗਿਆ ਹੈ ਜਾਂ ਸਿੱਧਾ, ਮੈਂ ਤਾਂ ਹੁਣ ਇਸ ਰੁੱਖ 'ਤੇ ਚੜ੍ਹ ਕੇ ਦੇਖਦਾ ਹਾਂ ਕਿ ਇਹ ਕਿੱਥੇ ਜਾਂਦਾ ਹੈ?"

ਮਾਂ ਤਰਲਾ ਕਰਕੇ ਬੋਲੀ, "ਨਾ ਪੁੱਤਰ, ਧਰਤੀ ਦੇ ਅੰਦਰ ਨਾ ਜਾ। ਅੰਦਰ ਬੜਾ ਹਨੇਰਾ ਹੈ। ਪਤਾ ਨਹੀਂ ਕੀ ਹੋਵੇ, ਕੀ ਨਾ ਹੋਵੇ। ਮੈਨੂੰ ਤਾਂ ਅੱਗੇ ਹਨੇਰਾ ਹੀ ਹਨੇਰਾ ਦਿਸਦਾ ਹੈ।"

ਪਰ ਯੂਸਫ਼ ਨੇ ਉਸ ਦੀ ਗੱਲ ਨਾ ਸੁਣੀ। ਉਹ ਛੇਤੀ-ਛੇਤੀ ਰੁੱਖ ਦੇ ਤਣੇ 'ਤੇ ਚੜ੍ਹਦਾ ਹੋਇਆ ਧਰਤੀ ਅੰਦਰ ਉੱਤਰ ਗਿਆ। ਕੁੱਝ ਦੂਰ ਤਾਂ ਸੂਰਜ ਦੀ ਰੌਸ਼ਨੀ ਉਸ ਦੇ ਨਾਲ਼ ਰਹੀ ਤੇ ਉਹ ਚਾਨਣੇ ਵਿੱਚ ਰੁੱਖ ਦੀਆਂ ਡਾਲ਼ਾਂ 'ਤੇ ਚੜ੍ਹਦਾ ਰਿਹਾ। ਪਰ ਅੱਗੇ ਜਾ ਕੇ ਰੌਸ਼ਨੀ ਆਉਣੀ ਬੰਦ ਹੋ ਗਈ ਤੇ ਉਹ ਹਨੇਰੇ ਵਿੱਚ ਰੁੱਖ ਦੀਆਂ ਡਾਲ਼ਾਂ ਨੂੰ ਟੋਹ ਟੋਹ ਕੇ ਅੱਗੇ ਵਧਣ ਲੱਗਾ।

2.

ਕੁੱਝ ਦੂਰ ਅੱਗੇ ਜਾ ਕੇ ਏਨਾ ਘੁੱਪ ਹਨੇਰਾ ਛਾ ਗਿਆ ਕਿ ਉਸ ਨੂੰ ਉੱਕਾ ਹੀ ਦਿਸਣੋਂ ਬੰਦ ਹੋ ਗਿਆ। ਏਥੇ ਉਸ ਦੇ ਕੰਨਾਂ ਵਿੱਚ ਭਾਂਤ ਭਾਂਤ ਦੀਆਂ ਅਵਾਜ਼ਾਂ ਆਉਣ ਲੱਗੀਆਂ,"ਮਾਰੋ, ਮਾਰੋ, ਜਾਣੇ ਨਾ ਪਾਏ, ਬਗ਼ਾਵਤ ਕਰ ਦਿਓ, ਅੱਗ ਲਾ ਦਿਓ, ਲੁਟੇਰਿਆਂ ਨੂੰ ਲੁੱਟ ਲਵੋ।"

ਯੂਸਫ਼ ਬਹੁਤ ਘਬਰਾਇਆ। ਉਸ ਨੇ ਹੱਥ ਨਾਲ਼ ਟੋਹਿਆ ਤਾਂ ਰੁੱਖ ਦੇ ਕੋਲ਼ ਉਸ ਨੂੰ ਇੱਕ ਪੌੜੀ ਮਿਲ਼ੀ। ਯੂਸਫ਼ ਨੇ ਰੁੱਖ ਛੱਡ ਦਿੱਤਾ ਤੇ ਪੌੜੀ ਚੜ੍ਹਨ ਲੱਗਾ। ਪੌੜੀ 'ਤੇ ਚੜ੍ਹਦਾ ਚੜ੍ਹਦਾ ਉਹ ਇੱਕ ਬੂਹੇ ਕੋਲ਼ ਜਾ ਪੁੱਜਾ। ਬੂਹੇ 'ਤੇ ਦਸਤਕ ਦਿੱਤੀ। ਬੂਹਾ ਖੁੱਲ੍ਹ ਗਿਆ ਤੇ ਉਸ ਨੇ ਦੇਖਿਆ ਕਿ ਉਹ ਇੱਕ ਬਹੁਤ ਵੱਡੇ ਗੁੰਬਦ ਦੇ ਥੱਲੇ ਖੜੋਤਾ ਹੈ। ਚੌਹੀਂ ਪਾਸੀਂ ਲੋਹੇ ਦੀਆਂ ਸੀਖਾਂ ਸਨ ਤੇ ਇੱਕ ਆਲ਼ੇ ਵਿੱਚ ਇੱਕ ਮੋਮਬੱਤੀ ਜਲ਼ ਰਹੀ ਸੀ। ਗੁੰਬਦ ਵਿੱਚ ਕੋਈ ਨਹੀਂ ਸੀ। ਫੇਰ ਵੀ ਇੰਝ ਲੱਗਦਾ ਸੀ ਜਿਵੇਂ ਹਜ਼ਾਰਾਂ ਅਵਾਜ਼ਾਂ ਇੱਕ ਦੂਜੀ ਨਾਲ਼ ਲੜ ਰਹੀਆਂ ਸਨ।

"ਕੌਣ ਹੈ ?" ਯੂਸਫ਼ ਗੁੰਬਦ ਦੇ ਥੱਲੇ ਖੜ੍ਹਾ ਹੋ ਕੇ ਉੱਚੀ ਅਵਾਜ਼ ਵਿੱਚ ਬੋਲਿਆ।

ਯੂਸਫ਼ ਦੀ ਅਵਾਜ਼ ਗੁੰਬਦ ਵਿੱਚ ਹੀ ਗੂੰਜੀ ਤੇ ਫੇਰ ਜਵਾਬ ਵਿੱਚ ਹਜ਼ਾਰਾਂ ਅਵਾਜ਼ਾਂ ਸੁਣਾਈ ਦਿੱਤੀਆਂ। ਯੂਸਫ਼ ਦੇ ਸਰੀਰ ਦੇ ਲੂੰ ਖੜ੍ਹੇ ਹੋ ਗਏ, ਪਰ ਉਹ ਹਿੰਮਤ ਹਾਰਨ ਵਾਲ਼ਾ ਨਹੀਂ ਸੀ। ਉਸ ਨੇ ਉੱਚੀ ਅਵਾਜ਼ ਵਿੱਚ ਕਿਹਾ, "ਜੋ ਹੱਸਦਾ ਹੈ, ਉਹ ਸਾਹਮਣੇ ਆ ਜਾਏ।"

ਜਵਾਬ ਵਿੱਚ ਫੇਰ ਜ਼ੋਰ ਜ਼ੋਰ ਦੀ ਹੱਸਣ ਦੀਆਂ ਅਵਾਜ਼ਾਂ ਆਈਆਂ ਤੇ ਨਾਹਰੇ ਉੱਚੇ ਹੋਏ, ਜਿਵੇਂ ਹਜ਼ਾਰਾਂ ਲੱਖਾਂ ਜਲੂਸ ਇਕੱਠੇ ਤੁਰ ਰਹੇ ਹੋਣ। ਹਾਲੀ ਇਹ ਅਵਾਜ਼ਾਂ ਆ ਹੀ ਰਹੀਆਂ ਸਨ ਕਿ ਉਸ ਦੇ ਬਿਲਕੁਲ ਨੇੜਿਓਂ ਇੱਕ ਮੱਧਮ ਜਿਹੀ ਅਵਾਜ਼ ਆਈ। ਇਸ ਅਵਾਜ਼ ਨੇ ਕਿਹਾ, "ਜਾਣਦਾ ਏਂ ਤੂੰ ਕਿੱਥੇ ਹੈਂ ?"

"ਨਹੀਂ," ਯੂਸਫ਼ ਨੇ ਸਿਰ ਹਿਲਾ ਕੇ ਕਿਹਾ।


"ਇਹ ਅਵਾਜ਼ਾਂ ਦਾ ਕਬਰਸਤਾਨ ਹੈ।"

"ਅਵਾਜ਼ਾਂ ਦਾ ?"

"ਹਾਂ," ਉਸ ਮੱਧਮ ਅਵਾਜ਼ ਨੇ ਕਿਹਾ, "ਇਹ ਸਾਰੀਆਂ ਅਵਾਜ਼ਾਂ ਉਹਨਾਂ ਆਦਮੀਆਂ, ਕਵੀਆਂ, ਸਿਆਸਤਦਾਨਾਂ ਦੀਆਂ ਹਨ ਜਿਨ੍ਹਾਂ ਨੂੰ ਸਾਡੇ ਬਾਦਸ਼ਾਹ ਨੇ ਜਾਂ ਤਾਂ ਕਤਲ ਕਰ ਦਿੱਤਾ ਹੈ, ਜਾਂ ਜੇਲ੍ਹ ਵਿੱਚ ਪਾ ਦਿੱਤਾ ਹੈ, ਕਿਉਂਕਿ ਉਹ ਇਸ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਉਠਾਂਦੇ ਸਨ।"

"ਫੇਰ ?" ਯੂਸਫ਼ ਨੇ ਪੁੱਛਿਆ।

"ਫੇਰ ਇਹ ਹੋਇਆ ਕਿ ਕਤਲ ਕਰਨ ਮਗਰੋਂ ਵੀ ਤੇ ਜੇਲ੍ਹ ਵਿੱਚ ਬੰਦ ਕਰਨ 'ਤੇ ਵੀ ਇਹਨਾਂ



ਕਵੀਆਂ, ਲਿਖਾਰੀਆਂ ਤੇ ਸਿਆਸਤਦਾਨਾਂ ਦੀ ਅਵਾਜ਼ ਨਹੀਂ ਰੁਕੀ ਤੇ ਮੁਲਕ ਵਿੱਚ ਗੂੰਜਦੀ ਰਹੀ। ਇਸ ਲਈ ਬਾਦਸ਼ਾਹ ਨੇ ਸਾਰੀਆਂ ਅਵਾਜ਼ਾਂ ਨੂੰ ਵੀ ਫੜ ਲਿਆ ਤੇ ਇਸ ਗੁੰਬਦ ਵਿੱਚ ਬੰਦ ਕਰ ਦਿੱਤਾ ਹੈ। ਉਸ ਦਾ ਇਹ ਖ਼ਿਆਲ ਹੈ ਕਿ ਇਹ ਅਵਾਜ਼ਾਂ ਸਦਾ ਲਈ ਦਬਾ ਦਿੱਤੀਆਂ ਗਈਆਂ ਹਨ ਤੇ ਉਸ ਨੂੰ ਸਾਡੇ ਕੋਲ਼ੋਂ ਕੋਈ ਡਰ ਨਹੀਂ ਰਿਹਾ, ਹਾ-ਹਾ-ਹਾ ਬਾਦਸ਼ਾਹ ਕੇਡਾ ਮੂਰਖ਼ ਹੈ।"


ਯੂਸਫ਼ ਨੇ ਪੁੱਛਿਆ,"ਕਿਉਂ ?"

"ਕਿਉਂਕਿ ਅਸੀਂ ਸਾਰੀਆਂ ਅਵਾਜ਼ਾਂ ਨੇ ਮਿਲ਼ ਕੇ ਏਸ ਗੁੰਬਦ ਦੇ ਅੰਦਰ ਇੱਕ ਸੁਰੰਗ ਤਿਆਰ ਕੀਤੀ ਹੈ। ਤੈਨੂੰ ਪਤਾ ਹੈ ਇਹ ਸੁਰੰਗ ਬਾਦਸ਼ਾਹ ਦੇ ਮਹੱਲ ਤੱਕ ਜਾਂਦੀ ਹੈ। ਇਹ ਗੁੰਬਦ, ਇਹ ਅਵਾਜ਼ਾਂ ਦਾ ਕਬਰਸਤਾਨ ਬਿਲਕੁਲ ਬਾਦਸ਼ਾਹ ਦੇ ਮਹੱਲ ਦੇ ਥੱਲੇ ਹੈ। ਹੁਣ ਅਸੀਂ ਸਾਰੀਆਂ ਅਵਾਜ਼ਾਂ ਮਿਲ਼ ਕੇ ਇਸ ਸੁਰੰਗ ਵਿੱਚ ਇੱਕ ਪਲੀਤੇ ਵਾਂਗ ਵੜ ਜਾਵਾਂਗੀਆਂ ਤੇਰਾ ਕੰਮ ਇਹ ਹੋਵੇਗਾ ਕਿ ਇਸ ਮੋਮਬੱਤੀ ਨਾਲ਼ ਇਸ ਪਲੀਤੇ ਨੂੰ ਅੱਗ ਲਾ ਦੇਵੀਂ, ਕਿਉਂਕਿ ਅਸੀਂ ਸਿਰਫ਼ ਅਵਾਜ਼ਾਂ ਹੀ ਹਾਂ, ਸਾਡੇ ਹੱਥ ਨਹੀਂ ਹਨ ਤੇ ਜਦ ਤੱਕ ਮਨੁੱਖ ਦੇ ਹੱਥ ਇਸ ਕੰਮ ਵਿੱਚ ਨਹੀਂ ਲੱਗਣਗੇ ਇਹ ਪਲੀਤਾ ਨਹੀਂ ਜਲ਼ੇਗਾ। ਸੋ ਹੁਣ ਤੂੰ ਝਬਦੇ ਹੀ ਇਹ ਕੰਮ ਕਰ ਦੇ ਤੇ ਫੇਰ ਦੌੜ ਕੇ ਆਪਣੇ ਰੁੱਖ 'ਤੇ ਚੜ੍ਹ ਜਾਈਂ ਤੇ ਓਥੋਂ ਸਾਰਾ ਤਮਾਸ਼ਾ ਦੇਖੀਂ।"

ਯੂਸਫ਼ ਨੇ ਆਲ਼ੇ ਵਿੱਚੋਂ ਮੋਮਬੱਤੀ ਚੁੱਕ ਕੇ ਸੁਰੰਗ ਵਿੱਚ ਰੱਖ ਦਿੱਤੀ। ਗੁੰਬਦ ਵਿੱਚ ਲੱਖਾਂ ਅਵਾਜ਼ਾਂ ਗਰਜਣ ਲੱਗੀਆਂ ਤੇ ਬਾਰੂਦ ਦੀ ਤੇਜ਼ੀ ਵਾਂਗ ਸੁਰੰਗ ਦੇ ਅੰਦਰ ਦਾਖ਼ਲ ਹੁੰਦੀਆਂ ਗਈਆਂ। ਯੂਸਫ਼ ਦੌੜ ਕੇ ਦਰਵਾਜੇ ਵਿੱਚੋਂ ਬਾਹਰ ਨਿੱਕਲ਼ ਗਿਆ ਤੇ ਝੱਟ ਰੁੱਖ ਉੱਤੇ ਚੜ੍ਹ ਗਿਆ। ਹਾਲੀ ਰੁੱਖ ਦੀ ਇੱਕ ਡਾਲ਼ 'ਤੇ ਹੀ ਚੜ੍ਹਿਆ ਸੀ ਕਿ ਇੱਕ ਜ਼ੋਰ ਦੇ ਧਮਾਕੇ ਦੀ ਅਵਾਜ਼ ਆਈ। ਜਿਵੇਂ ਅਵਾਜ਼ਾਂ ਦਾ ਗੁੰਬਦ ਪਾਟ ਗਿਆ ਹੋਵੇ ਤੇ ਫੇਰ ਉਸ ਨੇ ਦੇਖਿਆ ਦੂਰ ਤੱਕ ਤੇ ਬਹੁਤ ਦੂਰ ਤੱਕ ਹਜ਼ਾਰਾਂ ਮੋਮਬੱਤੀਆਂ ਜਲ਼ ਰਹੀਆਂ ਹਨ ਤੇ ਬਹੁਤ ਦੂਰ ਤੱਕ ਉਸ ਦੇ ਰਾਹ 'ਤੇ ਚਾਨਣਾ ਹੋ ਗਿਆ ਹੈ।

ਯੂਸਫ਼ ਬੜਾ ਖ਼ੁਸ਼ ਖ਼ੁਸ਼ ਰੁੱਖ 'ਤੇ ਚੜ੍ਹਦਾ ਰਿਹਾ। ਤਿੰਨ ਦਿਨ ਤੇ ਤਿੰਨ ਰਾਤਾਂ ਚੜ੍ਹਦਾ ਰਿਹਾ। ਰਾਹ ਵਿੱਚ ਜੇ ਉਸ ਨੂੰ ਭੁੱਖ ਲੱਗਦੀ ਤਾਂ ਰੁੱਖ ਤੋਂ ਜਾਦੂ ਦੇ ਦਾਣੇ ਤੋੜ ਕੇ ਖਾ ਲੈਂਦਾ ਜਿਨ੍ਹਾਂ ਦਾ ਸਵਾਦ ਅੰਗੂਰਾਂ ਵਾਂਗ ਮਿੱਠਾ ਸੀ ਤੇ ਅੰਗੂਰਾਂ ਵਾਂਗ ਹੀ ਉਹਨਾਂ ਵਿੱਚ ਰਸ ਵੀ ਸੀ। ਉਹ ਦਾਣੇ ਜਾਦੂ ਦੇ ਜੁ ਸਨ।

ਖ਼ੈਰ ਤਿੰਨ ਦਿਨ ਤੇ ਤਿੰਨ ਰਾਤਾਂ ਉੱਪਰ ਚੜ੍ਹਨ ਪਿੱਛੋਂ ਫੇਰ ਹਨੇਰਾ ਛਾ ਗਿਆ। ਮੋਮਬੱਤੀਆਂ ਮੁੱਕ ਗਈਆਂ ਹੁਣ ਫੇਰ ਉਹ ਹਨੇਰੇ ਵਿੱਚ ਉੱਪਰ ਚੜ੍ਹਨ ਲੱਗਾ ਪਰ ਹਨੇਰਾ ਵਧਦਾ ਗਿਆ ਉਸ ਨੇ ਸੋਚਿਆ ਉਹ ਕੀ ਕਰੇ? ਅੱਗੇ ਵਧੇ ਜਾਂ ਪਿਛਾਂਹ ਮੁੜ ਜਾਏ? ਹਾਲੀ ਉਹ ਸੋਚ ਹੀ ਰਿਹਾ ਸੀ ਕਿ ਕਿਸੇ ਨੇ ਇੱਕ ਝਟਕੇ ਨਾਲ਼ ਉਸ ਨੂੰ ਰੁੱਖ ਤੋਂ ਲਾਹ ਲਿਆ। ਉਸ ਨੂੰ ਇੰਝ ਲੱਗਾ ਜਿਵੇਂ ਕੋਈ ਉਸ ਨੂੰ ਆਪਣੀ ਮੁੱਠ ਵਿੱਚ ਦੱਬੀ ਹਵਾ ਵਿੱਚ ਉਡਾ ਰਿਹਾ ਹੈ। ਯੂਸਫ਼ ਨੇ ਉਸ ਦੇ ਪੰਜੇ ਵਿੱਚੋਂ ਨਿੱਕਲ਼ਣ ਦੀ ਬਹੁਤ



ਕੋਸ਼ਿਸ਼ ਕੀਤੀ ਪਰ ਸਫ਼ਲ ਨਾ ਹੋਇਆ। ਥੋੜ੍ਹੀ ਦੂਰ ਇੰਝ ਹਵਾ ਵਿੱਚ ਉੱਡਣ ਪਿੱਛੋਂ ਕਿਸੇ ਨੇ ਉਸ ਨੂੰ ਇੱਕ ਬਹੁਤ ਵੱਡੇ ਤੇ ਬਹੁਤ ਉੱਚੇ ਦਰਵਾਜੇ ਉੱਤੇ ਉਤਾਰ ਦਿੱਤਾ। ਇਹ ਦਰਵਾਜ਼ਾ ਏਨਾ ਵੱਡਾ ਸੀ ਕਿ ਇੱਕ ਦਿਓ ਵੀ ਇਸ ਦੇ ਥੱਲਿਓਂ ਸੌਖੀ ਤਰ੍ਹਾਂ ਨਿੱਕਲ਼ ਸਕਦਾ ਸੀ। ਯੂਸਫ਼ ਤਾਂ ਖ਼ੈਰ ਆਦਮੀ ਸੀ। ਬੜੀ ਸੌਖ ਨਾਲ਼ ਉਹ ਅੰਦਰ ਚਲਾ ਗਿਆ। ਦਰਵਾਜ਼ੇ ਦੀ ਮਹਿਰਾਬ ’ਤੇ ਲਿਖਿਆ ਸੀ :

"ਕਾਲ਼ੇ ਦਿਓ ਦਾ ਸ਼ਹਿਰ"

3.

ਯੂਸਫ਼ ਨੇ ਮਹਿਰਾਬ ’ਤੇ ਲਿਖੇ ਲਫ਼ਜ਼ ਹਾਲੀ ਪੜ੍ਹੇ ਹੀ ਸਨ ਕਿ ਕਿਸੇ ਨੇ ਆਪਣੀ ਮੁੱਠ ਵਿੱਚ ਉਸ ਨੂੰ ਫੇਰ ਚੁੱਕ ਲਿਆ ਤੇ ਯੂਸਫ਼ ਨੇ ਦੇਖਿਆ ਕਿ ਇੱਕ ਬਹੁਤ ਬੜਾ ਕਾਲ਼ਾ ਹੱਥ ਹੈ, ਇੱਕ ਬਹੁਤ ਬੜੀ ਕਾਲ਼ੀ ਛਾਤੀ ਹੈ, ਇੱਕ ਬਹੁਤ ਬੜਾ ਕਾਲ਼ਾ ਚਿਹਰਾ ਹੈ ਜਿਸ ’ਤੇ ਵੱਡੀਆਂ ਵੱਡੀਆਂ ਚਮਕਦਾਰ ਕਾਲ਼ੀਆਂ ਅੱਖਾਂ ਹਨ... ਅਖ਼ੀਰ ਵੱਡੇ ਵੱਡੇ ਕਾਲ਼ੇ ਬੁੱਲ੍ਹਾਂ ਵਿੱਚੋਂ ਇੱਕ ਗਰਜਦਾਰ ਅਵਾਜ਼ ਨਿੱਕਲ਼ੀ ਤੇ ਉਸ ਨੇ ਪੁੱਛਿਆ, "ਤੂੰ ਕੌਣ ਏਂ ?"

ਯੂਸਫ਼ ਨੇ ਪੁੱਛਿਆ, "ਤੂੰ ਕੌਣ ਏ ?"

"ਮੈਂ ਕਾਲ਼ਾ ਦਿਓ ਹਾਂ।"

ਯੂਸਫ਼ ਨੇ ਕਿਹਾ, "ਮੈਂ ਇੱਕ ਚਮਾਰ ਦਾ ਪੁੱਤਰ ਹਾਂ। ਧਰਤੀ ਤੋਂ ਆਇਆ ਹਾਂ।"

"ਪਰ ਤੇਰਾ ਰੰਗ ਕਿਹੋ ਜਿਹਾ ਹੈ ? ਨਾ ਕਾਲ਼ਾ ਹੈ ਨਾ ਗੋਰਾ।"

ਯੂਸਫ਼ ਨੇ ਕਿਹਾ,"ਸਾਡੇ ਇਸਨੂੰ ਕਣਕਵੰਨਾ ਰੰਗ ਕਹਿੰਦੇ ਹਨ।"

"ਅਫ਼ਸੋਸ", ਕਾਲ਼ੇ ਦਿਓ ਨੇ ਕਿਹਾ,"ਤੂੰ ਮੇਰੇ ਕਿਸੇ ਕੰਮ ਦਾ ਨਹੀਂ। ਮੈਂ ਤੈਨੂੰ ਅਜ਼ਾਦ ਕਰਦਾ ਹਾਂ। ਜਿੱਧਰੋਂ ਆਇਆ ਏਂ, ਉੱਧਰ ਚਲਿਆ ਜਾ।"

ਯੂਸਫ਼ ਦੀ ਸਮਝ ਵਿੱਚ ਕੁੱਝ ਨਾ ਆਇਆ ਕਿ ਦਿਓ ਕੀ ਕਹਿ ਰਿਹਾ ਹੈ ਪਰ ਉਹ ਆਪਣੀ ਜਾਨ ਬਚ ਜਾਣ ’ਤੇ ਬੜਾ ਖ਼ੁਸ਼ ਹੋਇਆ। ਏਸ ਲਈ ਛੇਤੀ ਛੇਤੀ ਉੱਥੋਂ ਦੌੜਿਆ। ਰਾਹ ਵਿੱਚ ਯੂਸਫ਼ ਨੇ ਦੇਖਿਆ ਕਿ ਉਹ ਇੱਕ ਬਹੁਤ ਵੱਡੇ ਸ਼ਹਿਰ ਵਿੱਚੋਂ ਲੰਘ ਰਿਹਾ ਹੈ। ਜਿੱਥੋਂ ਦੇ ਸਾਰੇ ਅਮੀਰ ਲੋਕ ਕਾਲ਼ੇ ਹਨ ਤੇ ਸਾਰੇ ਗ਼ਰੀਬ ਲੋਕ ਗੋਰੇ ਹਨ। ਕਾਲ਼ੇ ਲੋਕ ਗੋਰੇ ਲੋਕਾਂ ਕੋਲ਼ੋਂ ਗ਼ੁਲਾਮਾਂ ਦਾ ਕੰਮ ਲੈਂਦੇ ਹਨ ਤੇ ਉਹਨਾਂ ਨੂੰ ਬੜੀਆਂ ਗੰਦੀਆਂ ਝੁੱਗੀਆਂ ਵਿੱਚ ਰੱਖਦੇ ਹਨ। ਉਹਨਾਂ ਨੂੰ ਹੱਥਕੜੀਆਂ ਲਾਉਂਦੇ ਹਨ। ਉਹਨਾਂ ਨੂੰ ਬੈਂਤ ਮਾਰਦੇ ਹਨ। ਉਹਨਾਂ ਤੋਂ ਮਜ਼ਦੂਰੀ ਕਰਾਉਂਦੇ ਹਨ। ਮਿਹਨਤ ਦਾ ਸਾਰਾ ਕੰਮ ਗੋਰੇ ਲੋਕ ਕਰਦੇ ਹਨ ਤੇ ਕਾਲ਼ੇ ਇਹਨਾਂ ਦੀ ਮਿਹਨਤ ’ਤੇ ਐਸ਼ ਦੀ ਜ਼ਿੰਦਗੀ ਬਿਤਾਉਂਦੇ ਹਨ। ਯੂਸਫ਼ ਏਸ ਸ਼ਹਿਰ ਵਿੱਚ ਚਾਰ ਦਿਨ ਤੇ ਚਾਰ ਰਾਤਾਂ ਰਿਹਾ ਤੇ ਹਰ ਥਾਂ ਉਸ ਨੇ ਇਹੀ ਨਜ਼ਾਰਾ ਦੇਖਿਆ। ਉਸ ਨੂੰ ਇਸ ’ਤੇ ਬੜੀ ਹੈਰਾਨੀ ਹੋਈ।

ਏਸ ਲਈ ਜਾਣ ਤੋਂ ਪਹਿਲਾਂ ਉਹ ਫੇਰ ਇੱਕ ਵਾਰ ਕਾਲ਼ੇ ਦਿਓ ਕੋਲ਼ ਗਿਆ ਤੇ ਉਸ ਨੂੰ ਪੁੱਛਿਆ, "ਓ ਕਾਲ਼ੇ ਦਿਓ, ਭਲਾ ਇਹ ਕੀ ਗੱਲ ਹੈ ? ਹਰ ਥਾਂ ਗੋਰੇ ਲੋਕ ਗ਼ੁਲਾਮ ਹਨ ਤੇ ਕਾਲ਼ੇ ਲੋਕ ਉਹਨਾਂ 'ਤੇ ਹਕੂਮਤ ਕਰਦੇ ਹਨ ?"

ਕਾਲ਼ਾ ਦਿਓ ਹੱਸਿਆ, ਤੇ ਕਹਿਣ ਲੱਗਾ—"ਜਦ ਮੈਂ ਸੁਣਿਆ ਕਿ ਤੁਹਾਡੀ ਧਰਤੀ 'ਤੇ ਗੋਰੇ ਆਦਮੀ ਕਾਲ਼ੇ ਆਦਮੀਆਂ 'ਤੇ ਹਕੂਮਤ ਕਰਦੇ ਹਨ ਤਾਂ ਮੈਨੂੰ ਬੜਾ ਗੁੱਸਾ ਆਇਆ। ਇਸ ਲਈ ਮੈਂ ਆਪਣੀ ਹਕੂਮਤ ਵਿੱਚ ਗੋਰੇ ਲੋਕਾਂ ਨੂੰ ਆਪਣਾ ਗ਼ੁਲਾਮ ਬਣਾਇਆ ਹੈ ਤੇ ਕਾਲ਼ੇ ਲੋਕਾਂ ਨੂੰ ਉਹਨਾਂ 'ਤੇ ਹਕੂਮਤ ਕਰਨ ਦਿੰਦਾ ਹਾਂ। ਮੈਂ ਤੁਹਾਡੀ ਧਰਤੀ ਤੋਂ ਫੜ ਫੜ ਕੇ ਗੋਰੇ ਆਦਮੀ ਏਥੇ ਲਿਆਉਂਦਾ ਹਾਂ ਤੇ ਉਹਨਾਂ ਨੂੰ ਹੱਥਕੜੀਆਂ ਵਿੱਚ ਨੂੜਿਆ ਹੋਇਆ ਹੈ।"

"ਇਹ ਬਹੁਤ ਭੈੜੀ ਗੱਲ ਹੈ।" ਯੂਸਫ਼ ਨੇ ਕਿਹਾ।

"ਕਿਵੇਂ ?" ਦਿਓ ਨੇ ਪੁੱਛਿਆ।

ਯੂਸਫ਼ ਨੇ ਕਿਹਾ—"ਇੱਕ ਗੋਰੇ ਆਦਮੀ ਨੂੰ ਮੇਰੇ ਸਾਹਮਣੇ ਲਿਆਓ।"

ਇੱਕ ਗੋਰਾ ਗ਼ੁਲਾਮ ਯੂਸਫ਼ ਦੇ ਸਾਹਮਣੇ ਲਿਆਂਦਾ ਗਿਆ।

ਯੂਸਫ਼ ਨੇ ਕਿਹਾ—"ਇਸ ਦੀ ਉਂਗਲ਼ ਵੱਢੋ।"

"ਹਾ-ਹਾ-ਹਾ-ਬੜੀ ਖ਼ੁਸ਼ੀ ਨਾਲ਼।" ਦਿਓ ਨੇ ਗੋਰੇ ਆਦਮੀ ਦੀ ਉਂਗਲ਼ ਵੱਢ ਸੁੱਟੀ। ਉਸ ਵਿੱਚੋਂ ਲਾਲ-ਲਾਲ ਲਹੂ ਵਗਣ ਲੱਗਾ।

ਯੂਸਫ਼ ਨੇ ਕਾਲ਼ੇ ਦਿਓ ਨੂੰ ਕਿਹਾ, "ਹੁਣ ਤੂੰ ਆਪਣੀ ਉਂਗਲ਼ ਵੱਡ।"

ਕਾਲ਼ੇ ਦਿਓ ਨੇ ਆਪਣੀ ਉਂਗਲ਼ ਵੱਡ ਦਿੱਤੀ ਤੇ ਉਸ ਵਿੱਚੋਂ ਵੀ ਲਾਲ-ਲਾਲ ਲਹੂ ਵਹਿਣ ਲੱਗਾ।

ਯੂਸਫ਼ ਨੇ ਕਿਹਾ—"ਦੇਖ ਤੇਰਾ ਰੰਗ ਕਾਲ਼ਾ ਹੈ, ਪਰ ਲਹੂ ਲਾਲ ਹੈ। ਇਸ ਦਾ ਰੰਗ ਗੋਰਾ ਹੈ, ਪਰ ਲਹੂ ਇਸ ਦਾ ਵੀ ਲਾਲ ਹੈ। ਚਮੜੀ ਦੀ ਰੰਗਤ ਨਾਲ਼ ਕੋਈ ਫ਼ਰਕ ਨਹੀਂ ਪੈਂਦਾ।"

"ਫੇਰ ਕੀ ਹੋਣਾ ਚਾਹੀਦਾ ਹੈ ?" ਦਿਓ ਸ਼ਸ਼ੋਪੰਜ ਵਿੱਚ ਪੈ ਗਿਆ।

ਯੂਸਫ਼ ਨੇ ਕਿਹਾ—"ਹੋਣਾ ਚਾਹੀਦਾ ਹੈ ਕਿ ਨਾ ਕਾਲ਼ਾ ਗੋਰੇ ਉੱਤੇ ਹਕੂਮਤ ਕਰੇ ਤੇ ਨਾ ਗੋਰਾ ਕਾਲ਼ੇ ਉੱਤੇ। ਦੋਨੋਂ ਮਿਲ਼-ਜੁਲ਼ ਕੇ ਰਹਿਣ ਤੇ ਇੱਕ ਦੂਜੇ ਦੇ ਫ਼ਾਇਦੇ ਲਈ ਕੰਮ ਕਰਨ। ਮੇਰੀ ਅਕਲ ਤਾਂ ਇਹੀ ਕਹਿੰਦੀ ਹੈ।"

ਦਿਓ ਨੇ ਸਿਰ ਹਿਲਾ ਕੇ ਕਿਹਾ—"ਤੇਰੀ ਅਕਲ ਠੀਕ ਹੈ। ਅੱਜ ਤੋਂ ਮੈਂ ਆਪਣੇ ਗੋਰੇ ਗ਼ੁਲਾਮਾਂ ਨੂੰ ਅਜ਼ਾਦ ਕਰਦਾ ਹਾਂ। ਅੱਜ ਤੋਂ ਮੇਰੇ ਸ਼ਹਿਰ ਵਿੱਚ ਕਾਲ਼ੇ ਤੇ ਗੋਰੇ ਸਭ ਮਿਲ਼ ਜੁਲ ਕੇ ਰਹਿਣਗੇ ਤੇ ਸਾਂਝੀ

ਮਿਹਨਤ ਕਰਨਗੇ। ਤੂੰ ਵੀ ਏਥੇ ਰਹਿ ਪਓ। ਮੈਂ ਤੈਨੂੰ ਆਪਣੇ ਸ਼ਹਿਰ ਦਾ ਸਰਦਾਰ ਬਣਾਵਾਂਗਾ।"

ਯੂਸਫ਼ ਨੇ ਕਿਹਾ—"ਨਹੀਂ, ਮੈਂ ਤਾਂ ਹਾਲੀ ਉਸ ਰੁੱਖ 'ਤੇ ਚੜ੍ਹਦਾ ਹਾਂ ਜਿੱਥੋਂ ਤੂੰ ਮੈਨੂੰ ਉਤਾਰਿਆ ਸੀ। ਹੁਣ ਜੇ ਤੂੰ ਮੇਰੇ 'ਤੇ ਮਿਹਰਬਾਨੀ ਕਰਨਾ ਚਾਹੁੰਦਾ ਹੈਂ ਤਾਂ ਫੇਰ ਉਸੇ ਰੁੱਖ 'ਤੇ ਪੁਚਾ ਦੇ।"

ਦਿਓ ਨੇ ਯੂਸਫ਼ ਦੀਆਂ ਬੜੀਆਂ ਮਿੰਨਤਾਂ ਕੀਤੀਆਂ, ਪਰ ਯੂਸਫ਼ ਨਾ ਮੰਨਿਆ। ਅਖੀਰ ਕਾਲ਼ੇ ਦਿਓ ਨੇ ਉਸ ਨੂੰ ਆਪਣੇ ਹੱਥ ਉੱਤੇ ਚੁੱਕ ਲਿਆ ਤੇ ਮੁੜ ਰੁੱਖ ਦੀ ਡਾਲ਼ ਉੱਤੇ ਪੁਚਾ ਦਿੱਤਾ।

ਯੂਸਫ਼ ਰੁੱਖ 'ਤੇ ਚੜ੍ਹਨ ਲੱਗਾ। ਹੁਣ ਉਸ ਨੇ ਦੇਖਿਆ ਕਿ ਬਹੁਤ ਦੂਰ ਤੱਕ ਹਨੇਰਾ ਪਾਟ ਗਿਆ ਹੈ ਤੇ ਬਹੁਤ ਦੂਰ ਤੱਕ ਰੁੱਖ ਦੀਆਂ ਟਹਿਣੀਆਂ 'ਤੇ ਲੱਖਾਂ ਟਟਹਿਣੇ ਉੱਪਰ ਹੀ ਉੱਪਰ ਧਰਤੀ ਦੇ ਅੰਦਰ ਚਮਕਦੇ ਹੋਏ ਚਲੇ ਗਏ ਹਨ।

4.

ਇਹਨਾਂ ਟਟਹਿਣਿਆਂ ਦੀ ਮਦਦ ਨਾਲ਼ ਯੂਸਫ਼ ਬਹੁਤ ਦੂਰ ਤੱਕ ਰੁੱਖ 'ਤੇ ਚੜ੍ਹਦਾ ਚਲਾ ਗਿਆ। ਪਰ ਇੱਕ ਥਾਂ ਆ ਕੇ ਟਟਹਿਣਿਆਂ ਦਾ ਚਾਨਣਾ ਮੁੱਕ ਗਿਆ ਤੇ ਹੁਣ ਜਦ ਹਨੇਰਾ ਸ਼ੁਰੂ ਹੋਇਆ ਤਾਂ ਯੂਸਫ਼ ਘਬਰਾ ਹੀ ਗਿਆ। ਉਹਨੂੰ ਇੰਝ ਜਾਪਿਆ ਜਿਵੇਂ ਉਹ ਸੱਤ ਦਿਨ ਤੇ ਸੱਤ ਰਾਤਾਂ ਤੋਂ ਏਸੇ ਰੁੱਖ 'ਤੇ ਚੜ੍ਹ ਰਿਹਾ ਹੈ, ਪਰ ਰੁੱਖ ਮੁੱਕਣ ਵਿੱਚ ਹੀ ਨਹੀਂ ਸੀ ਆਉਂਦਾ। ਯੂਸਫ਼ ਘਬਰਾ ਕੇ ਮੁੜਨ ਹੀ ਵਾਲ਼ਾ ਸੀ ਕਿ ਉਸ ਨੂੰ ਉਸ ਘੋਰ ਹਨੇਰੇ ਵਿੱਚ ਦੋ ਅੱਖਾਂ ਚਮਕਦੀਆਂ ਹੋਈਆਂ ਵਖਾਲ਼ੀ ਦਿੱਤੀਆਂ। ਯੂਸਫ਼ ਇਹਨਾਂ ਅੱਖਾਂ ਦੇ ਨੇੜੇ ਗਿਆ ਤਾਂ ਦੇਖਿਆ ਕਿ ਰੁੱਖ ਦੀ ਵੱਡੀ ਡਾਲ਼ 'ਤੇ ਇੱਕ ਅਜੀਬ ਕਿਸਮ ਦਾ ਜਾਨਵਰ ਬੈਠਾ ਹੈ ਜਿਸ ਦਾ ਚਿਹਰਾ ਤਾਂ ਉੱਲੂ ਵਰਗਾ ਹੈ, ਪਰ ਸਾਰਾ ਸਰੀਰ ਆਦਮੀ ਦਾ ਹੈ ਤੇ ਉਸ ਦੀਆਂ ਅੱਖਾਂ ਵਿੱਚੋਂ ਇੱਕ ਡਰਾਉਣੀ ਚਮਕ ਨਿੱਕਲ਼ ਰਹੀ ਹੈ।

ਯੂਸਫ਼ ਨੇ ਹੈਰਾਨ ਹੋ ਕੇ ਉਸ ਨੂੰ ਪੁੱਛਿਆ—"ਤੂੰ ਆਦਮੀ ਏਂ ਕਿ ਉੱਲੂ ?"

"ਮੈਂ ਹਿੰਦੁਸਤਾਨੀ ਫ਼ਿਲਮਾਂ ਦਾ ਡਾਇਰੈਕਟਰ ਹਾਂ।" ਉਸ ਅਜੀਬ ਸ਼ਕਲ ਨੇ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਝਮਕ ਕੇ ਆਖਿਆ—"ਮੈਂ ਦਿਨ ਵੇਲ਼ੇ ਸੌਂਦਾ ਹਾਂ ਤੇ ਰਾਤ ਨੂੰ ਜਾਗਦਾ ਹਾਂ।"

ਯੂਸਫ਼ ਦੇ ਪਿੰਡ ਵਿੱਚ ਇੱਕ ਵਾਰੀ ਤੁਰਦਾ ਫਿਰਦਾ ਸਿਨੇਮਾ ਆਇਆ ਸੀ, ਇਸ ਲਈ ਉਸ ਨੂੰ ਇਸ ਅਜੀਬ ਸ਼ਕਲ ਵਾਲ਼ੇ ਆਦਮੀ ਦੀ ਗੱਲ ਸਮਝਣ ਵਿੱਚ ਦੇਰ ਨਾ ਲੱਗੀ।

ਯੂਸਫ਼ ਨੇ ਕਿਹਾ—"ਪਰ ਤੂੰ 'ਕੱਲਾ ਇਸ ਰੁੱਖ 'ਤੇ ਬੈਠਾ ਕੀ ਕਰ ਰਿਹਾ ਏਂ ?"

"ਮੈਂ ਕੱਲਾ ਨਹੀਂ ਹਾਂ।" ਫ਼ਿਲਮ ਡਾਇਰੈਕਟਰ ਨੇ ਜਵਾਬ ਦਿੱਤਾ, "ਰਤਾ ਇਸ ਟਹਿਣੀ 'ਤੇ ਅੱਗੇ ਵਧ ਕੇ ਦੇਖ, ਮੇਰੇ ਦੂਜੇ ਭਰਾ ਭਾਈ ਵੀ ਜਾਦੂ ਦੇ ਅਸਰ ਹੇਠ ਉੱਲੂ ਬਣੇ ਹੋਏ ਏਥੇ ਹੀ ਬੈਠੇ ਹਨ— ਘੁੱਪ

ਹਨੇਰੇ ਵਿੱਚ।"

ਤੇ ਜਦ ਯੂਸਫ਼ ਅੱਗੇ ਵਧਿਆ ਤਾਂ ਉਸ ਟਹਿਣੀ 'ਤੇ ਸੱਚੀ ਮੁੱਚੀਂ ਸੈਆਂ ਉੱਲੂਆਂ ਵਰਗੇ ਜਾਨਵਰ ਬੈਠੇ ਦਿਸੇ ਜੋ ਟਹਿਣੀ 'ਤੇ ਲੱਤਾਂ ਲਮਕਾਈ, ਚੁੱਪ ਚਪੀਤੇ ਨੀਵੀਂ ਪਾਈ ਉਂਘਲਾ ਰਹੇ ਸਨ।

ਯੂਸਫ਼ ਨੂੰ ਉਹਨਾਂ 'ਤੇ ਬੜਾ ਤਰਸ ਆਇਆ ਤੇ ਕਹਿਣ ਲੱਗਾ, "ਤੁਹਾਡੀ ਅਜਿਹੀ ਹਾਲਤ ਕਿਸ ਨੇ ਬਣਾ ਦਿੱਤੀ ਹੈ ?"

ਉਹੀ ਪਹਿਲਾ ਫ਼ਿਲਮ ਡਾਇਰੈਕਟਰ ਬੋਲਿਆ, "ਦਸਾਂ ਵਰ੍ਹਿਆਂ ਦੇ ਇੱਕ ਬੱਚੇ ਨੇ ਜਾਦੂ ਦੇ ਜ਼ੋਰ ਨਾਲ਼।"

"ਤੁਹਾਡਾ ਕਸੂਰ ਕੀ ਸੀ ?"

ਉਹ ਬੱਚਾ ਕਹਿੰਦਾ ਸੀ ਕਿ ਅਸੀਂ ਪਿਛਲੇ ਪੰਝੀ ਵਰ੍ਹਿਆਂ ਵਿੱਚ ਇੱਕ ਵੀ ਅਜਿਹੀ ਫ਼ਿਲਮ ਨਹੀਂ ਬਣਾਈ ਜੋ ਬੱਚਿਆਂ ਲਈ ਹੋਵੇ। ਇਸ ਲਈ ਸਾਨੂੰ ਇਹ ਸਜ਼ਾ ਦਿੱਤੀ ਗਈ ਹੈ।"

"ਉਹ ਬੱਚਾ ਕਿੱਥੇ ਹੈ ?"

ਫ਼ਿਲਮ ਡਾਇਰੈਕਟਰ ਨੇ ਕਿਹਾ, "ਏਸੇ ਟਹਿਣੀ 'ਤੇ ਲਗਭਗ ਤਿੰਨ ਸੌ ਗਜ਼ ਤੱਕ ਸਿੱਧਾ ਚਲਾ ਜਾ। ਅੱਗੇ ਤੈਨੂੰ ਚਾਨਣ ਦਿਖੇਗਾ। ਉੱਥੇ ਇੱਕ ਬਹੁਤ ਵੱਡਾ ਕੈਮਰਾ ਹੋਏਗਾ। ਉਹ ਕੈਮਰਾ ਏਨਾ ਵੱਡਾ ਹੈ ਕਿ ਉਸ ਦੇ ਸ਼ਟਰ ਵਿੱਚੋਂ ਆਦਮੀ ਲੰਘ ਸਕਦਾ ਹੈ। ਤੂੰ ਓਥੇ ਜਾ ਕੇ ਕੈਮਰੇ ਦਾ ਬਟਨ ਦੱਬ ਕੇ ਤਿੰਨ ਵਾਰ ਕਹੀਂ—ਕਟ,ਕਟ,ਕਟ। ਫੇਰ ਕੈਮਰੇ ਦਾ ਸ਼ਟਰ ਆਪਣੇ ਆਪ ਖੁੱਲ੍ਹ ਜਾਏਗਾ ਤੇ ਤੂੰ ਉਸ ਦੇ ਅੰਦਰ ਚਲਿਆ ਜਾਈਂ। ਅੱਗੇ ਜਾ ਕੇ ਤੈਨੂੰ ਉਹ ਬੱਚਾ ਮਿਲ਼ੇਗਾ।"

ਯੂਸਫ਼ ਨੇ ਕਿਹਾ — "ਪਰ ਉਸ ਬੱਚੇ ਦੀ ਕੋਈ ਨਿਸ਼ਾਨੀ ਤਾਂ ਦੱਸ।"

ਫ਼ਿਲਮ ਡਾਇਰੈਕਟਰ ਨੇ ਕਿਹਾ—"ਇਸ ਬੱਚੇ ਦੇ ਦੋਨਾਂ ਹੱਥਾਂ ਨਾਲ਼ ਸਿਰਫ਼ ਇੱਕ ਅੰਗੂਠਾ ਹੀ ਹੈ। ਬਾਕੀ ਸਾਰੀਆਂ ਉਂਗਲ਼ਾਂ ਵੱਢੀਆਂ ਹੋਈਆਂ ਹਨ।"

"ਏਸ ਤਰ੍ਹਾਂ ਕਿਉਂ ਏ ?" ਯੂਸਫ਼ ਨੇ ਪੁੱਛਿਆ।

ਫ਼ਿਲਮ ਡਾਇਰੈਕਟਰ ਨੇ ਜਵਾਬ ਦਿੱਤਾ,"ਸਾਨੂੰ ਕੀ ਪਤਾ। ਅਸੀਂ ਫ਼ਿਲਮ ਡਾਇਰੈਕਟਰ ਹਾਂ, ਜੋਤਸ਼ੀ ਨਹੀਂ।"

ਯੂਸਫ਼ ਡਾਲ਼ 'ਤੇ ਅੱਗੇ ਵਧ ਗਿਆ। ਡਾਲ਼ ਦੀ ਅਖ਼ੀਰਲੀ ਟਹਿਣੀ ਦਾ ਅੰਤਲਾ ਪੱਤਾ ਇੱਕ ਬਹੁਤ ਵੱਡੇ ਕੈਮਰੇ ਨੂੰ ਛੋਹ ਰਿਹਾ ਸੀ। ਏਥੇ ਮੱਧਮ ਚਾਨਣਾ ਵੀ ਸੀ। ਯੂਸਫ਼ ਨੇ ਕੈਮਰੇ ਦਾ ਬਟਨ ਦੱਬਿਆ। ਕੈਮਰੇ ਦਾ ਸ਼ੀਸ਼ਾ ਬੂਹੇ ਵਾਂਗ ਖੁੱਲ੍ਹ ਕੇ ਵੱਖਰਾ ਹੋ ਗਿਆ। ਥੋੜ੍ਹੀ ਦੇਰ ਤਾਈਂ ਉਹ ਹਨੇਰੇ ਵਿੱਚ ਤੁਰਦਾ ਰਿਹਾ। ਫੇਰ ਚਾਣਚੱਕ ਕਿਤੇ ਇੱਕ ਖੜਾਕ ਜਿਹਾ ਹੋਇਆ ਤੇ ਚੁਫੇਰੇ ਚਾਨਣਾ ਹੀ ਚਾਨਣਾ ਹੋ ਗਿਆ।

ਉਸ ਨੇ ਦੇਖਿਆ ਕਿ ਉਹ ਇੱਕ ਬਹੁਤ ਵੱਡੇ ਸ਼ਹਿਰ ਦੇ ਦਰਵਾਜ਼ੇ ’ਤੇ ਖਲੋਤਾ ਹੈ—

## ਮਸ਼ੀਨਾਂ ਦਾ ਸ਼ਹਿਰ

ਜਿੱਥੇ ਤੀਕ ਨਜ਼ਰ ਜਾ ਰਹੀ ਸੀ, ਯੂਸਫ਼ ਨੂੰ ਥਾਂ ਥਾਂ ਉੱਚੀਆਂ ਉੱਚੀਆਂ ਚਿਮਨੀਆਂ ਵਿੱਚੋਂ ਧੂੰਆਂ ਨਿੱਕਲ਼ਦਾ ਹੋਇਆ ਦਿਸਿਆ। ਵੱਡੀਆਂ ਵੱਡੀਆਂ ਉੱਚੀਆਂ ਇਮਾਰਤਾਂ ਸਨ। ਸ਼ਹਿਰ ਬੜਾ ਸੋਹਣਾ ਤੇ ਸਾਫ਼ ਸੁਥਰਾ ਸੀ। ਯੂਸਫ਼ ਦੇਖ ਕੇ ਬੜਾ ਖ਼ੁਸ਼ ਹੋਇਆ। ਉਸ ਨੇ ਸੋਚਿਆ, ਚਲੋ ਕੁੱਝ ਦਿਨ ਏਸੇ ਸ਼ਹਿਰ ਦੀ ਸੈਰ ਕਰਾਂਗੇ। ਇਹ ਸੋਚ ਕੇ ਉਸ ਨੇ ਬੂਹੇ ਦੇ ਅੰਦਰ ਪੈਰ ਰੱਖਿਆ। ਉਸ ਦਿਆਂ ਕੰਨਾਂ ਵਿੱਚ ਇੱਕ ’ਵਾਜ ਆਈ,“ਜੇਬ ਸੰਭਾਲ ਕੇ ਤੁਰੋ, ਜੇਬ-ਕਤਰਿਆਂ ਕੋਲ਼ੋਂ ਹੁਸ਼ਿਆਰ ਰਹੋ।”

ਯੂਸਫ਼ ਨੇ ਏਧਰ ਓਧਰ ਤੱਕਿਆ। ਪਰ ਉਸ ਨੂੰ ਕਿਤੇ ਕੋਈ ਆਦਮੀ ਨਾ ਦਿਸਿਆ ਜਿਸ ਨੇ ਇਹ ’ਵਾਜ ਦਿੱਤੀ ਹੋਵੇ। ਯੂਸਫ਼ ਬੂਹੇ ਵਿੱਚੋਂ ਨਿੱਕਲ਼ ਕੇ ਅਗਾਂਹ ਸੜਕ ’ਤੇ ਚਲਾ ਗਿਆ। ਚਾਣਚੱਕ ਫੇਰ ਇੱਕ ’ਵਾਜ ਆਈ, “ਫੁੱਟਪਾਥ ’ਤੇ ਤੁਰੋ, ਸਰਕਾਰ!”

ਯੂਸਫ਼ ਘਬਰਾ ਕੇ ਫੁੱਟਪਾਥ ’ਤੇ ਤੁਰਨ ਲੱਗਾ। ਸੜਕ ’ਤੇ ਮੋਟਰਾਂ ਲੰਘਣ ਲੱਗੀਆਂ। ਬੜੀਆਂ ਸੋਹਣੀਆਂ ਮੋਟਰਾਂ ਸਨ। ਅੱਗੇ ਚੌਂਕ ’ਤੇ ਜਾ ਕੇ ਇਹ ਸਾਰੀਆਂ ਮੋਟਰਾਂ ਰੁਕੀਆਂ ਖੜ੍ਹੀਆਂ ਸਨ। ਯੂਸਫ਼ ਨੇ ਸਭ ਤੋਂ ਅਗਲੀ ਮੋਟਰ ਵਿੱਚ ਝਾਕ ਕੇ ਵੇਖਿਆ ਤਾਂ ਹੈਰਾਨੀ ਨਾਲ਼ ਉਸ ਦਾ ਮੂੰਹ ਖੁੱਲ੍ਹਾ ਰਹਿ ਗਿਆ, ਕਿਉਂਕਿ ਮੋਟਰ ਵਿੱਚ ਕੋਈ ਆਦਮੀ ਨਹੀਂ ਸੀ। ਜਿਉਂ ਹੀ ਯੂਸਫ਼ ਨੇ ਮੋਟਰ ਵਿੱਚ ਝਾਕਿਆ ਕਿ ਮੋਟਰ ਦੇ ਅੰਦਰੋਂ ’ਵਾਜ ਆਈ, “ਆਓ, ਤਸ਼ਰੀਫ਼ ਲਿਆਓ।” ਫੇਰ ਮੋਟਰ ਦਾ ਦਰਵਾਜ਼ਾ ਆਪਣੇ ਆਪ ਹੀ ਖੁੱਲ੍ਹ ਗਿਆ।

ਯੂਸਫ਼ ਸਪ੍ਰਿੰਗਾਂ ਵਾਲ਼ੇ ਗੱਦਿਆਂ ਦੀ ਸੀਟ ’ਤੇ ਡਟ ਕੇ ਬਹਿ ਗਿਆ। ਮੋਟਰ ਦੇ ਅੰਦਰੋਂ ਫੇਰ ’ਵਾਜ ਆਈ,“ਕਿੱਥੇ ਚੱਲੋਗੇ ਹਜ਼ੂਰ?”

ਯੂਸਫ਼ ਨੇ ਕਿਹਾ—“ਬਜ਼ਾਰ ਲੈ ਚੱਲ।”

ਏਨੇ ਵਿੱਚ ਹਰੀ ਬੱਤੀ ਜਗੀ। ਮੋਟਰ ਆਪਣੇ ਆਪ ਤੁਰ ਪਈ। ਹੁਣ ਮੋਟਰ ਬਜ਼ਾਰਾਂ ਵਿੱਚੋਂ ਲੰਘ ਰਹੀ ਸੀ। ਬਜ਼ਾਰ ਵਿੱਚ ਹਰ ਦੁਕਾਨ ਖੁੱਲ੍ਹੀ ਹੋਈ ਸੀ ਤੇ ਹਜ਼ਾਰਾਂ ਕਿਸਮ ਦੀਆਂ ਵਸਤਾਂ ਦੁਕਾਨਾਂ ਵਿੱਚ ਦਿਸ ਰਹੀਆਂ ਸਨ—ਸੁਹਣੇ ਕੱਪੜੇ, ਭਾਂਤ ਭਾਂਤ ਦੇ ਫ਼ਲ, ਕੇਕ, ਬਿਸਕੁਟ ਤੇ ਰੰਗ ਬਰੰਗੀਆਂ ਮਹਿਕਾਂ ਭਰੀਆਂ ਮਠਿਆਈਆਂ। ਹਰ ਵਸਤ ਸਜੀ ਹੋਈ ਸੀ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਸਾਰੇ ਬਜ਼ਾਰ ਵਿੱਚ ਕਿਤੇ ਕੋਈ ਮਨੁੱਖ ਵਖਾਲ਼ੀ ਨਹੀਂ ਸੀ ਦੇ ਰਿਹਾ। ਇੱਕ ਪਟਰੋਲ ਪੰਪ ਕੋਲ਼ ਜਾ ਕੇ ਮੋਟਰ ਆਪਣੇ

ਆਪ ਰੁਕ ਗਈ। 'ਵਾਜ ਆਈ,"ਮਾਫ਼ ਕਰਨਾ, ਪਟਰੋਲ ਮੁੱਕ ਗਿਆ ਹੈ। ਮੈਂ ਥੋੜ੍ਹਾ ਜਿਹਾ ਪਟਰੋਲ ਪਵਾ ਲਵਾਂ। ਤੁਸੀਂ ਤਦ ਤੱਕ ਸਾਹਮਣੀ ਦੁਕਾਨ ਦੇਖੋ।"

ਦੁਕਾਨ ਵੇਖਣ ਤੋਂ ਪਹਿਲਾਂ ਯੂਸਫ਼ ਪਟਰੋਲ ਪੰਪ ਵੇਖਣ ਲੱਗਾ। ਉਸ ਨੇ ਵੇਖਿਆ ਕਿ ਪਟਰੋਲ ਦੀ ਨਾਲ਼ੀ ਆਪਣੇ ਆਪ ਉੱਪਰ ਉੱਠੀ ਤੇ ਮੋਟਰ ਵਿੱਚ ਪਟਰੋਲ ਪੈਣ ਲੱਗਾ ਤੇ ਜਦ ਪਟਰੋਲ ਪੂਰਾ ਪੈ ਚੁੱਕਿਆ ਤਾਂ ਨਾਲ਼ੀ ਫੇਰ ਆਪਣੇ ਆਪ ਆਪਣੇ ਥਾਂ 'ਤੇ ਆ ਰੁਕ ਗਈ। ਯੂਸਫ਼ ਘੁੰਮ ਕੇ ਦੁਕਾਨ ਵੱਲ ਮੁੜ ਗਿਆ ਜਿੱਥੇ ਬੜੀਆਂ ਸੋਹਣੀਆਂ ਮਠਿਆਈਆਂ ਥਾਲ਼ਾਂ ਵਿੱਚ ਸਜੀਆਂ ਪਈਆਂ ਸਨ। ਪਰ ਨਾ ਕੋਈ ਦੁਕਾਨਦਾਰ ਸੀ, ਨਾ ਗਾਹਕ ਸੀ।

ਯੂਸਫ਼ ਨੇ ਦੋ ਗੁਲਾਬ ਜਾਮਣਾਂ ਚੁੱਕੀਆਂ, ਦੋ ਰਸਗੁੱਲੇ ਲਏ, ਇੱਕ ਅਮਰਤੀ ਖਾਧੀ। ਰੁਮਾਲ ਨਾਲ਼ ਮੂੰਹ ਸਾਫ਼ ਕੀਤਾ ਤੇ ਪਰਤਣ ਹੀ ਲੱਗਾ ਸੀ ਕਿ ਕਿਸੇ ਕਿਹਾ—"ਜਨਾਬ ਅੱਠ ਆਨੇ ਤਾਂ ਦਿੰਦੇ ਜਾਓ।"

ਯੂਸਫ਼ ਹੈਰਾਨ ਹੋ ਕੇ ਪਿਛਾਂਹ ਮੁੜਿਆ, ਪਰ ਦੁਕਾਨ 'ਤੇ ਕੋਈ ਆਦਮੀ ਨਹੀਂ ਸੀ। ਯੂਸਫ਼ ਨੂੰ ਬੜੀ ਹੈਰਾਨੀ ਹੋਈ। ਪਰ ਉਸ ਨੇ ਆਪਣੀ ਹੈਰਾਨੀ ਨੂੰ ਦਬਾਉਂਦੇ ਹੋਏ ਕਿਹਾ—"ਮੇਰੀ ਜੇਬ ਵਿੱਚ ਏਸ ਵੇਲ਼ੇ ਤਾਂ ਇੱਕ ਪੈਸਾ ਵੀ ਨਹੀਂ ਹੈ।"

'ਵਾਜ ਆਈ—"ਕੋਈ ਗੱਲ ਨਹੀਂ, ਤੁਹਾਡੇ ਹਿਸਾਬ ਵਿੱਚ ਲਿਖ ਲਿਆ ਜਾਵੇਗਾ।

ਏਨੇ ਵਿੱਚ ਇੱਕ ਖੜਾਕ ਹੋਇਆ ਤੇ ਯੂਸਫ਼ ਨੇ ਦੇਖਿਆ ਕਿ ਦੁਕਾਨ 'ਤੇ ਜਿੱਥੇ ਦੁਕਾਨਦਾਰ ਬੈਠਦਾ ਹੈ, ਉਸ ਥਾਂ ਤੇ ਇੱਕ ਮਸ਼ੀਨ ਰੱਖੀ ਹੋਈ ਹੈ ਯੂਸਫ਼ ਦੇ ਜਵਾਬ ਦਿੰਦੇ ਹੀ ਉਸ ਮਸ਼ੀਨ ਵਿੱਚ ਇੱਕ ਬੱਤੀ ਜਲ਼ੀ, ਦੋ ਵਾਰ ਖਟਾਕ ਖਟਾਕ ਦੀ ਵਾਜ ਆਈ ਤੇ ਮਸ਼ੀਨ ਵਿੱਚੋਂ ਇੱਕ ਲੋਹੇ ਦਾ ਕਮਾਨੀਦਾਰ ਹੱਥ ਨਿੱਕਲ਼ਆ। ਇਸ ਹੱਥ 'ਤੇ ਇੱਕ ਚੀਨੀ ਦੀ ਪਲੇਟ ਰੱਖੀ ਹੋਈ ਸੀ ਤੇ ਇਸ ਪਲੇਟ 'ਤੇ ਕਾਗ਼ਜ਼ ਦੇ ਇੱਕ ਪੁਰਜ਼ੇ ਉੱਤੇ ਇੱਕ ਬਿੱਲ ਛਪਿਆ ਹੋਇਆ ਸੀ ਜਿਸ ਉੱਤੇ ਅੱਠ ਆਨੇ ਦੀ ਰਕਮ ਲਿਖੀ ਹੋਈ ਸੀ।

'ਵਾਜ ਆਈ—"ਇਸ ਨੂੰ ਆਪਣੀ ਜੇਬ ਵਿੱਚ ਰੱਖ ਲਉ। ਸ਼ਹਿਰੋਂ ਮੁੜਨ 'ਤੇ ਤੁਹਾਡੇ ਨਾਲ਼ ਹਿਸਾਬ ਕਰ ਲਿਆ ਜਾਏਗਾ।"

ਯੂਸਫ਼ ਨੇ ਹੈਰਾਨ ਹੋ ਕੇ ਕਾਗ਼ਜ਼ ਲੈ ਲਿਆ ਤੇ ਮੋਟਰ ਵਿੱਚ ਬਹਿ ਗਿਆ।

ਮੋਟਰ ਨੇ ਕਿਹਾ, "ਕਿੱਥੇ ਚੱਲਾਂ ?"

ਯੂਸਫ਼ ਨੇ ਕਿਹਾ, "ਥੱਕ ਗਿਆ ਹਾਂ। ਕਿਸੇ ਅਜਿਹੀ ਥਾਂ ਲੈ ਚੱਲ ਜਿੱਥੇ ਅਰਾਮ ਕਰ ਸਕਾਂ।"

ਮੋਟਰ ਇੱਕ ਬੜੀ ਸਜਧਜ ਵਾਲ਼ੇ ਹੋਟਲ ਦੇ ਫ਼ਾਟਕ 'ਤੇ ਜਾ ਕੇ ਰੁਕ ਗਈ। ਆਪਣੇ ਆਪ ਹੀ ਹੋਟਲ ਦਾ ਦਰਵਾਜ਼ਾ ਖੁੱਲ੍ਹਿਆ। ਯੂਸਫ਼ ਅੰਦਰ ਚਲਾ ਗਿਆ। ਹੁਣ ਕੁੱਝ ਕੁੱਝ ਉਸ ਦੀ ਸਮਝ ਵਿੱਚ ਆ

ਰਿਹਾ ਸੀ। ਉਸ ਨੇ ਏਧਰ ਓਧਰ ਵੇਖਿਆ। ਇੱਕ ਪਾਸੇ ਇੱਕ ਵੱਡੀ ਸਾਰੀ ਮਸ਼ੀਨ ਪਈ ਸੀ ਜੋ ਉਸ ਦੇ ਅੰਦਰ ਆਉਂਦਿਆਂ ਹੀ ਰੰਗ-ਬਿਰੰਗੀਆਂ ਰੌਸ਼ਨੀਆਂ ਨਾਲ਼ ਚਮਕਣ ਲੱਗੀ। ਯੂਸਫ਼ ਇਸ ਮਸ਼ੀਨ ਦੇ ਕੋਲ਼ ਚਲਾ ਗਿਆ ਤੇ ਕਹਿਣ ਲੱਗਾ,"ਮੈਨੂੰ ਇੱਕ ਕਮਰਾ ਚਾਹੀਦਾ ਏ।"

ਮਸ਼ੀਨ ਨੇ ਕਿਹਾ,"ਤੁਹਾਡਾ ਨਾਂ ?"

"ਯੂਸਫ਼।"

"ਕਿੱਥੋਂ ਆਏ ਹੋ ?"

"ਬਾਦਸ਼ਾਹ ਦੀ ਨਗਰੀ ਤੋਂ।"

"ਕਿਵੇਂ ਆਏ ਹੋ ?"

"ਜਾਦੂ ਦੇ ਰੁੱਖ 'ਤੇ ਚੜ੍ਹ ਕੇ।"

"ਏਥੇ ਕਿੰਨੇ ਦਿਨ ਰਹੋਗੇ ?"

"ਜਿੰਨੇ ਦਿਨ ਕਿਸੇ ਮਨੁੱਖ ਦੀ ਸੂਰਤ ਨਾ ਦਿਸੇਗੀ।"

ਮਸ਼ੀਨ ਹੱਸੀ। ਯੂਸਫ਼ ਵੀ ਹੱਸਿਆ। ਮਸ਼ੀਨ ਨੇ ਕਿਹਾ,"ਇਹ ਸਾਹਮਣੇ ਕਮਰਾ ਹੈ। ਇਸ ਨੂੰ ਲਿਫ਼ਟ ਕਹਿੰਦੇ ਹਨ। ਇਸ ਦੇ ਅੰਦਰ ਜਾ ਕੇ ਖੜ੍ਹੇ ਹੋ ਜਾਓ। ਇਹ ਲਿਫ਼ਟ ਤੁਹਾਨੂੰ ਤੁਹਾਡੇ ਕਮਰੇ ਦੇ ਸਾਹਮਣੇ ਪੁਚਾ ਦਏਗੀ।"

ਯੂਸਫ਼ ਨੇ ਇੰਝ ਹੀ ਕੀਤਾ। ਲਿਫ਼ਟ ਨੇ ਉਸ ਨੂੰ ਇੱਕ ਬਹੁਤ ਵੱਡੇ ਕਮਰੇ ਦਾ ਸਾਹਮਣੇ ਉਤਾਰ ਦਿੱਤਾ। ਯੂਸਫ਼ ਜਦ ਦਰਵਾਜ਼ੇ ਕੋਲ਼ ਪੁੱਜਾ ਤਾਂ ਦਰਵਾਜ਼ਾ ਆਪਣੇ ਆਪ ਖੁੱਲ੍ਹ ਗਿਆ। ਅੰਦਰ ਜਾ ਕੇ ਕੀ ਦੇਖਦਾ ਹੈ ਕਿ ਇੱਕ ਕਮਰਾ ਹੈ—ਬਹੁਤ ਬੜਾ। ਉਹ ਸਾਰੇ ਦਾ ਸਾਰਾ ਭਾਂਤ-ਭਾਂਤ ਦੀਆਂ ਮਸ਼ੀਨਾਂ ਨਾਲ਼ ਭਰਿਆ ਪਿਆ ਹੈ। ਇੱਕ ਨੁੱਕਰੇ ਇੱਕ ਕੁਰਸੀ ਰੱਖੀ ਹੈ ਤੇ ਉਸ 'ਤੇ ਇੱਕ ਨਿੱਕਾ ਜਿਹਾ ਮੁੰਡਾ ਬੈਠਾ ਹੈ। ਉਸ ਦੀਆਂ ਅੱਖਾਂ ਵਿੱਚ ਇੱਕ ਅਸਧਾਰਨ ਕਿਸਮ ਦੀ ਚਮਕ ਤੇ ਖਿੱਚ ਹੈ ਤੇ ਇਸ ਮੁੰਡੇ ਦੇ ਹੱਥਾਂ ਨਾਲ਼ ਉਂਗਲ਼ਾਂ ਨਹੀਂ ਹਨ। ਸਿਰਫ਼ ਅੰਗੂਠੇ ਬਾਕੀ ਰਹਿ ਗਏ ਹਨ।

ਯੂਸਫ਼ ਨੇ ਕਿਹਾ, "ਸਲਾਮਾਲੈਕਮ।"

ਮੁੰਡੇ ਨੇ ਕਿਹਾ, "ਹੈਲੋ।"

ਯੂਸਫ਼ ਨੇ ਪੁੱਛਿਆ,"ਤੇਰੀਆਂ ਉਂਗਲ਼ਾਂ ਕਿੱਥੇ ਨੇ ?"

ਮੁੰਡੇ ਨੇ ਕਿਹਾ,"ਉਂਗਲ਼ਾਂ ਦੀ ਲੋੜ ਕੀ ਏ ? ਏਥੇ ਸਾਰੇ ਕੰਮ ਬਟਨ ਦਬਾਣ ਨਾਲ਼ ਹੀ ਹੋ ਜਾਂਦੇ ਹਨ। ਇਸ ਲਈ ਅੰਗੂਠਾ ਕਾਫ਼ੀ ਏ।"

ਯੂਸਫ਼ ਨੇ ਪੁੱਛਿਆ, "ਤੇਰੇ ਇਸ ਸ਼ਹਿਰ ਦੇ ਲੋਕ ਕਿੱਥੇ ਰਹਿੰਦੇ ਹਨ ? ਮੈਂ ਬਜ਼ਾਰਾਂ, ਸੜਕਾਂ, ਹਰ

ਥਾਂ 'ਤੇ ਘੁੰਮ ਕੇ ਦੇਖਿਆ ਹੈ, ਛੁੱਟ ਇੱਕ ਤੇਰੇ ਹੋਰ ਕਿਸੇ ਆਦਮੀ ਦੀ ਸ਼ਕਲ ਨਹੀਂ ਦੇਖੀ। ਇਸ ਸ਼ਹਿਰ ਦੇ ਲੋਕ ਕਿੱਥੇ ਰਹਿੰਦੇ ਹਨ?"

ਮੁੰਡੇ ਨੇ ਕਿਹਾ, "ਇਸ ਸ਼ਹਿਰ ਵਿੱਚ ਆਦਮੀ ਨਹੀਂ ਰਹਿੰਦੇ ਸਿਰਫ਼ ਮਸ਼ੀਨਾਂ ਹਨ ਤੇ ਬਟਨ ਹਨ।"

"ਆਦਮੀ ਕਿੱਥੇ ਗਏ?" ਯੂਸਫ਼ ਨੇ ਪੁੱਛਿਆ।

"ਉਹ ਸਾਰੇ ਮਰ ਗਏ ਜਾਂ ਮਾਰ ਦਿੱਤੇ ਗਏ।" ਮੁੰਡੇ ਨੇ ਅਫ਼ਸੋਸ ਨਾਲ਼ ਕਿਹਾ।

"ਤੇਰੇ ਮਾਂ ਪਿਓ ਕਿੱਥੇ ਹਨ?" ਯੂਸਫ਼ ਨੇ ਪੁੱਛਿਆ।

"ਉਹ ਵੀ ਮਰ ਗਏ। ਮੇਰੇ ਪਿਤਾ ਇਸ ਸ਼ਹਿਰ ਦੇ ਮਾਲਿਕ ਸਨ। ਉਹਨਾਂ ਦਾ ਨਾਂ ਤੂੰ ਸੁਣਿਆ ਹੋਵੇਗਾ?—ਮੋਟਾ ਰਾਮ ਬਿੜਲਾ।"

"ਹਾਂ ਹਾਂ, ਸੁਣਿਆ ਤਾਂ ਹੈ। ਸਾਡੇ ਰਾਜੇ ਦੇ ਬਹੁਤ ਚੰਗੇ ਦੋਸਤ ਸਨ।"

"ਉਹਨਾਂ ਨੂੰ ਰੁਪਏ ਕਮਾਉਣ ਦਾ ਬੜਾ ਸ਼ੌਕ ਸੀ। ਇਸ ਲਈ ਉਹਨਾਂ ਨੇ ਸ਼ਹਿਰ ਵਿੱਚ ਥਾਂ ਥਾਂ ਕਾਰਖ਼ਾਨੇ ਖੋਲ੍ਹੇ, ਜਿਨ੍ਹਾਂ ਵਿੱਚ ਹਜ਼ਾਰਾਂ ਮਜ਼ਦੂਰ ਕੰਮ ਕਰਦੇ ਸਨ। ਮੇਰੇ ਪਿਤਾ ਜੀ ਨੂੰ ਨਵੀਂਆਂ ਮਸ਼ੀਨਾਂ ਮੰਗਵਾਉਣ ਦਾ ਬੜਾ ਚਾਅ ਸੀ। ਜਦ ਵੀ ਕੋਈ ਮਸ਼ੀਨ ਆਉਂਦੀ, ਉਹ ਇੱਕ ਦੀ ਥਾਂ ਸੌ ਮਜ਼ਦੂਰਾਂ ਦਾ ਕੰਮ ਕਰਦੀ। ਮੇਰੇ ਪਿਤਾ ਜੀ ਕਾਰਖ਼ਾਨੇ ਵਿੱਚ ਉਹ ਮਸ਼ੀਨ ਲਾ ਲੈਂਦੇ। ਉਸ 'ਤੇ ਕੰਮ ਕਰਨ ਲਈ ਇੱਕ ਮਜ਼ਦੂਰ ਰੱਖ ਲੈਂਦੇ ਤੇ ਬਾਕੀ ਨੜਿੰਨਵੇਂ ਮਜ਼ਦੂਰਾਂ ਨੂੰ ਜਵਾਬ ਦੇ ਦਿੰਦੇ। ਏਸ ਤਰ੍ਹਾਂ ਜਿਵੇਂ ਜਿਵੇਂ ਮਸ਼ੀਨਾਂ ਵਧਦੀਆਂ ਗਈਆਂ। ਲੋਕ ਬੇਕਾਰ ਹੁੰਦੇ ਗਏ ਤੇ ਭੁੱਖ ਨਾਲ਼ ਮਰਨ ਲੱਗੇ।"

"ਕਿਉਂ, ਇੰਵ ਕਿਉਂ ਕੀਤਾ ਤੇਰੇ ਪਿਤਾ ਜੀ ਨੇ? ਜਦ ਇੱਕ ਮਸ਼ੀਨ ਸੌ ਮਜ਼ਦੂਰਾਂ ਦਾ ਕੰਮ ਕਰਦੀ ਸੀ ਤਾਂ ਤੇਰੇ ਪਿਤਾ ਜੀ ਸੌ ਮਜ਼ਦੂਰਾਂ ਨੂੰ ਹੀ ਕੰਮ 'ਤੇ ਲਾ ਰੱਖਦੇ ਤੇ ਹਰ ਇੱਕ ਕੋਲ਼ੋਂ ਥੋੜ੍ਹਾ ਥੋੜ੍ਹਾ ਕੰਮ ਲੈਂਦੇ। ਯਾਨੀ ਬਾਰ੍ਹਾਂ ਘੰਟਿਆਂ ਦੀ ਥਾਂ ਬਾਰ੍ਹਾਂ ਮਿੰਟ!"

"ਪਰ ਪਿਤਾ ਜੀ ਇੰਵ ਨਹੀਂ ਸਨ ਸੋਚਦੇ। ਉਹਨਾਂ ਦਾ ਕਹਿਣਾ ਸੀ ਕਿ ਮਜ਼ਦੂਰ ਜੇ ਪਹਿਲਾਂ ਬਾਰਾਂ ਘੰਟੇ ਕੰਮ ਕਰਦੇ ਸਨ ਤਾਂ ਹੁਣ ਵੀ ਉਹਨਾਂ ਨੂੰ ਬਾਰ੍ਹਾਂ ਘੰਟੇ ਹੀ ਕੰਮ ਕਰਨਾ ਚਾਹੀਦਾ ਏ। ਚਾਹੇ ਮਜ਼ਦੂਰ ਇੱਕ ਰਹੇ ਜਾਂ ਸੌ।"

"ਪਰ ਇਹ ਕਿਉਂ? ਮਸ਼ੀਨ ਆਦਮੀ ਲਈ ਹੈ, ਆਦਮੀ ਮਸ਼ੀਨ ਲਈ ਨਹੀਂ ਹੈ। ਚੰਗਾ ਤੇ ਤੇਜ਼ ਕੰਮ ਕਰਨ ਵਾਲ਼ੀ ਮਸ਼ੀਨ ਦਾ ਫ਼ਾਇਦਾ ਆਦਮੀ ਨੂੰ ਮਿਲ਼ਣਾ ਚਾਹੀਦਾ ਏ ਤਾਂ ਜੋ ਉਸ ਦੀ ਮਿਹਨਤ ਘਟ ਜਾਵੇ। ਮੇਰੀ ਤਾਂ ਸਮਝ ਵਿੱਚ ਇਹੀ ਆਉਂਦਾ ਹੈ।"

"ਪਰ ਮੇਰੇ ਪਿਤਾ ਜੀ ਦੀ ਸਮਝ ਵਿੱਚ ਨਹੀਂ ਸੀ ਆਉਂਦਾ। ਉਹ ਮਜ਼ਦੂਰ ਘੱਟ ਕਰ ਦੇਣ ਲਈ

ਤਿਆਰ ਸਨ, ਪਰ ਮਜ਼ਦੂਰਾਂ ਦੇ ਕੰਮ ਦਾ ਸਮਾਂ ਘੱਟ ਕਰਨ ਲਈ ਤਿਆਰ ਨਹੀਂ ਸਨ। ਕਹਿੰਦੇ ਸਨ, ਇਸ ਨਾਲ਼ ਮਜ਼ਦੂਰ ਵਿਗੜ ਜਾਣਗੇ। ਮਸ਼ੀਨ ਵਿਗੜ ਜਾਂਦੀ ਹੈ ਤਾਂ ਉਸ ਦਾ ਪੁਰਜ਼ਾ ਨਵਾਂ ਪਾਉਣ ਨਾਲ਼ ਉਹ ਠੀਕ ਹੋ ਜਾਂਦੀ ਹੈ। ਪਰ ਜੇ ਮਜ਼ਦੂਰ ਵਿਗੜ ਜਾਏ ਤਾਂ ਉਸ ਨੂੰ ਕੌਣ ਸੰਭਾਲੇਗਾ ?"

"ਅਜੀਬ ਪੁੱਠੇ ਦਿਮਾਗ਼ ਦੇ ਆਦਮੀ ਸਨ ਤੇਰੇ ਪਿਤਾ ਜੀ।"

"ਸੁਣ ਤਾਂ ਸਹੀ," ਮੁੰਡੇ ਨੇ ਕਿਹਾ,"ਹੁੰਦੇ ਹੁੰਦੇ ਇਹ ਹੋਇਆ ਕਿ ਜਦ ਸਾਰੇ ਕੰਮ ਮਸ਼ੀਨਾਂ ਕਰਨ ਲੱਗੀਆਂ ਤੇ ਚੌਹੀਂ ਪਾਸੀਂ ਬੇਕਾਰੀ ਤੇ ਭੁੱਖ ਵਧਣ ਲੱਗੀ ਤਾਂ ਲੋਕ ਮਰਨ ਲੱਗੇ। ਪਰ ਪਿਤਾ ਜੀ ਬਹੁਤ ਖ਼ੁਸ਼ ਸਨ ਕਿਉਂਕਿ ਉਹਨਾਂ ਦਾ ਨਫ਼ਾ ਵਧ ਰਿਹਾ ਸੀ। ਫੇਰ ਇੱਕ ਦਿਨ ਆਇਆ ਕਿ ਨਾਲ਼ ਨਾਲ਼ ਬਜ਼ਾਰਾਂ ਦੇ ਬਜ਼ਾਰ ਖ਼ਾਲੀ ਹੋ ਗਏ। ਬਜ਼ਾਰਾਂ ਵਿੱਚ ਸਾਰਾ ਸਮਾਨ ਸੀ, ਪਰ ਲੋਕਾਂ ਕੋਲ਼ ਖ਼ਰੀਦਣ ਲਈ ਪੈਸਾ ਨਹੀਂ ਸੀ। ਇਸ ਲਈ ਥੋੜ੍ਹੇ ਦਿਨਾਂ ਵਿੱਚ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਭੁੱਖ ਦੇ ਦੁੱਖੋਂ ਮਰ ਗਏ। ਬਹੁਤ ਸਾਰੇ ਲੋਕ ਬਗ਼ਾਵਤ ਵਿੱਚ ਮਾਰੇ ਗਏ, ਜੋ ਬਚੇ ਉਹ ਸ਼ਹਿਰ ਛੱਡ ਕੇ ਦੌੜ ਗਏ। ਇੱਕ ਦਿਨ ਇਸ ਸ਼ਹਿਰ ਵਿੱਚ ਸਿਰਫ਼ ਤਿੰਨ ਆਦਮੀ ਰਹਿ ਗਏ। ਮੈਂ ਤੇ ਮੇਰੇ ਪਿਤਾ ਜੀ ਤੇ ਮੇਰੇ ਮਾਤਾ ਜੀ। ਫੇਰ ਮੇਰੇ ਪਿਤਾ ਜੀ ਨੇ ਆਤਮ-ਹੱਤਿਆ ਕਰ ਲਈ ਕਿਉਂਕਿ ਇਸ ਸ਼ਹਿਰ ਵਿੱਚ ਹੁਣ ਕੋਈ ਆਦਮੀ ਨਹੀਂ ਸੀ ਰਹਿੰਦਾ। ਇਸ ਲਈ ਹੁਣ ਉਨ੍ਹਾਂ ਨੂੰ ਨਫ਼ਾ ਵੀ ਨਹੀਂ ਸੀ ਹੁੰਦਾ। ਤੂੰ ਜਾਣਦਾ ਏਂ ਨਫ਼ਾ ਮਸ਼ੀਨਾਂ ਤੋਂ ਨਹੀਂ ਮਿਲ਼ਦਾ, ਆਦਮੀਆਂ ਤੋਂ ਮਿਲ਼ਦਾ ਹੈ। ਜਦ ਕੋਈ ਆਦਮੀ ਹੀ ਨਾ ਰਿਹਾ ਤਾਂ ਪਿਤਾ ਜੀ ਕਿਸ ਤੋਂ ਨਫ਼ਾ ਕਮਾਉਂਦੇ ? ਅੰਤ ਵਿੱਚ ਉਹ ਇਸ ਗ਼ਮ ਨੂੰ ਸਹਾਰ ਨਾ ਸਕੇ ਤੇ ਆਤਮ ਹੱਤਿਆ ਕਰਕੇ ਮਰ ਗਏ। ਤਿੰਨ ਸਾਲ ਹੋਏ ਮੇਰੇ ਮਾਤਾ ਜੀ ਵੀ ਚੱਲ ਵਸੇ। ਉਦੋਂ ਤੋਂ ਮੈਂ ਇਸ ਸ਼ਹਿਰ ਵਿੱਚ 'ਕੱਲਾ ਹਾਂ ਤੇ ਮਸ਼ੀਨਾਂ ਦੇ ਬਟਨ ਦਬਾਉਂਦਾ ਰਹਿੰਦਾ ਹਾਂ ਜਾਂ ਵਿਹਲੇ ਵੇਲ਼ੇ ਸਿਨੇਮਾ ਵੇਖਦਾ ਹਾਂ। ਪਰ ਕੋਈ ਸਿਨੇਮਾ ਅਜਿਹਾ ਨਹੀਂ ਸੀ ਜੋ ਬੱਚਿਆਂ ਲਈ ਹੋਵੇ। ਇਸ ਲਈ ਮੈਂ ਤੰਗ ਆ ਕੇ ਸਾਰੇ ਫ਼ਿਲਮ ਡਾਇਰੈਕਟਰਾਂ ਨੂੰ ਉੱਲੂ ਬਣਾ ਕੇ ਰੱਖ ਦਿੱਤਾ ਹੈ। ਤੂੰ ਰਾਹ ਵਿੱਚ ਉਹਨਾਂ ਨੂੰ ਦੇਖਿਆ ਹੋਵੇਗਾ ?"

"ਹਾਂ! ਪਰ ਤੂੰ ਇਹ ਨਹੀਂ ਦੱਸਿਆ ਕਿ ਤੇਰੀਆਂ ਉਂਗਲ਼ਾਂ ਕਿਸ ਨੇ ਕੱਟ ਦਿੱਤੀਆਂ ਹਨ ?"

"ਮੇਰੇ ਪਿਤਾ ਜੀ ਨੇ। ਗੱਲ ਇਹ ਸੀ ਕਿ ਮੈਨੂੰ ਹੱਥ ਨਾਲ਼ ਕੰਮ ਕਰਨ ਦਾ ਬੜਾ ਸ਼ੌਕ ਸੀ ਤੇ ਉਹ ਕਹਿੰਦੇ ਸਨ ਕਿ ਕੰਮ ਕਰਨ ਦੀ ਕੀ ਲੋੜ ਹੈ। ਕੰਮ ਮਸ਼ੀਨਾਂ ਨੂੰ ਕਰਨ ਦਿਓ। ਆਦਮੀ ਨੂੰ ਸਿਰਫ਼ ਬਟਨ ਦਬਾਉਣਾ ਚਾਹੀਦਾ ਹੈ। ਇਸ ਲਈ ਉਹਨਾਂ ਨੇ ਮੇਰੀਆਂ ਉਂਗਲ਼ਾਂ ਵੱਢ ਸੁੱਟੀਆਂ।" ਮੁੰਡੇ ਨੇ ਬੜੀ ਉਦਾਸੀ ਨਾਲ਼ ਆਪਣੇ ਹੱਥਾਂ ਵੱਲ ਦੇਖਿਆ।

ਯੂਸਫ਼ ਨੇ ਕਿਹਾ, "ਤੂੰ ਮੇਰੇ ਨਾਲ਼ ਚੱਲ। ਇਸ ਸ਼ਹਿਰ ਨੂੰ ਛੱਡ ਦੇ। ਇਹ ਸ਼ਹਿਰ ਨਹੀਂ ਹੈ। ਨਫ਼ਾ-ਖ਼ੋਰਾਂ ਦਾ ਕਬਰਿਸਤਾਨ ਹੈ।"

ਮੁੰਡੇ ਨੇ ਕਿਹਾ,"ਤੇਰੇ ਨਾਲ਼ ਜਾ ਕੇ ਕੀ ਕਰਾਂਗਾ ?"

ਯੂਸਫ਼ ਨੇ ਕਿਹਾ, "ਰੁੱਖ 'ਤੇ ਚੜ੍ਹਾਂਗੇ, ਨਵੀਂ ਦੁਨੀਆਂ ਦੇਖਾਂਗੇ। ਭਾਂਤ-ਭਾਂਤ ਦੇ ਲੋਕਾਂ ਨੂੰ ਮਿਲ਼ਾਂਗੇ।"

ਮੁੰਡੇ ਨੇ ਕਿਹਾ,"ਪਰ ਮੈਂ ਰੁੱਖ 'ਤੇ ਕਿਵੇਂ ਚੜ੍ਹਾਂਗਾ ? ਮੈਂ ਤਾਂ ਸਿਰਫ਼ ਬਟਨ ਦਬਾ ਸਕਦਾ ਹਾਂ।"

ਯੂਸਫ਼ ਨੇ ਕਿਹਾ,"ਉਹ ਮੈਂ ਸਿਖਾ ਦਿਆਂਗਾ। ਤੂੰ ਚੱਲ ਤਾਂ ਸਹੀ। ਕੀ ਨਾਂ ਏ ਤੇਰਾ ?"

"ਇੱਕ, ਸਿਫ਼ਰ, ਸਿਫ਼ਰ-(100)।"

"ਇਹ ਵੀ ਕੋਈ ਨਾਂ ਏ ? ਮੈਨੂੰ ਤਾਂ ਟੈਲੀਫ਼ੋਨ ਦਾ ਨੰਬਰ ਲੱਗਦਾ ਹੈ।"

ਮੁੰਡੇ ਨੇ ਕਿਹਾ,"ਸਾਡੇ ਸ਼ਹਿਰ ਵਿੱਚ ਆਦਮੀਆਂ ਦੇ ਨਾਂ ਨਹੀਂ ਹੁੰਦੇ, ਨੰਬਰ ਹੁੰਦੇ ਹਨ। ਮੇਰਾ ਨੰਬਰ ਇੱਕ ਸਿਫ਼ਰ ਸਿਫ਼ਰ ਹੈ।"

ਯੂਸਫ਼ ਨੇ ਕਿਹਾ,"ਮੈਂ ਅੱਜ ਤੋਂ ਤੈਨੂੰ ਮੋਹਨ ਕਹਾਂਗਾ।"

"ਮੋਹਨ ?" ਇੱਕ ਸਿਫ਼ਰ ਸਿਫ਼ਰ ਨੇ ਦੁਹਰਾਉਂਦੇ ਹੋਏ ਕਿਹਾ, "ਸੋਹਣਾ ਨਾਂ ਲੱਗਦਾ ਹੈ ਮੋਹਨ। ਟੱਲੀ ਵਾਂਗ ਵੱਜਦਾ ਹੈ।"

ਜਦ ਮੋਹਨ ਯੂਸਫ਼ ਨਾਲ਼ ਜਾਣ ਲੱਗਾ ਤਾਂ ਉਸ ਨੇ ਸ਼ਹਿਰ ਨੂੰ ਆਖ਼ਰੀ ਵਾਰ ਦੇਖਿਆ ਤੇ ਅਫ਼ਸੋਸ ਨਾਲ਼ ਕਹਿਣ ਲੱਗਾ,"ਪਰ ਇਹ ਏਡਾ ਵੱਡਾ ਸ਼ਹਿਰ, ਇਹ ਸੁਹਣੀਆਂ ਸੜਕਾਂ, ਕਾਰਖ਼ਾਨੇ, ਕਾਰਾਂ, ਮਕਾਨ, ਘਰ, ਗਲ਼ੀ, ਕੂਚੇ, ਬਜ਼ਾਰ, ਧਨ, ਦੌਲਤ ਦੇ ਢੇਰ— ਇਹ ਸਭ ਕਾਸੇ ਦਾ ਕੀ ਹੋਵੇਗਾ ? ਬਿਨਾਂ ਆਦਮੀ ਦੇ ਇਹਨਾਂ ਦਾ ਕੋਈ ਮੁੱਲ ਨਹੀਂ। ਇਹਨਾਂ ਸਾਰੀਆਂ ਵਸਤਾਂ ਦਾ ਮੁੱਲ ਆਦਮੀ ਕਰਕੇ ਪੈਂਦਾ ਹੈ। ਕੱਪੜੇ ਆਦਮੀਆਂ ਦੇ ਪਾਉਣ ਲਈ ਹੁੰਦੇ ਹਨ, ਮਠਿਆਈਆਂ ਬੱਚਿਆਂ ਦੇ ਖ਼ਾਣ ਲਈ ਹੁੰਦੀਆਂ ਹਨ, ਸੜਕਾਂ ਮੁਸਾਫ਼ਰਾਂ ਦੇ ਤੁਰਨ ਲਈ ਹੁੰਦੀਆਂ ਹਨ, ਪਰ ਜੇ ਕਾਰਖ਼ਾਨਿਆਂ ਵਿੱਚ ਮਜ਼ਦੂਰ ਦੇ ਹੱਥ ਕੰਮ ਨਾ ਕਰਦੇ ਹੋਣ ਤੇ ਘਰਾਂ ਵਿੱਚ ਤੀਵੀਂਆਂ ਦਾ ਹਾਸਾ ਨਾ ਸੁਣਦਾ ਹੋਵੇ ਤੇ ਗਲ਼ੀ ਮੁਹੱਲਿਆਂ ਵਿੱਚ ਬੱਚਿਆਂ ਦੇ ਰੌਲ਼ੇ ਦੀਆਂ 'ਵਾਜਾਂ ਨਾ ਆਉਣ— ਕੀ ਤੂੰ ਕਦੇ ਗਲ਼ੀਆਂ ਵਿੱਚ ਰੌਲ਼ਾ ਪਾਇਆ ਹੈ ?"

"ਰੌਲ਼ਾ ਕਿਸਨੂੰ ਕਹਿੰਦੇ ਹਨ ?" ਮੋਹਨ ਨੇ ਬੜੀਆਂ ਉਦਾਸ ਨਜ਼ਰਾਂ ਨਾਲ਼ ਯੂਸਫ਼ ਵੱਲ ਦੇਖਦੇ ਹੋਏ ਕਿਹਾ।

ਯੂਸਫ਼ ਨੇ ਆਪਣੀ ਗੱਲ ਅਧੂਰੀ ਰਹਿਣ ਦਿੱਤੀ। ਉਸ ਨੇ ਮੋਹਨ ਨੂੰ ਬਾਹੋਂ ਫੜ ਕੇ ਘਸੀਟਦੇ ਹੋਏ ਕਿਹਾ :

"ਛੇਤੀ ਏਥੋਂ ਦੌੜ ਚੱਲ, ਨਹੀਂ ਤਾਂ ਇਹ ਚੁੱਪ ਸ਼ਹਿਰ ਤੈਨੂੰ ਖਾ ਜਾਏਗਾ। ਹਾਲੀ ਤੂੰ ਮਸਾਂ ਦਸਾਂ ਸਾਲਾਂ ਦਾ ਏਂ ਕਿ ਤੇਰੇ ਚਿਹਰੇ 'ਤੇ ਝੁਰੜੀਆਂ ਪੈ ਗਈਆਂ ਹਨ।

ਯੂਸਫ਼ ਮੋਹਨ ਨੂੰ ਬਾਹੋਂ ਫੜੀ ਕੈਮਰੇ ਦੀ ਅੱਖ ਵਿੱਚੋਂ ਬਾਹਰ ਨਿੱਕਲ਼ ਆਇਆ। ਬਾਹਰ ਰੁੱਖ ਦੀ ਟਹਿਣੀ ਤੇ ਫ਼ਿਲਮ ਡਾਇਰੈਕਟਰ ਬੈਠੇ ਬੜੀ ਗੰਭੀਰਤਾ ਨਾਲ਼ ਇੱਕ ਦੂਜੇ ਨਾਲ਼ ਬਹਿਸ ਕਰ ਰਹੇ ਸਨ। ਇੱਕ ਕਹਿ ਰਿਹਾ ਸੀ, "ਮੈਂ ਤੇਰੇ ਨਾਲ਼ੋਂ ਵੱਡਾ ਡਾਇਰੈਕਟਰ ਹਾਂ।"

ਦੂਜਾ ਕਹਿ ਰਿਹਾ ਸੀ ,"ਨਹੀਂ ਮੈਂ ਤੈਥੋਂ ਵੱਡਾ ਹਾਂ।"

ਪਹਿਲੇ ਡਾਇਰੈਕਟਰ ਨੇ ਕਿਹਾ,"ਇਸ ਦਾ ਸਬੂਤ ?"

ਦੂਜੇ ਡਾਇਰੈਕਟਰ ਨੇ ਕਿਹਾ,"ਇਸ ਦਾ ਸਬੂਤ ਇਹ ਹੈ ਕਿ ਮੈਂ ਇਸ ਰੁੱਖ ਦੀ ਟਹਿਣੀ 'ਤੇ ਪੁੱਠਾ ਲਟਕ ਸਕਦਾ ਹਾਂ।" ਇਹ ਕਹਿ ਕੇ ਉਸ ਨੇ ਆਪਣੇ ਖ਼ੰਭ ਫੜਫੜਾਏ ਤੇ ਰੁੱਖ ਦੀ ਟਹਿਣੀ ਨਾਲ਼ ਚਾਮਚੜਿੱਕ ਵਾਂਗ ਪੁੱਠਾ ਲਟਕ ਗਿਆ।

ਪਹਿਲੇ ਡਾਇਰੈਕਟਰ ਨੇ ਕਿਹਾ, "ਮੈਂ ਤੇਰੀਆਂ ਫ਼ਿਲਮਾਂ ਵੇਖ ਕੇ ਪਤਾ ਲਾ ਲਿਆ ਸੀ ਕਿ ਉਹ ਫ਼ਿਲਮਾਂ ਵੀ ਤੂੰ ਕੈਮਰੇ ਨਾਲ਼ ਪੁੱਠਾ ਲਟਕ ਕੇ ਬਣਾਈਆਂ ਹਨ।"

ਯੂਸਫ਼ ਨੇ ਮੋਹਨ ਨੂੰ ਕਿਹਾ—"ਇਹਨਾਂ ਲੋਕਾਂ ਦੀ ਬਹਿਸ ਵਿੱਚ ਪੈਣਾ ਸਾਡੇ ਬੱਚਿਆਂ ਲਈ ਠੀਕ ਨਹੀਂ ਹੈ। ਆ ਅਸੀਂ ਅਗਾਂਹ ਚੱਲੀਏ।"

5.

ਰੁੱਖ ਦੀ ਟਹਿਣੀ 'ਤੇ ਹੌਲ਼ੀ-ਹੌਲ਼ੀ ਤੁਰਦੇ ਹੋਏ ਉਹ ਫੇਰ ਰੁੱਖ ਦੇ ਤਣੇ 'ਤੇ ਆ ਪੁੱਜੇ। ਮੋਹਨ ਨੇ ਇਹ ਬੜੀ ਹੁਸ਼ਿਆਰੀ ਕੀਤੀ ਕਿ ਉਹ ਇੱਕ ਟਾਰਚ ਲੈ ਆਇਆ। ਇਸ ਟਾਰਚ ਦੀ ਰੌਸ਼ਨੀ ਵਿੱਚ ਦੋਨੋਂ ਦੋਸਤ ਰੁੱਖ ਉੱਤੇ ਚੜ੍ਹਨ ਲੱਗੇ। ਅੱਗੇ ਅੱਗੇ ਮੋਹਨ, ਪਿੱਛੇ ਪਿੱਛੇ ਯੂਸਫ਼ ਸੀ ਤਾਂ ਜੋ ਜੇ ਕਿਤੇ ਮੋਹਨ ਰੁੱਖ ਤੋਂ ਡਿੱਗਣ ਲੱਗੇ ਤਾਂ ਪਿੱਛੋਂ ਯੂਸਫ਼ ਉਸ ਨੂੰ ਥੰਮ੍ਹ ਲਏ। ਮੋਹਨ ਆਪਣੇ ਅੰਗੂਠੇ ਦੀ ਮਦਦ ਨਾਲ਼ ਬੜੀ ਮਿਹਨਤ ਤੇ ਔਖਿਆਈ ਨਾਲ਼ ਰੁੱਖ 'ਤੇ ਚੜ੍ਹਦਾ ਜਾਂਦਾ ਸੀ ਤੇ ਯੂਸਫ਼ ਉਸ ਨੂੰ ਟਾਰਚ ਵਖਾਂਦਾ ਜਾਂਦਾ। ਥੋੜ੍ਹੀ ਦੂਰ ਹਨੇਰੇ ਵਿੱਚ ਚੜ੍ਹਨ ਮਗਰੋਂ ਹਲਕੀ ਹਲਕੀ ਰੌਸ਼ਨੀ ਦਿਖਣ ਲੱਗੀ— ਅਜਿਹੀ ਰੌਸ਼ਨੀ ਜਿਹੋ ਜਿਹੀ ਚਾਨਣੀ ਰਾਤ ਵਿੱਚ ਦਿਖਦੀ ਹੈ। ਅੱਗੇ ਜਾ ਕੇ ਉਹਨਾਂ ਨੇ ਦੇਖਿਆ ਕਿ ਰੁੱਖ ਦੀ ਇੱਕ ਉੱਚੀ ਡਾਲ਼ 'ਤੇ ਪਿੰਜਰਾ ਲਟਕਿਆ ਹੋਇਆ ਹੈ ਤੇ ਉਸ ਵਿੱਚ ਚੰਦ ਬੰਦ ਹੈ।

ਇਸ ਪਿੰਜਰੇ ਕੋਲ਼ ਇੱਕ ਅਜੀਬ ਸ਼ਕਲ ਦਾ ਦਿਓ ਬੈਠਾ ਸੀ ਜਿਸ ਦਾ ਰੰਗ ਚਾਂਦੀ ਵੰਨਾ ਸੀ। ਇਸ ਦਿਓ ਦੀਆਂ ਅੱਖਾਂ ਚਾਂਦੀ ਦੀਆਂ ਸਨ। ਉਸ ਦੀਆਂ ਬਾਹਾਂ ਚਾਂਦੀ ਦੀਆਂ ਸਨ। ਉਸ ਦੀ ਜੀਭ ਚਾਂਦੀ ਦੀ ਸੀ ਤੇ ਜਦ ਉਹ ਗੱਲ ਕਰਦਾ ਸੀ ਤਾਂ ਉਸ ਦੇ ਮੂੰਹ ਵਿੱਚੋਂ ਲਫ਼ਜ਼ਾਂ ਦੀ ਥਾਂ ਰੁਪਏ ਨਿੱਕਲ਼ਦੇ ਸਨ ਤੇ ਇਹ ਰੁਪਏ ਖਨ-ਖਨ ਕਰਦੇ ਅਜੀਬ ਜਹੀ ਅਵਾਜ਼ ਕਰਦੇ ਹੋਏ ਹੇਠਾਂ ਇੱਕ ਬਹੁਤ ਵੱਡੀ ਚਾਂਦੀ ਦੀ

ਤਸ਼ਤਰੀ ਵਿੱਚ ਡਿੱਗਦੇ ਸਨ। ਇਸ ਤਸ਼ਤਰੀ ਦੇ ਵਿੱਚ ਇੱਕ ਵੱਡਾ ਛੇਕ ਸੀ ਜਿਸ ਵਿੱਚ ਨਲੀ ਲੱਗੀ ਹੋਈ ਸੀ ਤੇ ਜਿਸ ਦਾ ਇੱਕ ਸਿਰਾ ਤਸ਼ਤਰੀ ਵਿੱਚ ਤੇ ਦੂਜਾ ਸਿਰਾ ਇਸ ਦਿਓ ਦੀ ਧੁੰਨੀ ਵਿੱਚ ਲੱਗਿਆ ਹੋਇਆ ਸੀ। ਇਸ ਲਈ ਰੁਪਏ ਦਿਓ ਦੇ ਬੁੱਲ੍ਹਾਂ ਵਿੱਚੋਂ ਡਿਗਦੇ ਅਵਾਜ਼ ਪੈਦਾ ਕਰਦੇ ਹੋਏ ਤਸ਼ਤਰੀ ਵਿੱਚ ਖਨ-ਖਨ ਕਰਦੇ ਤੇ ਛੇਕ ਵਿੱਚੋਂ ਦਿਓ ਦੀ ਧੁੰਨੀ ਵਿੱਚ ਚਲੇ ਜਾਂਦੇ। ਯੂਸਫ਼ ਨੇ ਜਦ ਇਹਨਾਂ ਡਿੱਗਦੇ ਹੋਏ ਰੁਪਈਆਂ ਨੂੰ ਹੱਥ ਵਿੱਚ ਫੜਨਾ ਚਾਹਿਆ ਤਾਂ ਉਸ ਨੇ 'ਸੀ' ਕਰਕੇ ਝੱਟ ਰੁਪਇਆਂ ਨੂੰ ਛੱਡ ਦਿੱਤਾ ਕਿਉਂਕਿ ਰੁਪਏ ਅੱਗ ਵਾਂਗ ਤਪ ਰਹੇ ਸਨ। ਯੂਸਫ਼ ਆਪਣੇ ਹੱਥ ਵੱਲ ਵੇਖਣ ਲੱਗਾ। ਉਸ ਦਾ ਹੱਥ ਜਲ਼ ਗਿਆ ਸੀ। ਹਥੇਲੀ 'ਤੇ ਥਾਂ ਥਾਂ ਛਾਲੇ ਪੈ ਗਏ ਸਨ।

ਮੋਹਨ ਨੇ ਪੁੱਛਿਆ,"ਹੁਣ ਤੂੰ ਰੁੱਖ 'ਤੇ ਕਿਵੇਂ ਚੜ੍ਹੇਂਗਾ?"

ਦਿਓ ਨੇ ਹੱਸ ਕੇ ਕਿਹਾ—"ਅੱਗੇ ਜਾਣ ਦੀ ਕੀ ਲੋੜ ਹੈ? ਸਾਡੀ ਦੁਨੀਆਂ ਵਿੱਚ ਰਹੋ।"

ਮੋਹਨ ਨੇ ਪੁੱਛਿਆ—"ਤੁਹਾਡੀ ਦੁਨੀਆਂ ਕਿਹੜੀ ਹੈ?"

ਦਿਓ ਨੇ ਆਪਣੇ ਕੋਲ਼ ਰੱਖੇ ਇੱਕ ਬਹੁਤ ਵੱਡੇ ਢੋਲ਼ ਨੂੰ ਆਪਣੇ ਗਲ਼ ਵਿੱਚ ਲਟਕਾ ਲਿਆ। ਇਹ ਢੋਲ਼ ਬੜਾ ਅਜੀਬ ਜਿਹਾ ਸੀ। ਇਹ ਢੋਲ਼ ਹੱਡੀਆਂ ਦਾ ਬਣਿਆ ਹੋਇਆ ਸੀ, ਯਾਨੀ ਢੋਲ਼ ਦਾ ਜੋ ਹਿੱਸਾ ਲੱਕੜ ਦਾ ਹੁੰਦਾ ਹੈ ਉਹ ਹੱਡੀਆਂ ਦਾ ਬਣਿਆ ਹੋਇਆ ਸੀ ਤੇ ਜੋ ਚੰਮ ਦੇ ਪਰਦੇ ਹੁੰਦੇ ਹਨ ਉਹ ਦੋ ਰੰਗਾਂ ਦੇ ਸਨ। ਇੱਕ ਪਾਸੇ ਦੀ ਖੱਲ ਕਾਲ਼ੀ ਸੀ ਤੇ ਦੂਜੇ ਪਾਸੇ ਦੀ ਚਿੱਟੀ।

ਯੂਸਫ਼ ਨੇ ਪੁੱਛਿਆ—"ਓ ਵੱਡੇ ਦਿਓ, ਜੇ ਜਾਨ ਦੀ ਅਮਾਨ ਪਾਵਾਂ ਤਾਂ ਕੁੱਝ ਅਰਜ਼ ਕਰਾਂ।"

ਚਾਂਦੀ ਦੇ ਦਿਓ ਨੇ ਕਿਹਾ—"ਬੋਲ ਕੀ ਕਹਿੰਦਾ ਹੈਂ? ਤੇਰੀ ਜਾਨ ਬਖ਼ਸ਼ ਦਿੱਤੀ। ਬਾ-ਅਦਬ, ਬਾ-ਮੁਲਾਹਿਜ਼ਾ ਹੁਸ਼ਿਆਰ। ਬੋਲ ਕੀ ਬਕਣਾ ਏਂ?"

ਯੂਸਫ਼ ਨੇ ਕਿਹਾ—"ਇਹ ਢੋਲ਼ ਲੱਕੜੀ ਦੀ ਥਾਂ ਹੱਡੀਆਂ ਦਾ ਕਿਉਂ ਹੈ?"

ਦਿਓ ਨੇ ਕਿਹਾ—"ਲੱਕੜ ਬਹੁਤ ਮਹਿੰਗੀ ਹੁੰਦੀ ਹੈ, ਏਸ ਲਈ ਮੈਂ ਢੋਲ਼ ਮਨੁੱਖ ਦੀਆਂ ਹੱਡੀਆਂ ਦਾ ਬਣਾਇਆ ਹੈ ਤੇ ਇਸ 'ਤੇ ਚੰਮ ਵੀ ਮਨੁੱਖ ਦਾ ਹੀ ਮੜ੍ਹਿਆ ਹੋਇਆ ਹੈ ਕਿਉਂਕਿ ਦੂਜੇ ਜਾਨਵਰਾਂ ਦਾ ਚੰਮ ਬੜਾ ਮਹਿੰਗਾ ਆਉਂਦਾ ਹੈ।"

ਮੋਹਨ ਨੇ ਪੁੱਛਿਆ,"ਪਰ ਇੱਕ ਖੋਲ ਕਾਲ਼ਾ ਹੈ, ਦੂਜਾ ਚਿੱਟਾ ਹੈ। ਇਸ ਦਾ ਕੀ ਮਤਲਬ ਹੈ?"

ਦਿਓ ਨੇ ਕਿਹਾ—"ਇੱਕ ਕਾਲ਼ੇ ਆਦਮੀ ਦਾ ਚੰਮ ਹੈ, ਦੂਜਾ ਗੋਰੇ ਆਦਮੀ ਦਾ ਚੰਮ ਹੈ। ਪਰ ਮੈਂ ਦੋਨਾਂ ਨੂੰ ਇੱਕੋ ਛਿਟੀ ਨਾਲ਼ ਕੁੱਟਦਾ ਹਾਂ।"

ਫੇਰ ਚਾਂਦੀ ਦੇ ਦਿਓ ਨੇ ਢੋਲ਼ ਵਜਾਉਂਦੇ ਹੋਏ ਉੱਚੀ ਉੱਚੀ ਬੋਲਣਾ ਸ਼ੁਰੂ ਕੀਤਾ—"ਡਮ, ਡਮ, ਡਮ ਆ ਜਾਓ, ਜਾਦੂ ਦੀ ਦੁਨੀਆਂ ਦੇਖੋ। ਮਨੁੱਖਾਂ ਦੇ ਢੇਰ ਦੇਖੋ। ਟਿਕਟ ਸਿਰਫ਼ ਚਾਰ ਆਨੇ। ਡਮ, ਡਮ,

ਡਮ।"

ਯੂਸਫ਼ ਨੇ ਕਿਹਾ, "ਪਰ ਸਾਡੇ ਕੋਲ਼ ਤਾਂ ਇੱਕ ਪੈਸਾ ਵੀ ਨਹੀਂ ਹੈ।"

ਮੋਹਨ ਨੇ ਕਿਹਾ, "ਨਹੀਂ, ਮੇਰੇ ਬੋਝੇ ਵਿੱਚ ਅੱਠ ਆਨੇ ਹਨ।"

ਮੋਹਨ ਨੇ ਦਿਓ ਨੂੰ ਅੱਠ ਆਨੇ ਦਿੱਤੇ ਤੇ ਜਾਦੂ ਦੀ ਦੁਨੀਆਂ ਦੇ ਅੰਦਰ ਦਾਖ਼ਲ ਹੋ ਗਏ। ਅੰਦਰ ਜਾ ਕੇ ਯੂਸਫ਼ ਤੇ ਮੋਹਨ ਨੇ ਦੇਖਿਆ ਕਿ ਇੱਕ ਬਹੁਤ ਵੱਡਾ ਮਾਰੂਥਲ ਹੈ। ਧਰਤੀ ਬੰਜਰ ਹੈ। ਥਾਂ ਥਾਂ ਰੇਤ ਦੇ ਟਿੱਲੇ ਹਨ। ਮਾਰੂਥਲ ਦੇ ਵਿਚਕਾਰ ਇੱਕ ਲੰਮਾ ਸਾਰਾ ਰਾਹ ਹੈ ਜਿਸ 'ਤੇ ਮਨੁੱਖਾਂ ਦੀਆਂ ਹੱਡੀਆਂ ਖਿੰਡਰੀਆਂ ਪਈਆਂ ਹਨ ਤੇ ਇਸ ਰਾਹ 'ਤੇ ਲੱਖਾਂ ਮਨੁੱਖ ਰੋਂਦੇ ਪਿੱਟਦੇ, ਇੱਕ ਦੂਜੇ ਨੂੰ ਧੱਕਦੇ ਹੋਏ ਅੱਗੇ ਵਧ ਰਹੇ ਹਨ। ਇਹਨਾਂ ਦੋਵਾਂ ਮੁੰਡਿਆਂ ਨੇ ਦੇਖਿਆ ਕਿ ਹਰ ਮਨੁੱਖ ਦੇ ਪੈਰਾਂ ਵਿੱਚ ਸੋਨੇ ਦੀ ਜ਼ੰਜੀਰ ਪਈ ਹੋਈ ਹੈ। ਇਹ ਲੋਕ ਬੜੇ ਕਮਜ਼ੋਰ ਦਿਖਦੇ ਸਨ। ਇਹ ਬੜੀ ਔਖਿਆਈ ਨਾਲ਼ ਤੁਰਦੇ ਸਨ ਤੇ ਬਹੁਤ ਸਾਰੇ ਆਦਮੀ ਤਾਂ ਅਜਿਹੇ ਸਨ ਕਿ ਉਹਨਾਂ ਦੀਆਂ ਪੱਸਲ਼ੀਆਂ ਤੱਕ ਵੱਖ ਵੱਖ ਦਿਖਦੀਆਂ ਸਨ। ਯੂਸਫ਼ ਨੇ ਪੁੱਛਿਆ—"ਤੁਸੀਂ ਲੋਕ ਕੌਣ ਹੋ?"

ਇੱਕ ਆਦਮੀ ਨੇ ਕਿਹਾ—"ਅਸੀਂ ਲੋਕ ਸੋਨੇ ਦੇ ਦਿਓ ਦੇ ਗ਼ੁਲਾਮ ਹਾਂ। ਉਸ ਨੇ ਸਾਨੂੰ ਕੈਦ ਕਰ ਰੱਖਿਆ ਹੈ।"

ਯੂਸਫ਼ ਨੇ ਕਿਹਾ—"ਸੋਨੇ ਦਾ ਦਿਓ ਕਿੱਥੇ ਹੈ?"

"ਉਹ ਤੈਨੂੰ ਅੱਗੇ ਮਿਲ਼ੇਗਾ।"

"ਅੱਗੇ ਕਿੱਥੇ?"

"ਜਿੱਥੇ ਇਹ ਰਾਹ ਮੁੱਕਦਾ ਹੈ।"

ਜਿੱਥੇ ਰਾਹ ਮੁਕਦਾ ਸੀ, ਓਥੇ ਸੱਚਮੁੱਚ ਸੋਨੇ ਦਾ ਦਿਓ ਬੈਠਾ ਸੀ। ਉਸ ਦੀ ਸ਼ਕਲ ਸੂਰਤ ਚਾਂਦੀ ਦੇ ਦਿਓ ਨਾਲ਼ ਮਿਲ਼ਦੀ ਜੁਲ਼ਦੀ ਸੀ। ਫ਼ਰਕ ਸਿਰਫ਼ ਏਨਾ ਸੀ ਕਿ ਜਦ ਉਹ ਗੱਲ ਕਰਦਾ ਸੀ ਤਾਂ ਉਸ ਦੇ ਮੂੰਹ ਵਿੱਚੋਂ ਰੁਪਈਆਂ ਦੀ ਥਾਂ ਅਸ਼ਰਫ਼ੀਆਂ ਡਿੱਗਦੀਆਂ ਸਨ ਤੇ ਚਾਂਦੀ ਦੀ ਤਸ਼ਤਰੀ ਦੀ ਥਾਂ ਸੋਨੇ ਦੀ ਤਸ਼ਤਰੀ ਵਿੱਚ ਚਲੀਆਂ ਜਾਂਦੀਆਂ ਸਨ।

ਦਿਓ ਨੇ ਮੁੰਡਿਆਂ ਨੂੰ ਪੁੱਛਿਆ—"ਤੁਹਾਡਾ ਟਿਕਟ ਕਿੱਥੇ ਹੈ?"

ਮੁੰਡਿਆਂ ਨੇ ਡਰਦੇ ਡਰਦੇ ਆਪਣੇ ਟਿਕਟ ਵਿਖਾਏ। ਸੋਨੇ ਦੇ ਦਿਓ ਨੇ ਕਿਹਾ—"ਚੰਗਾ ਹੋਇਆ ਤੁਹਾਡੇ ਕੋਲ਼ ਟਿਕਟ ਹਨ, ਨਹੀਂ ਤਾਂ ਮੈਂ ਤੁਹਾਨੂੰ ਵੀ ਆਪਣੇ ਗ਼ੁਲਾਮ ਬਣਾ ਲੈਂਦਾ। ਚੰਗਾ ਹੁਣ ਮੇਰਾ ਤਮਾਸ਼ਾ ਦੇਖੋ।"

ਏਨਾ ਕਹਿ ਕੇ ਦਿਓ ਨੇ ਆਪਣੇ ਸਾਹਮਣਿਓਂ ਪਰਦੇ ਨੂੰ ਹਟਾਇਆ ਤੇ ਦੋਵਾਂ ਮੁੰਡਿਆਂ ਨੇ

ਦੇਖਿਆ ਕਿ ਉਸ ਮਾਰੂਥਲ ਵਿੱਚ ਇੱਕ ਬਹੁਤ ਵੱਡੀ ਕੰਧ ਖੜੋਤੀ ਹੈ ਤੇ ਇਹ ਕੰਧ ਸਾਰੀ ਦੀ ਸਾਰੀ ਸੋਨੇ ਦੀ ਹੈ। ਏਡੀ ਵੱਡੀ ਸੋਨੇ ਦੀ ਕੰਧ ਉਹਨਾਂ ਆਪਣੀ ਜ਼ਿੰਦਗੀ ਵਿੱਚ ਪਹਿਲਾਂ ਕਦੇ ਨਹੀਂ ਸੀ ਦੇਖੀ। ਪਰ ਇਹ ਦੇਖ ਕੇ ਉਹਨਾਂ ਨੂੰ ਹੋਰ ਵੀ ਹੈਰਾਨੀ ਹੋਈ ਕਿ ਇਸ ਕੰਧ ਦੀਆਂ ਨੀਂਹਾਂ ਵਿੱਚ ਛੋਟੇ ਛੋਟੇ ਛੇਕ ਬਣੇ ਹੋਏ ਹਨ ਤੇ ਦਿਓ ਦੇ ਪੁੱਤਰ ਉਹਨਾਂ ਸੋਨੇ ਦੀਆਂ ਜ਼ੰਜੀਰਾਂ ਨੂੰ ਖਿੱਚ ਖਿੱਚ ਕੇ ਉਹਨਾਂ ਛੇਕਾਂ ਵਿੱਚ ਪਾ ਰਹੇ ਸਨ ਜੋ ਮਨੁੱਖਾਂ ਦੇ ਪੈਰਾਂ ਨਾਲ਼ ਬੱਝੀਆਂ ਹੋਈਆਂ ਸਨ।

"ਇਹ ਕੀ ਹੋ ਰਿਹਾ ਹੈ?" ਮੋਹਨ ਨੇ ਪੁੱਛਿਆ।

ਦਿਓ ਨੇ ਕਿਹਾ—"ਇਹ ਮੈਂ ਸੋਨੇ ਦੀ ਕੰਧ ਉਗਾ ਰਿਹਾ ਹਾਂ।"

"ਸੋਨੇ ਦੀ ਕੰਧ ਵੀ ਉਗਦੀ ਏ?" ਮੋਹਨ ਨੇ ਹੈਰਾਨ ਹੋ ਕੇ ਪੁੱਛਿਆ।

ਦਿਓ ਨੇ ਕਿਹਾ—"ਜਿੰਨਾ ਚਿਰ ਤੁਹਾਨੂੰ ਇੱਥੇ ਆਇਆਂ ਹੋਇਆ ਹੈ, ਓਨੇ ਚਿਰ ਵਿੱਚ ਇਹ ਕੰਧ ਦੋ ਫ਼ੁੱਟ ਉੱਚੀ ਹੋ ਗਈ ਹੈ। ਵੇਖੋ, ਧਿਆਨ ਨਾਲ਼ ਵੇਖੋ! ਤੁਹਾਨੂੰ ਕੰਧ ਉੱਗਦੀ ਹੋਈ ਜਾਪੇਗੀ।"

ਬੱਚਿਆਂ ਨੇ ਧਿਆਨ ਨਾਲ਼ ਵੇਖਿਆ, ਸੱਚੀ ਮੁੱਚੀਂ ਕੰਧ ਵਧਦੀ ਹੋਈ ਜਾਪਦੀ ਸੀ। ਯੂਸਫ਼ ਨੇ ਦਿਓ ਦੇ ਪੁੱਤਰਾਂ ਵੱਲ ਵੇਖਦੇ ਹੋਏ ਕਿਹਾ—"ਪਰ ਇਹ ਓਥੇ ਸੋਨੇ ਦੀ ਕੰਧ ਕੋਲ਼ ਕੀ ਕਰ ਰਹੇ ਹਨ?"

"ਇਹ ਉਸ ਦੀਆਂ ਨੀਂਹਾਂ ਨੂੰ ਸਿੰਜ ਰਹੇ ਹਨ।"

ਚਾਣਚੱਕ ਦਿਓ ਨੇ ਤਾੜੀ ਵਜਾ ਕੇ ਕਿਹਾ—"ਖ਼ੁਲ੍ਹ ਸੁਮ ਸੁਮ।"

ਤੇ ਦਿਓ ਦੇ ਪੁੱਤਰਾਂ ਨੇ ਆਪਣੀਆਂ ਸੋਨੇ ਦੀਆਂ ਜ਼ੰਜੀਰਾਂ ਨੂੰ ਛੇਕ ਵਿੱਚ ਪਾ ਦਿੱਤਾ ਤੇ ਮੋਹਨ ਤੇ ਯੂਸਫ਼ ਨੇ ਦੇਖਿਆ ਕਿ ਉਹ ਸੋਨੇ ਦੀਆਂ ਜ਼ੰਜੀਰਾਂ ਨਹੀਂ ਸਨ, ਸਗੋਂ ਸੋਨੇ ਦੀਆਂ ਨਲ਼ੀਆਂ ਸਨ ਜਿਨ੍ਹਾਂ ਵਿੱਚੋਂ ਮਨੁੱਖਾਂ ਦਾ ਲਹੂ ਵਹਿ ਕੇ ਸੋਨੇ ਦੀਆਂ ਕੰਧਾਂ ਦੇ ਛੇਕਾਂ ਵਿੱਚ ਜਾ ਰਿਹਾ ਸੀ।

ਯੂਸਫ਼ ਨੇ ਘਬਰਾ ਕੇ ਕਿਹਾ—"ਪਰ ਇਹ ਤਾਂ ਆਦਮੀਆਂ ਦਾ ਲਹੂ ਹੈ।"

ਦਿਓ ਨੇ ਹੱਸਦੇ ਹੋਏ ਕਿਹਾ—"ਪਰ ਇਹ ਵੀ ਤਾਂ ਵੇਖ ਕੰਧ ਕਿੰਨੀ ਉੱਚੀ ਹੋ ਗਈ ਹੈ।"

## 6.

ਯੂਸਫ਼ ਤੇ ਮੋਹਨ ਉੱਥੋਂ ਸਿਰ 'ਤੇ ਪੈਰ ਰੱਖ ਕੇ ਦੌੜੇ। ਦੌੜਦੇ ਦੌੜਦੇ ਜਾਦੂ ਦੀ ਦੁਨੀਆਂ ਦੇ ਬਿਲਕੁਲ ਦੂਜੇ ਹਿੱਸੇ ਵਿੱਚ ਨਿੱਕਲ਼ ਆਏ। ਏਥੇ ਇੱਕ ਥੜ੍ਹੇ ਦੇ ਦਵਾਲ਼ੇ ਬਹੁਤ ਸਾਰੇ ਲੋਕ ਜਮ੍ਹਾਂ ਸਨ। ਸੈਆਂ ਹਜ਼ਾਰਾਂ ਦੀ ਗਿਣਤੀ ਵਿੱਚ ਹੋਣਗੇ। ਥੜ੍ਹੇ ਵੱਲ ਦੇਖ ਦੇਖ ਕੇ ਬੋਲੀ ਦੇ ਰਹੇ ਸਨ—

"ਦਸ ਹਜ਼ਾਰ।"

"ਵੀਹ ਹਜ਼ਾਰ।"

"ਚਾਲ਼ੀ ਹਜ਼ਾਰ।"

ਮੋਹਨ ਨੇ ਪੁੱਛਿਆ, "ਕੀ ਗੱਲ ਏ? ਕਿਸ ਚੀਜ਼ ਦੀ ਬੋਲੀ ਹੋ ਰਹੀ ਹੈ?"

ਯੂਸਫ਼ ਨੇ ਕਿਹਾ, "ਆ ਅੱਗੇ ਹੋ ਕੇ ਦੇਖੀਏ।"

ਥੜ੍ਹੇ ਦੇ ਕੋਲ਼ ਜਾ ਕੇ ਉਹਨਾਂ ਨੇ ਦੇਖਿਆ ਕਿ ਲੋਹੇ ਦੇ ਥੰਮ੍ਹ ਨਾਲ਼ ਲੋਹੇ ਦੀਆਂ ਜ਼ੰਜੀਰਾਂ ਨਾਲ਼ ਬੰਨ੍ਹੀ ਹੋਈ ਇੱਕ ਬੜੀ ਹੀ ਸੁਹਣੀ ਰਾਜਕੁਮਾਰੀ ਹੈ। ਉਸ ਦੇ ਸੁਹਲ ਰੇਸ਼ਮੀ ਵਾਲ਼ ਪਿੱਠ ਤੀਕ ਲਮਕ ਰਹੇ ਹਨ। ਉਸ ਦੀ ਕੰਵਲ ਦੀ ਡੰਡੀ ਵਰਗੀ ਲੰਮੀ ਧੌਣ ਇੱਕ ਪਾਸੇ ਨੂੰ ਨਿਵੀਂ ਹੋਈ ਹੈ ਤੇ ਹੰਝੂ ਉਸ ਦੀਆਂ ਅੱਖਾਂ ਵਿੱਚੋਂ ਲਗਾਤਾਰ ਵਹਿ ਰਹੇ ਸਨ। ਪਰ ਯੂਸਫ਼ ਤੇ ਮੋਹਨ ਨੂੰ ਇਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਉਸ ਦੀਆਂ ਅੱਖਾਂ ਵਿੱਚੋਂ ਜੋ ਹੰਝੂ ਕਿਰ ਰਹੇ ਹਨ ਅਸਲ ਵਿੱਚ ਉਹ ਹੰਝੂ ਨਹੀਂ ਹਨ, ਚਮਕਦਾਰ ਮੋਤੀ ਹਨ ਜੋ ਉਸ ਦੀਆਂ ਅੱਖਾਂ ਵਿੱਚੋਂ ਚੋ-ਚੋ ਕੇ ਥੱਲੇ ਧਰਤੀ 'ਤੇ ਕਿਰਦੇ ਜਾਂਦੇ ਹਨ ਉੱਥੇ ਇੱਕ ਆਦਮੀ ਕਿਰਮਚੀ ਰੰਗ ਦੇ ਗਲੀਚੇ 'ਤੇ ਬੈਠਾ ਬੜੇ ਠਰ੍ਹੰਮੇ ਨਾਲ਼ ਉਹਨਾਂ ਨੂੰ ਚੁਗਦਾ ਜਾਂਦਾ ਹੈ ਤੇ ਕਹਿੰਦਾ ਜਾਂਦਾ ਹੈ, "ਬੋਲੋ ਬੋਲੋ, ਮੁੱਲ ਪਾਓ। ਇਹ ਕੋਈ ਮਮੂਲੀ ਰਾਜਕੁਮਾਰੀ ਨਹੀਂ ਹੈ। ਇਹ ਰੋਂਦੀ ਹੈ ਤਾਂ ਇਸ ਦੀਆਂ ਅੱਖਾਂ ਵਿੱਚੋਂ ਮੋਤੀ ਝੜਦੇ ਹਨ। ਵੇਖਦੇ ਜਾਓ ਤੇ ਮੁੱਲ ਪਾਉਂਦੇ ਜਾਓ।"

"ਇੱਕ ਲੱਖ", ਇੱਕ ਆਦਮੀ ਨੇ ਘਬਰਾ ਕੇ ਕਿਹਾ।

"ਦੋ ਲੱਖ।"

"ਦਸ ਲੱਖ।"

"ਚਾਲ਼ੀ ਲੱਖ।"

ਬੋਲੀ ਚੜ੍ਹਦੀ ਰਹੀ।

ਮੋਤੀ ਧਰਤੀ 'ਤੇ ਡਿੱਗਦੇ ਰਹੇ।

ਮੋਹਨ ਨੇ ਕਿਹਾ,"ਤੂੰ ਇਸ ਦੀ ਕੀ ਬੋਲੀ ਦਏਂਗਾ?"

ਯੂਸਫ਼ ਨੇ ਕਿਹਾ,"ਮੈਂ ਤਾਂ ਇੱਕ ਪੈਸਾ ਵੀ ਨਹੀਂ ਦਵਾਂਗਾ। ਮੈਨੂੰ ਰੋਂਦੀ ਹੋਈ ਰਾਜਕੁਮਾਰੀ ਰਤਾ ਵੀ ਚੰਗੀ ਨਹੀਂ ਲੱਗਦੀ। ਮੈਨੂੰ ਤਾਂ ਹੱਸਣ ਵਾਲ਼ੀ ਰਾਜਕੁਮਾਰੀ ਚਾਹੀਦੀ ਏ।"

ਮੋਹਨ ਨੇ ਕਿਹਾ,"ਪਰ ਸੋਚ ਖਾਂ ਇਹ ਮੋਤੀਆਂ ਦੀ ਰਾਣੀ ਹੈ।"

ਯੂਸਫ਼ ਨੇ ਕਿਹਾ, "ਫੇਰ ਕੀ ਹੋਇਆ? ਇਹ ਵੀ ਤਾਂ ਸੋਚ ਕਿ ਮੋਤੀ ਹਾਸਲ ਕਰਨ ਲਈ ਇਸ ਨੂੰ ਹਰ ਵੇਲ਼ੇ ਰੁਆਉਣਾ ਪਏਗਾ। ਇਸ ਨੂੰ ਕਈ ਤਰ੍ਹਾਂ ਦੇ ਦੁਖ ਦੇਣੇ ਪੈਣਗੇ। ਭੁੱਖਿਆਂ ਰੱਖਣਾ ਪਏਗਾ, ਜ਼ੰਜੀਰਾਂ ਵਿੱਚ ਬੰਨ੍ਹ ਕੇ ਚਾਬਕਾਂ ਮਾਰਨੀਆਂ ਪੈਣਗੀਆਂ, ਤਦ ਕਿਤੇ ਜਾ ਕੇ ਇਹ ਮੋਤੀ ਮਿਲ਼ਣਗੇ। ਮੈਂ ਤਾਂ ਏਸ ਜ਼ੁਲਮ ਲਈ ਤਿਆਰ ਨਹੀਂ ਹਾਂ।"

ਮੋਹਨ ਨੇ ਕਿਹਾ, "ਤੂੰ ਠੀਕ ਕਹਿਨਾਂ ਏਂ। ਫੇਰ ਏਸ ਵਿਚਾਰੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਚਾਉਣਾ ਚਾਹੀਦਾ ਏ।"

ਯੂਸਫ਼ ਨੇ ਕਿਹਾ,"ਰਾਜਕੁਮਾਰੀ ਤੈਨੂੰ ਚੰਗੀ ਲੱਗਦੀ ਏ ?"

ਮੋਹਨ ਨੇ ਕਿਹਾ, "ਮੇਰੇ ਕੋਲ਼ ਇੱਕ ਕਹਾਣੀਆਂ ਦੀ ਕਿਤਾਬ ਸੀ। ਮੇਰੇ ਪਿਤਾ ਜੀ ਨੇ ਉਹ ਕਿਤਾਬ ਖੋਹ ਕੇ ਪਾੜ ਸੁੱਟੀ ਸੀ। ਉਸ ਵਿੱਚ ਰਾਜਕੁਮਾਰੀ ਦੀ ਤਸਵੀਰ ਸੀ।"

ਯੂਸਫ਼ ਕੁੱਝ ਦੇਰ ਚੁੱਪ ਰਿਹਾ। ਫੇਰ ਉਸ ਨੇ ਉੱਥੋਂ ਉੱਚੀ ਅਵਾਜ਼ ਵਿੱਚ ਕਿਹਾ, "ਹੇ ਰਾਜਕੁਮਾਰੀ, ਰਤਾ ਹੁਣ ਹੱਸ ਕੇ ਤਾਂ ਵਿਖਾ।"

ਮੋਤੀ ਚੁਨਣ ਵਾਲ਼ਾ ਆਦਮੀ ਜ਼ੋਰ ਨਾਲ਼ ਚੀਕਿਆ, "ਖ਼ਬਰਦਾਰ, ਜੇ ਹੱਸੀਓਂ, ਜਾਨੋਂ ਮਾਰ ਸੁੱਟਾਂਗਾ।"

ਇਹ ਕਹਿ ਕੇ ਉਸ ਨੇ ਜ਼ੋਰ ਨਾਲ਼ ਰਾਜਕੁਮਾਰੀ ਦੀ ਪਿੱਠ ਤੇ ਚਾਬਕ ਮਾਰਿਆ। ਯੂਸਫ਼ ਨੇ ਫੇਰ ਉੱਚੀ ਅਵਾਜ਼ ਵਿੱਚ ਕਿਹਾ,"ਜੇ ਵਿਕਣਾ ਨਹੀਂ ਤਾਂ ਹੱਸ ਜ਼ੋਰ ਨਾਲ਼ ਹੱਸ। ਦੁੱਖ ਵੀ ਹੋਵੇ, ਪੀੜ ਵੀ ਹੋਵੇ, ਤਾਂ ਵੀ ਹੱਸ। ਫੇਰ ਵੇਖੀਂ ਕੀ ਹੁੰਦਾ ਹੈ।"

ਰਾਜਕੁਮਾਰੀ ਨੇ ਜ਼ੋਰ ਜ਼ੋਰ ਨਾਲ਼ ਹੱਸਣਾ ਸ਼ੁਰੂ ਕਰ ਦਿੱਤਾ। ਚਾਣਚੱਕ ਉਸ ਦੀਆਂ ਅੱਖਾਂ ਵਿੱਚੋਂ ਮੋਤੀ ਕਿਰਨੇ ਬੰਦ ਹੋ ਗਏ ਤੇ ਬੁੱਲ੍ਹਾਂ 'ਚੋਂ ਫ਼ੁੱਲ ਝੜਨ ਲੱਗੇ। ਪਰ ਇਹ ਸਧਾਰਨ ਫ਼ੁੱਲ ਸਨ ਜਿਵੇਂ



ਗ਼ੁਲਾਬ, ਜੂਹੀ, ਤੇ ਨਰਗਸ ਦੇ ਫ਼ੁੱਲ ਹੁੰਦੇ ਹਨ। ਖ਼੍ਰੀਦਣ ਵਾਲ਼ਿਆਂ ਨੂੰ ਇਹਨਾਂ ਨਾਲ਼ ਕੋਈ ਵਾਸਤਾ ਨਹੀਂ ਸੀ। ਨੀਲਾਮ ਕਰਨ ਵਾਲ਼ਾ ਚਾਬਕ ਮਾਰਦਾ ਗਿਆ। ਫੇਰ ਵੀ ਸ਼ਹਿਜ਼ਾਦੀ ਹੱਸਦੀ ਗਈ। ਗਾਹਕ ਘਬਰਾ ਕੇ ਦੌੜ ਗਏ ਕਿਉਂਕਿ ਉਹ ਮੋਤੀਆਂ ਦੇ ਗਾਹਕ ਸਨ, ਫ਼ੁੱਲਾਂ ਦੇ ਗਾਹਕ ਨਹੀਂ ਸਨ।

ਕੁੱਝ ਚਿਰ ਵਿੱਚ ਚੌਹੀਂ ਪਾਸੀਂ ਉੱਲੂ ਬੋਲਣ ਲੱਗੇ। ਫੇਰ ਨੀਲਾਮ ਕਰਨ ਵਾਲ਼ਾ ਚਾਬਕ ਮਾਰਦੇ ਮਾਰਦੇ ਆਪੀਂ ਬੇਹੋਸ਼ ਹੋ ਕੇ ਡਿੱਗ ਪਿਆ ਕਿਉਂਕਿ ਉਹ ਫ਼ੁੱਲਾਂ ਦੀ ਮਹਿਕ ਨਹੀਂ ਸੀ ਸਹਾਰ ਸਕਦਾ। ਉਸ ਨੇ ਅੱਜ ਤੱਕ ਨਾ ਫ਼ੁੱਲ ਵੇਖੇ ਸਨ ਤੇ ਨਾ ਫ਼ੁੱਲਾਂ ਦੀ ਮਹਿਕ ਸੁੰਘੀ ਸੀ। ਇਸ ਲਈ ਉਹ ਵਿਚਾਰਾ ਬੇਹੋਸ਼ ਹੋ ਕੇ ਉੱਥੇ ਹੀ ਫ਼ੁੱਲਾਂ ਦੇ ਢੇਰ ਉੱਤੇ ਡਿੱਗ ਪਿਆ। ਮੋਹਨ ਤੇ ਯੂਸਫ਼ ਨੇ ਅੱਗੇ ਵਧ ਕੇ ਰਾਜਕੁਮਾਰੀ ਦੀਆਂ ਜ਼ੰਜੀਰਾਂ ਖੋਲ੍ਹ ਸੁੱਟੀਆਂ ਤੇ ਉਹਨੂੰ ਥੜ੍ਹੇ ਤੋਂ ਹੇਠਾਂ ਉਤਾਰਿਆ ਤੇ ਆਪਣੇ ਨਾਲ਼ ਲੈ ਤੁਰੇ।

ਤੁਰਦੇ ਤੁਰਦੇ ਮੋਹਨ ਨੇ ਰਾਜਕੁਮਾਰੀ ਦਾ ਹੱਥ ਫੜ ਲਿਆ। ਰਾਜਕੁਮਾਰੀ ਬਹੁਤ ਹੱਸੀ ਤੇ ਕਹਿਣ ਲੱਗੀ, "ਤੇਰੇ ਹੱਥ ਨਾਲ਼ ਬੱਸ ਅੰਗੂਠਾ ਹੀ ਏ।"

ਜਿਉਂ ਹੀ ਉਹ ਹੱਸੀ ਉਸ ਦੇ ਬੁੱਲ੍ਹਾਂ 'ਚੋ ਇੱਕ ਵਾਰ ਬਹੁਤ ਸਾਰੇ ਫ਼ੁੱਲ ਝੜ ਪਏ। ਜਿੱਥੇ ਫ਼ੁੱਲ ਝੜ ਕੇ ਧਰਤੀ 'ਤੇ ਡਿੱਗੇ ਉੱਥੇ ਬਹੁਤ ਸਾਰੇ ਫ਼ੁੱਲਾਂ ਵਾਲ਼ੇ ਬੂਟੇ ਉੱਗ ਪਏ। ਏਸ ਤਰ੍ਹਾਂ ਜਿੱਥੋਂ-ਜਿੱਥੋਂ ਰਾਜਕੁਮਾਰੀ, ਮੋਹਨ ਤੇ ਯੂਸਫ਼ ਲੰਘਦੇ ਗਏ ਉਸ ਮਾਰੂਥਲ ਨੂੰ ਹਰਿਆ ਬਣਾਉਂਦੇ ਗਏ। ਮੋਹਨ ਨੂੰ ਕਿਉਂਕਿ ਰਾਜਕੁਮਾਰੀ ਮਿਲ਼ ਗਈ ਇਸ ਲਈ ਉਹ ਬਹੁਤ ਖ਼ੁਸ਼ ਸੀ। ਯੂਸਫ਼ ਨੂੰ ਕਹਿਣ ਲੱਗਾ, "ਚੱਲ ਹੁਣ ਵਾਪਸ ਚੱਲੀਏ।"

ਯੂਸਫ਼ ਨੇ ਕਿਹਾ,"ਹਾਲੀ ਇਸ ਜਾਦੂ ਦੀ ਦੁਨੀਆਂ ਦੀ ਹੋਰ ਥੋੜ੍ਹੀ ਸੈਰ ਕਰ ਲਈਏ। ਚੌਂਹ ਆਨਿਆਂ ਦਾ ਟਿਕਟ ਲਿਆ ਹੈ, ਕੋਈ ਮੁਫ਼ਤ ਥੋੜ੍ਹਾ ਆਏ ਹਾਂ। ਵੇਖ ਔਹ ਸਾਹਮਣੇ ਕੀ ਏ।"

7.

ਸਾਹਮਣੇ ਬਹੁਤ ਸਾਰੇ ਲੋਕ ਰੰਗ ਬਿਰੰਗੀਆਂ ਝੰਡੀਆਂ ਹਿਲਾਉਂਦੇ ਹੋਏ ਜਾ ਰਹੇ ਸਨ। ਯੂਸਫ਼, ਮੋਹਨ ਤੇ ਰਾਜਕੁਮਾਰੀ ਵੀ ਇਹਨਾਂ ਲੋਕਾਂ ਦੇ ਮਗਰ-ਮਗਰ ਤੁਰਨ ਲੱਗੇ। ਭੀੜ ਉੱਚੀ ਉੱਚੀ ਨਾਅਰੇ ਲਾ ਰਹੀ ਸੀ,"ਅਲਾਦੀਨ ਨੂੰ ਵੋਟ ਦਿਓ। ਜੋ ਅਲਾਦੀਨ ਨੂੰ ਵੋਟ ਨਹੀਂ ਦਏਗਾ ਉਹ ਦੇਸ਼ ਦਾ ਗ਼ੱਦਾਰ ਹੋਵੇਗਾ। ਅਲਾਦੀਨ ਜ਼ਿੰਦਾਬਾਦ!"

ਭੀੜ ਇੰਝ ਨਾਅਰੇ ਲਾਉਂਦੀ ਝੰਡੀਆਂ ਹਿਲਾਉਂਦੀ ਹੋਈ ਸ਼ਹਿਰ ਦੇ ਇੱਕ ਵੱਡੇ ਚੌਂਕ ਵਿੱਚ ਪੁੱਜੀ। ਯੂਸਫ਼ ਨੇ ਦੇਖਿਆ ਲੋਕ ਭੁੱਖੇ ਦਿਖ ਰਹੇ ਹਨ। ਉਹਨਾਂ ਦੇ ਕੱਪੜੇ ਮੈਲ਼ੇ ਕੁਚੈਲ਼ੇ ਤੇ ਪਾਟੇ ਹੋਏ ਹਨ। ਪਰ ਫੇਰ ਵੀ ਉਹ ਖ਼ੁਸ਼ ਦਿਖ ਰਹੇ ਹਨ।

ਯੂਸਫ਼ ਨੇ ਪੁੱਛਿਆ,"ਏਥੇ ਕੀ ਗੱਲ ਏ?"

ਇੱਕ ਆਦਮੀ ਨੇ ਹੈਰਾਨੀ ਨਾਲ਼ ਕਿਹਾ,"ਸਾਰੀ ਦੁਨੀਆਂ ਨੂੰ ਪਤੈ ਤੇ ਤੈਨੂੰ ਨਹੀਂ ? ਅੱਜ ਜਾਦੂਗਰਾਂ ਦੀ ਚੋਣ ਏ। ਔਹ ਵੇਖ ਸਾਹਮਣੇ ਅਲਾਦੀਨ ਚਰਾਗ਼ ਹੱਥ ਵਿੱਚ ਫੜੀ ਚੋਣ ਲੜ ਰਿਹਾ ਹੈ।"

ਯੂਸਫ਼ ਨੇ ਦੇਖਿਆ, ਸੱਚੀਂ-ਮੁੱਚੀਂ ਵੱਡੇ-ਵੱਡੇ ਰੰਗ-ਬਿਰੰਗੇ ਝੰਡਿਆਂ ਵਿਚਕਾਰ ਅਲਾਦੀਨ ਖੜੋਤਾ ਤਕਰੀਰ ਕਰ ਰਿਹਾ ਸੀ।

ਅਲਾਦੀਨ ਕਹਿ ਰਿਹਾ ਸੀ, "ਭਰਾਵੋ ਤੇ ਭੈਣੋ, ਮੈਂ ਵੀ ਤੁਹਾਡੇ ਵਰਗਾ ਇੱਕ ਮਮੂਲੀ ਆਦਮੀ ਹਾਂ। ਮੈਂ ਤੁਹਾਡੇ ਦੁੱਖ-ਦਰਦ ਪਛਾਣ ਸਕਦਾ ਹਾਂ। ਮੈਨੂੰ ਪਤਾ ਏ ਤੁਸੀਂ ਭੁੱਖੇ ਹੋ, ਗ਼ਰੀਬ ਹੋ। ਤੁਹਾਡੇ ਸਰੀਰਾਂ 'ਤੇ ਕੱਪੜੇ ਨਹੀਂ, ਬੱਚਿਆਂ ਲਈ ਤਾਲੀਮ ਨਹੀਂ। ਮੈਨੂੰ ਪਤਾ ਏ ਪਿਛਲੀ ਹਕੂਮਤ ਨੇ ਤੁਹਾਡੇ ਲਈ ਕੁੱਝ ਨਹੀਂ ਕੀਤਾ, ਪਰ ਉਹ ਸੋਨੇ ਦੇ ਦਿਓ ਦੀ ਹਕੂਮਤ ਸੀ। ਮੈਂ ਦਰਜ਼ੀ ਦਾ ਪੁੱਤਰ ਹਾਂ। ਮੈਂ ਤੁਹਾਡੇ ਸਾਰੇ ਦੁੱਖ-ਦਰਦ ਦੂਰ ਕਰਾਂਗਾ। ਆਪਣੇ ਇਸ ਜਾਦੂ ਦੇ ਚਰਾਗ਼ ਦੀ ਮਦਦ ਨਾਲ਼ ਮੈਂ ਤੁਹਾਡੇ ਲਈ ਹਰ ਤਰ੍ਹਾਂ ਦੇ ਸੁੱਖ ਦਾ ਸਮਾਨ ਪੈਦਾ ਕਰਾਂਗਾ। ਵੇਖੋ, ਮੇਰੇ ਜਾਦੂ ਦੇ ਚਰਾਗ਼ ਦੇ ਕ੍ਰਿਸ਼ਮੇ।"

ਇਹ ਕਹਿ ਕੇ ਅਲਾਦੀਨ ਨੇ ਜਾਦੂ ਦੇ ਚਰਾਗ਼ ਨੂੰ ਆਪਣੀ ਹਥੇਲ਼ੀ 'ਤੇ ਰਗੜਿਆ। ਝੱਟ ਇੱਕ ਜਿੰਨ ਹਵਾ ਵਿੱਚ ਉੱਡਦਾ ਹੋਇਆ ਨਜ਼ਰੀਂ ਪਿਆ ਤੇ ਹਵਾ ਵਿੱਚ ਹੀ ਖੜੋ ਕੇ ਕਹਿਣ ਲੱਗਾ, "ਅਲਾਦੀਨ ਕੀ ਹੁਕਮ ਹੈ ?"



ਅਲਾਦੀਨ ਨੇ ਕਿਹਾ, "ਮੈਂ ਸ਼ਹਿਰ ਦੇ ਬੇਘਰ ਲੋਕਾਂ ਲਈ ਮਹੱਲ ਬਣਾਉਣਾ ਚਾਹੁੰਦਾ ਹਾਂ। ਰਤਾ ਇੱਕ ਮਹਿਲ ਲਿਆ ਕੇ ਵਖਾ।"

ਜਿੰਨ ਨੇ ਸਿਰ ਨਿਵਾਇਆ ਤੇ ਅੱਖੋਂ ਤੋਂ ਓਝਲ ਹੋ ਗਿਆ। ਦੂਸਰੇ ਹੀ ਪਲ ਉਹੀ ਜਿੰਨ ਆਪਣੇ ਹੱਥ 'ਤੇ ਇੱਕ ਸ਼ਾਨਦਾਰ ਸੱਤ ਮੰਜ਼ਲਾ ਚਮਕਦਾ ਹੋਇਆ ਮਹੱਲ ਲਈ ਹਾਜ਼ਰ ਹੋਇਆ। ਲੋਕਾਂ ਦੀਆਂ ਨਜ਼ਰਾਂ ਉਸ ਸੋਹਣੇ ਮਹੱਲ ਵੱਲ ਖਿਚੀਂਦੀਆਂ ਚਲੀਆਂ ਗਈਆਂ। ਮਹੱਲ ਦੇ ਦਰਵਾਜ਼ੇ ਖੁੱਲ੍ਹੇ ਸਨ, ਬਾਰੀਆਂ ਖੁੱਲ੍ਹੀਆਂ ਸਨ। ਮਹੱਲ ਦੇ ਅੰਦਰ ਕਮਰਿਆਂ ਵਿੱਚ ਵਾਜੇ ਵੱਜ ਰਹੇ ਸਨ। ਅਤਿ ਸੁਹਣੇ ਕਾਲੀਨ ਅਤੇ ਸੋਫ਼ੇ ਦਿਸ ਰਹੇ ਸਨ। ਲੰਮੇ-ਲੰਮੇ ਮੇਜ਼ਾਂ ਉੱਤੇ ਭਾਂਤ-ਭਾਂਤ ਦੀਆਂ ਸਬਜ਼ੀਆਂ, ਫਲੂਦੇ, ਫਿਰਨੀਆਂ, ਸ਼ਰਬਤ, ਆਈਸਕ੍ਰੀਮ ਘੁੰਮਦੇ ਹੋਏ ਮੇਜ਼ਾਂ 'ਤੇ ਰੱਖੀਂਦੇ ਲੋਕਾਂ ਨੂੰ ਦਿਸ ਰਹੇ ਸਨ। ਲੋਕਾਂ ਦੇ ਮੂੰਹਾਂ ਵਿੱਚੋਂ ਲਾਲ੍ਹਾਂ ਚੋਣ ਲੱਗੀਆਂ।

ਲੱਖਾਂ ਗਲ਼ਿਆਂ ਵਿੱਚੋਂ ਅਵਾਜ਼ ਆਈ, "ਅਲਾਦੀਨ ਨੂੰ ਵੋਟ ਦਿਓ। ਅਲਾਦੀਨ ਜ਼ਿੰਦਾਬਾਦ! ਇੱਕ ਵੋਟ, ਇੱਕ ਮੁਲਕ, ਇੱਕ ਅਲਾਦੀਨ, ਇੱਕ ਚਰਾਗ਼।"

ਚਾਣਚੱਕ ਅਲਾਦੀਨ ਨੇ ਤਾੜੀ ਵਜਾਈ। ਜਿੰਨ ਆਪਣੇ ਮਹੱਲ ਸਮੇਤ ਗ਼ਾਇਬ ਹੋ ਗਿਆ।

ਅਲਾਦੀਨ ਨੇ ਕਿਹਾ, "ਪਹਿਲਾਂ ਮੈਨੂੰ ਵੋਟ ਦਿਓ, ਫੇਰ ਇਹ ਮਹੱਲ ਤੁਹਾਨੂੰ ਮਿਲ਼ੇਗਾ।"

ਲੋਕ ਧੜਾਧੜ ਵੋਟ ਪਾਉਣ ਲਈ ਜਾਣ ਲੱਗੇ। ਚਾਣਚੱਕ ਦੂਜੇ ਪਾਸਿਓਂ ਅਵਾਜ਼ ਆਈ—

"ਲੋਕੋ, ਮੂਰਖ ਨਾ ਬਣੋ। ਇਹ ਅਲਾਦੀਨ ਦਰਜ਼ੀ ਦਾ ਪੁੱਤਰ ਤੁਹਾਨੂੰ ਮੂਰਖ ਬਣਾ ਰਿਹਾ ਹੈ। ਅਸਲੀ ਜਾਦੂ ਤਾਂ ਮੇਰੇ ਕੋਲ਼ ਹੈ— ਜਾਦੂ ਦੀ ਟੋਪੀ, ਸੁਲੇਮਾਨੀ ਟੋਪੀ।"

ਲੋਕਾਂ ਦਾ ਇਕੱਠ ਦੂਜੇ ਪਾਸੇ ਤੁਰ ਪਿਆ ਜਿੱਥੇ ਇੱਕ ਵੱਡੇ ਸਾਰੇ ਬੈਂਡ ਵਾਜੇ ਦੇ ਨਾਲ਼, ਇੱਕ ਬਹੁਤ ਵੱਡੇ ਥੜੇ 'ਤੇ ਦੋ ਦਰਜਨ ਲਾਊਡ ਸਪੀਕਰਾਂ ਦੇ ਸਾਹਮਣੇ ਇੱਕ ਜਾਦੂਗਰ ਸੁਲੇਮਾਨੀ ਟੋਪੀ ਹੱਥ ਵਿੱਚ ਫੜੀ ਤਕਰੀਰ ਕਰ ਰਿਹਾ ਸੀ। ਯੂਸਫ਼ ਮੋਹਨ ਅਤੇ ਰਾਜਕੁਮਾਰੀ ਵੀ ਓਧਰ ਚਲੇ ਗਏ। ਉਹ ਕਹਿ ਰਿਹਾ ਸੀ—

"ਅਲਾਦੀਨ ਠੱਗ ਹੈ। ਉਹਨੂੰ ਬਿਲਕੁਲ ਵੋਟ ਨਾ ਦਿਓ। ਅਲਾਦੀਨ ਦਾ ਚਰਾਗ਼ ਪੁਰਾਣਾ ਹੋ ਚੁੱਕਾ ਹੈ। ਉਸ ਦਾ ਜਿੰਨ ਵੀ ਬੁੱਢਾ ਹੋ ਚੁੱਕਾ ਹੈ। ਏਨੇ ਦਿਨਾਂ ਤੋਂ ਉਹ ਤੁਹਾਡੇ ਲਈ ਕੁੱਝ ਵੀ ਨਹੀਂ ਕਰ ਸਕਿਆ। ਹੁਣ ਕੀ ਕਰੇਗਾ? ਏਸ ਵਾਰ ਤੁਸੀਂ ਵੋਟ ਮੈਨੂੰ ਦਿਓ ਕਿਉਂਕਿ ਮੇਰੇ ਕੋਲ਼ ਸੁਲੇਮਾਨੀ ਟੋਪੀ ਹੈ। ਇਹ ਟੋਪੀ ਮੈਂ ਬੜੀ ਮੁਸ਼ਕਲ ਨਾਲ਼ ਹਾਸਲ ਕੀਤੀ ਹੈ। ਹਜ਼ਾਰਾਂ ਦੁੱਖ ਝੱਲ ਕੇ, ਆਪਣੀ ਜਾਨ ਦੀ ਬਾਜ਼ੀ ਲਾ ਕੇ, ਬੜੀਆਂ ਮੁਸੀਬਤਾਂ ਪਿੱਛੋਂ ਮੈਂ ਇਸ ਟੋਪੀ ਨੂੰ ਹਾਸਲ ਕੀਤਾ ਹੈ।

ਮੋਹਨ ਕੇ ਕਿਹਾ, "ਇਸ ਟੋਪੀ ਵਿੱਚ ਕਿਹੜੀ ਖ਼ਾਸ ਗੱਲ ਹੈ? ਮੈਨੂੰ ਤਾਂ ਸਿੱਧੀ ਸਾਦੀ ਚਿੱਟੇ

ਰੰਗ ਦੀ ਟੋਪੀ ਦਿਸਦੀ ਹੈ।”

ਜਾਦੂਗਰ ਨੇ ਮੋਹਨ ਦੀ ਗੱਲ ਸੁਣ ਲਈ। ਉਹ ਉਥੋਂ ਹੀ ਅਪਣੇ ਥੜੇ ਤੋਂ ਚੀਕ ਕੇ ਬੋਲਿਆ, “ਇਹ ਕੋਈ ਮਮੂਲੀ ਟੋਪੀ ਨਹੀਂ ਹੈ। ਇਸ ਨੂੰ ਪਾ ਕੇ ਆਦਮੀ ਇੰਞ ਗਾਇਬ ਹੋ ਜਾਂਦਾ ਹੈ ਜਿਵੇਂ ਗਧੇ ਦੇ ਸਿਰ ਤੋਂ ਸਿੰਗ। ਦੇਖੋ, ਦੇਖੋ, ਸੁਲੇਮਾਨੀ ਟੋਪੀ ਦਾ ਕਮਾਲ ਦੇਖੋ।” ਇਹ ਕਹਿ ਕੇ ਜਾਦੂਗਰ ਨੇ ਸੁਲੇਮਾਨੀ ਟੋਪੀ ਪਾ ਲਈ ਤੇ ਉਸ ਭੀੜ ਵਿੱਚ ਚਾਣਚੱਕ ਗਾਇਬ ਹੋ ਗਿਆ। ਹੁਣ ਉਸ ਦੀ ਸਿਰਫ਼ ਅਵਾਜ਼ ਆ ਰਹੀ ਸੀ।

“ਵੇਖਿਆ, ਇਹ ਸੁਲੇਮਾਨੀ ਟੋਪੀ ਦਾ ਕਮਾਲ ਹੈ। ਇਸ ਨੂੰ ਪਾ ਕੇ ਆਦਮੀ ਗ਼ਾਇਬ ਹੋ ਸਕਦਾ ਹੈ।

ਜਾਦੂਗਰ ਨੇ ਆਪਣੇ ਸਿਰ ’ਤੋਂ ਟੋਪੀ ਲਾਹੀ ਤੇ ਉਹ ਲੋਕਾਂ ਨੂੰ ਦਿਖਾਣ ਲੱਗਾ। “ਇਸ ਟੋਪੀ ਨੂੰ ਪਾ ਕੇ ਆਦਮੀ ਗ਼ਾਇਬ ਹੋ ਸਕਦਾ ਹੈ, ਜਿੱਥੇ ਚਾਹੇ ਘੁੰਮ ਸਕਦਾ ਹੈ, ਉਹ ਸਾਰੀ ਦੁਨੀਆਂ ਦੀ ਸੈਰ ਕਰ ਸਕਦਾ ਹੈ, ਉਹ ਜਿੱਥੇ ਚਾਹੇ ਬਿਨਾਂ ਟਿਕਟ ਦੇ ਜਾ ਸਕਦਾ ਹੈ ਤੇ ਉਸ ਨੂੰ ਟੋਕਣ ਵਾਲ਼ਾ ਕੋਈ ਨਹੀ। ਇਸ ਟੋਪੀ ਨੂੰ ਪਾ ਕੇ ਆਦਮੀ ਵੱਡੇ-ਵੱਡੇ ਭੇਤਾਂ ਦਾ ਪਤਾ ਲਗਾ ਸਕਦਾ ਹੈ। ਵੱਡੇ-ਵੱਡੇ ਲੋਕਾਂ ਦੇ ਵੱਡੇ-ਵੱਡੇ ਭੇਤ। ਉਹ ਉੱਚੀ ਸੁਸਾਇਟੀ ਵਿੱਚ ਜਾ ਸਕਦਾ ਹੈ ਤੇ ਕੋਈ ਵੀ ਉਸ ਨੂੰ ਟੋਕ ਨਹੀਂ ਸਕਦਾ। ਇਸ ਟੋਪੀ ਨੂੰ ਪਾ ਕੇ ਆਦਮੀ ਵਜ਼ੀਰ ਬਣ ਸਕਦਾ ਹੈ, ਨੌਕਰੀ ਹਾਸਲ ਕਰ ਸਕਦਾ ਹੈ। ਇਹ ਸੁਲੇਮਾਨੀ ਟੋਪੀ ਹੈ। ਇਸ ਦੇ ਸਾਹਮਣੇ ਅਲਾਦੀਨ ਦਾ ਚਰਾਗ਼ ਕੁੱਝ ਵੀ ਨਹੀਂ। ਇਹਨੂੰ ਰਗੜਨ ਦੀ ਲੋੜ ਨਹੀਂ, ਕਿਸੇ ਜਿੰਨ ਨੂੰ ਬੁਲਾਉਣ ਦੀ ਲੋੜ ਨਹੀਂ। ਬੱਸ ਇਸ ਨੂੰ ਸਿਰ ’ਤੇ ਪਾ ਲਓ, ਤੁਹਾਡੇ ਸਾਰੇ ਕੰਮ ਪੂਰੇ ਹੋ ਜਾਣਗੇ। ਫੇਰ ਅਲਾਦੀਨ ਕੋਲ਼ ਇੱਕੋ ਚਰਾਗ਼ ਹੈ, ਪਰ ਮੈਂ ਸਾਰਿਆਂ ਦੇ ਫਾਇਦੇ ਲਈ ਹਜ਼ਾਰਾਂ ਸੁਲੇਮਾਨੀ ਟੋਪੀਆਂ ਤਿਆਰ ਕਰਵਾਈਆਂ ਹਨ। ਇਹ ਥੱਬਿਆਂ ਦੇ ਥੱਬੇ ਜੋ ਤੁਸੀਂ ਇਸ ਥੜੇ ’ਤੇ ਵੇਖ ਰਹੇ ਹੋ, ਸਾਰੇ ਸੁਲੇਮਾਨੀ ਟੋਪੀਆਂ ਦੇ ਹਨ। ਆਓ, ਮੈਨੂੰ ਵੋਟ ਦਿਓ ਤੇ ਇੱਕ-ਇੱਕ ਸੁਲੇਮਾਨੀ ਟੋਪੀ ਲੈਂਦੇ ਜਾਓ। ਇੱਕ ਵੋਟ, ਇੱਕ ਸੁਲੇਮਾਨੀ ਟੋਪੀ।”

ਲੋਕ ਧੜਾਧੜ ਵੋਟ ਦੇਣ ਲਈ ਦੌੜਨ ਲੱਗੇ ਤੇ ਰੌਲ਼ਾ ਪਾਉਣ ਲੱਗੇ, “ਸੁਲੇਮਾਨੀ ਟੋਪੀ ਜ਼ਿੰਦਾਬਾਦ! ਸੁਲੇਮਾਨੀ ਟੋਪੀ ਜ਼ਿੰਦਬਾਦ! ਅਲਾਦੀਨ ਦਾ ਚਰਾਗ਼ ਮੁਰਦਾਬਾਦ!”

“ਹਾ ਹਾ ਹਾ,” ਤੀਜੇ ਥੜੇ ’ਤੇ ਇੱਕ ਜ਼ੋਰ ਦਾ ਹਾਸਾ ਗੂੰਜਿਆ। ਸਾਰੇ ਲੋਕ ਓਧਰ ਦੇਖਣ ਲੱਗੇ। ਉੱਥੇ ਇੱਕ ਹੋਰ ਜਾਦੂਗਰ ਸਿਰ ’ਤੇ ਚਿੱਟੇ ਕਾਗ਼ਜ਼ ਦੀ ਟੋਪੀ ਰੱਖੀ, ਚਿੱਟੇ ਕਾਗ਼ਜ਼ਾਂ ਦਾ ਕੋਟ ਪਾਈ, ਅੱਖਾਂ ’ਤੇ ਐਨਕ ਲਾਈ, ਹੱਥ ਵਿੱਚ ਅਖ਼ਬਾਰ ਫੜੀ ਹੱਸ ਰਿਹਾ ਸੀ ਤੇ ਕਹਿ ਰਹਿਾ ਸੀ—

“ਦੋਸਤੋ, ਇਹ ਸੁਲੇਮਾਨੀ ਟੋਪੀ ਵਾਲ਼ਾ ਪਖੰਡੀ ਹੈ। ਇਹ ਆਪ ਤਾਂ ਵੋਟਾਂ ਲੈ ਕੇ ਗ਼ਾਇਬ ਹੋ ਜਾਏਗਾ ਤੇ ਤੁਹਾਨੂੰ ਕੱਪੜੇ ਦੀਆਂ ਟੋਪੀਆਂ ਦੇ ਜਾਏਗਾ। ਚਾਹੇ ਤੁਸੀਂ ਉਹਨਾਂ ਨੂੰ ਸਿਰ ’ਤੇ ਰੱਖੋ ਚਾਹੇ ਥੈਲਾ

ਬਣਾ ਕੇ ਘਰ ਲੈ ਜਾਓ। ਦੋਸਤੋ ਇਹ ਸੁਲੇਮਾਨੀ ਟੋਪੀ ਕਿਸ ਕੰਮ ਦੀ ? ਗ਼ਾਇਬ ਹੋ ਕੇ ਤੁਸੀਂ ਕੀ ਕਰੋਗੇ ? ਜੇ ਤੁਸਾਂ ਇਸ ਜਾਦੂ ਦੀ ਦੁਨੀਆਂ ਵਿੱਚ ਰਹਿਣਾ ਹੈ ਤਾਂ ਸੱਚਾ ਜਾਦੂ ਲੱਭਣ ਦੀ ਕੋਸ਼ਿਸ਼ ਕਰੋ ਤੇ ਸੱਚੇ ਜਾਦੂਗਰ ਨੂੰ ਆਪਣਾ ਬਾਦਸ਼ਾਹ ਬਣਾਓ। ਮੈਨੂੰ ਦੇਖੋ, ਮੇਰਾ ਜਾਦੂ ਕਿਸੇ ਨੂੰ ਗ਼ਾਇਬ ਨਹੀਂ ਕਰਦਾ। ਕੋਈ ਹਵਾਈ ਮਹੱਲ ਨਹੀਂ ਬਣਾਉਂਦਾ। ਮੈਂ ਹੁਣੇ ਤੁਹਾਡੇ ਸਾਹਮਣੇ ਉਹ ਚੀਜ਼ ਰੱਖਦਾ ਹਾਂ ਜਿਸ ਦੀ ਤੁਹਾਨੂੰ ਲੋੜ ਹੈ।"

ਜਾਦੂਗਰ ਨੇ ਉਂਗਲ਼ ਨਾਲ਼ ਇੱਕ ਆਦਮੀ ਵੱਲ ਸੈਨਤ ਕੀਤੀ, "ਬੋਲ ਤੂੰ ਕੀ ਚਾਹੁੰਦਾ ਏਂ ?"

ਉਸ ਆਦਮੀ ਨੇ ਕਿਹਾ,"ਮੈਨੂੰ ਆਪਣੀ ਧਰਤੀ ਵਿੱਚ ਖ਼ੂਹ ਚਾਹੀਦਾ ਏ।"

ਜਾਦੂਗਰ ਨੇ ਆਪਣੇ ਥੜ੍ਹੇ 'ਤੇ ਪਏ ਕਾਗ਼ਜ਼ਾਂ ਦੇ ਢੇਰ ਵਿੱਚੋਂ ਇੱਕ ਵੱਡਾ ਸਾਰਾ ਕਾਗ਼ਜ਼ ਕੱਢਿਆ ਤੇ ਉਸ 'ਤੇ ਕੁੱਝ ਮੰਤਰ ਪੜ੍ਹ ਕੇ ਫੂਕਿਆ ਤੇ ਉਸ ਆਦਮੀ ਨੂੰ ਦਿੱਤਾ। ਉਸ ਆਦਮੀ ਨੂੰ ਉਸ ਕਾਗ਼ਜ਼ ਉੱਤੇ ਆਪਣੇ ਖੇਤਾਂ ਦੀ ਤਸਵੀਰ ਦਿਖੀ। ਖੇਤ ਬੰਜਰ ਪਏ ਸਨ। ਚਾਣਚੱਕ ਉਹਨਾਂ ਵਿੱਚਕਾਰ ਇੱਕ ਖ਼ੂਹ ਦਿਖਿਆ। ਖ਼ੂਹ 'ਤੇ ਹਲਟ ਚੱਲਣ ਲੱਗਾ। ਪਾਣੀ ਫ਼ਵਾਰੇ ਵਾਂਗ ਨਿੱਕਲ਼ ਕੇ ਖੇਤਾਂ ਨੂੰ ਸਿੰਝਣ ਲੱਗਾ। ਆਦਮੀ ਦੇ ਮੂੰਹ 'ਤੇ ਰੌਣਕ ਆ ਗਈ। ਉਸ ਨੇ ਦੇਖਿਆ ਕਿ ਉਸ ਦੀ ਝੁੱਗੀ ਵਿੱਚੋਂ ਉਸ ਦੀ ਤੀਵੀਂ ਨਿੱਕਲ਼ੀ। ਪਾਣੀ ਦਾ ਘੜਾ ਚੁੱਕੀ ਆ ਰਹੀਂ ਤੀਵੀਂ ਨੇ ਮੁਸਕਰਾ ਕੇ ਉਸ ਵੱਲ ਵੇਖਿਆ। ਉਹ ਉਸੇ ਵੇਲ਼ੇ ਉਹ ਕਾਗ਼ਜ਼ ਹੱਥ ਵਿੱਚ ਫੜੀ ਆਪਣੇ ਘਰ ਵੱਲ ਦੌੜਿਆ। ਉਹ ਦੌੜਦਾ ਜਾਂਦਾ ਤੇ ਕਹਿੰਦਾ ਜਾਂਦਾ ਸੀ,

"ਮੈਨੂੰ ਮਿਲ਼ ਗਿਆ, ਮੇਰਾ ਖ਼ੂਹ ਮੈਨੂੰ ਮਿਲ਼ ਗਿਆ।"

"ਤੈਨੂੰ ਕੀ ਚਾਹੀਦਾ ਏ ?" ਜਾਦੂਗਰ ਨੇ ਇੱਕ ਹੋਰ ਆਦਮੀ ਨੂੰ ਪੁੱਛਿਆ।

ਉਸ ਆਦਮੀ ਨੇ ਕਿਹਾ,"ਸਾਡੇ ਕਸਬੇ ਵਿੱਚ ਕੋਈ ਸਕੂਲ ਨਹੀਂ ਹੈ।"

ਜਾਦੂਗਰ ਨੇ ਇੱਕ ਹੋਰ ਕਾਗ਼ਜ਼ ਚੁੱਕਿਆ 'ਤੇ ਉਸ ਤੇ ਮੰਤਰ ਪੜ੍ਹਕੇ ਫ਼ੂਕ ਮਾਰੀ ਤੇ ਫੇਰ ਉਹ ਕਾਗ਼ਜ਼ ਉਸ ਆਦਮੀ ਦੇ ਹੱਥ ਵਿੱਚ ਦੇ ਦਿੱਤਾ।

ਉਸ ਆਦਮੀ ਨੇ ਧਿਆਨ ਨਾਲ਼ ਉਸ ਕਾਗ਼ਜ਼ ਵੱਲ ਦੇਖਿਆ, ਜਿੱਥੇ ਉਸ ਦਾ ਘਰ ਸੀ, ਉਸ ਦੇ ਬਿਲਕੁਲ ਨੇੜੇ ਇੱਕ ਨਵੀਂ ਤੇ ਸੁਹਣੀ ਸਕੂਲ ਦੀ ਇਮਾਰਤ ਖੜ੍ਹੋਤੀ ਸੀ। ਬੱਚੇ ਹੱਥਾਂ ਵਿੱਚ ਕਿਤਾਬਾਂ ਲਈ ਜਾ ਰਹੇ ਸਨ। ਇੱਕ ਸੁਹਣੇ ਬਗ਼ੀਚੇ ਵਿੱਚ ਬੱਚੇ ਖੇਡ ਰਹੇ ਸਨ। ਚਾਣਚੱਕ ਸਕੂਲ ਦੇ ਫ਼ਾਟਕ 'ਤੇ ਉਹਨੂੰ ਆਪਣੇ ਦੋ ਬੱਚੇ ਦਿਖੇ। ਉਹ ਦੋਵੇਂ ਹੱਥ ਹਿਲਾ ਕੇ ਉਸ ਨੂੰ ਬੁਲਾਉਣ ਲੱਗੇ। ਉਹ ਉਸ ਕਾਗ਼ਜ਼ ਨੂੰ ਲੈ ਕੇ ਉੱਥੋਂ ਦੌੜਿਆ। ਦੌੜਿਆ ਜਾਂਦਾ ਕਹਿ ਰਿਹਾ ਸੀ, "ਸਾਨੂੰ ਸਕੂਲ ਮਿਲ਼ ਗਿਆ, ਸਾਨੂੰ ਸਕੂਲ ਮਿਲ਼ ਗਿਆ।"

ਫੇਰ ਕੀ ਸੀ, ਲੋਕ ਜਾਦੂਗਰ 'ਤੇ ਟੁੱਟ ਪਏ।

ਇੱਕ ਕਹਿਣ ਲੱਗਾ,"ਮੈਨੂੰ ਜੁੱਤੀ ਚਾਹੀਦੀ ਏ।"

ਜਾਦੂਗਰ ਨੇ ਉਸ ਨੂੰ ਕਾਗ਼ਜ਼ ਦਿੱਤਾ।

ਦੂਜਾ ਬੋਲਿਆ,"ਮੈਨੂੰ ਮੋਟਰ ਚਾਹੀਦੀ ਏ।"

ਜਾਦੂਗਰ ਨੇ ਉਸ ਨੂੰ ਕਾਗ਼ਜ਼ ਦਿੱਤਾ।

ਤੀਜਾ ਬੋਲਿਆ,"ਸਾਨੂੰ ਆਪਣੇ ਪਿੰਡ ਵਿੱਚ ਇੱਕ ਹਸਪਤਾਲ ਚਾਹੀਦਾ ਏ, ਇੱਕ ਸਕੂਲ, ਇੱਕ ਨਹਿਰ, ਇੱਕ ਥੀਏਟਰ ਚਾਹੀਦਾ ਏ।"

ਜਾਦੂਗਰ ਨੇ ਉਸ ਨੂੰ ਕਾਗ਼ਜ਼ ਦਿੱਤਾ।

ਮੋਹਨ ਨੇ ਯੂਸਫ਼ ਨੂੰ ਕਿਹਾ,"ਤੈਨੂੰ ਕਾਗ਼ਜ਼ 'ਤੇ ਕੁੱਝ ਦਿਖਦਾ ਹੈ?"

ਯੂਸਫ਼ ਨੇ ਕਿਹਾ, "ਮੈਨੂੰ ਤਾਂ ਕਾਗ਼ਜ਼ ਕੋਰਾ ਹੀ ਦਿਖਦੈ।"

ਮੋਹਨ ਨੇ ਕਿਹਾ,"ਹੋ ਸਕਦੈ ਇਹਨਾਂ ਲੋਕਾਂ ਨੂੰ ਕੁੱਝ ਦਿਖਦਾ ਹੋਵੇ। ਪਰ ਜੇ ਮੰਨ ਲਿਆ ਜਾਵੇ ਕਿ ਇਹਨਾਂ ਨੂੰ ਕੁੱਝ ਦਿਖਦੈ ਤਾਂ ਆਖ਼ਿਰ ਕਾਗ਼ਜ਼ 'ਤੇ ਹੀ ਦਿਖਦਾ ਏ ਨਾ? ਇਹ ਅਸਲ ਥੋੜ੍ਹੈ।"

ਯੂਸਫ਼ ਨੇ ਉਸ ਆਦਮੀ ਨੂੰ ਬਾਹੋਂ ਫੜ ਲਿਆ ਜਿਸ ਨੇ ਜਾਦੂਗਰ ਤੋਂ ਜੁੱਤੀ ਮੰਗੀ ਸੀ ਤੇ ਉਸ ਨੂੰ ਪੁੱਛਿਆ,"ਤੈਨੂੰ ਜੁੱਤੀ ਮਿਲ਼ ਗਈ।"

ਉਸ ਆਦਮੀ ਨੇ ਗ਼ੁੱਸੇ ਨਾਲ਼ ਕਾਗ਼ਜ਼ ਯੂਸਫ਼ ਦੇ ਮੂੰਹ ਦੇ ਸਾਹਮਣੇ ਲਿਆ ਕੇ ਕਿਹਾ, "ਵੇਖਦਾ ਨਹੀਂ। ਮਿਲ਼ ਗਈ ਏ, ਆਹ ਵੇਖ।"

ਯੂਸਫ਼ ਨੂੰ ਕਾਗ਼ਜ਼ ਕੋਰਾ ਹੀ ਦਿਖਿਆ।

ਯੂਸਫ਼ ਨੇ ਕਿਹਾ, "ਜੇ ਇਹ ਜੁੱਤੀ ਹੈ ਤਾਂ ਇਸ ਨੂੰ ਪਾ ਕੇ ਵਖਾ।" ਉਸ ਆਦਮੀ ਨੇ ਕਾਗ਼ਜ਼ ਉਤਲੀ ਜੁੱਤੀ ਨੂੰ ਆਪਣੇ ਪੈਰ ਵਿੱਚ ਪਾਉਣ ਦੀ ਕੋਸ਼ਿਸ਼ ਕੀਤੀ। ਕਾਗ਼ਜ਼ ਉਸੇ ਵੇਲ਼ੇ ਹੀ ਪਾਟ ਗਿਆ। ਚਰ-ਚਰਰ ਦੀ ਅਵਾਜ਼ ਸੁਣਦੇ ਹੀ ਜਾਦੂਗਰ ਗਰਜਿਆ, "ਕੌਣ ਏ? ਕੌਣ ਅਸਲਵਾਦੀ ਆ ਗਿਆ ਹੈ। ਸਾਡੀ ਜਾਦੂ ਦੀ ਦੁਨੀਆਂ ਵਿੱਚੋਂ ਇਸ ਨੂੰ ਝਬ ਦੇ ਕੱਢੋ ਨਹੀਂ ਤਾਂ ਇਹ ਸਭ ਕੁੱਝ ਤਬਾਹ ਕਰ ਦਏਗਾ। ਸਾਡਾ ਜਾਦੂ ਸਾਰਾ ਖ਼ਤਮ ਹੋ ਜਾਏਗਾ।"

ਏਨਾ ਸੁਣਦੇ ਹੀ ਅਲਾਦੀਨ ਚਰਾਗ਼ ਵਾਲ਼ਾ, ਸੁਲੇਮਾਨੀ ਟੋਪੀ ਵਾਲ਼ਾ, ਜਾਦੂ ਦੇ ਕਾਗ਼ਜ਼ ਵਾਲ਼ਾ ਤੇ ਇਹਨਾਂ ਦੇ ਹਮੈਤੀ ਯੂਸਫ਼, ਮੋਹਨ ਤੇ ਰਾਜਕੁਮਾਰੀ ਦੇ ਮਗਰ ਦੌੜੇ। ਇਹ ਤਾਂ ਖ਼ੈਰ ਹੋਈ ਕਿ ਯੂਸਫ਼ ਨੇ ਬੜੀ ਚਲਾਕੀ ਨਾਲ਼ ਕੰਮ ਲਿਆ। ਉਸ ਨੇ ਝੱਟ ਸੁਲੇਮਾਨੀ ਟੋਪੀਆਂ ਦੇ ਥੱਬ ਵਿੱਚੋਂ ਤਿੰਨ ਟੋਪੀਆਂ ਕੱਢੀਆਂ ਤੇ ਉਨ੍ਹਾਂ ਨੂੰ ਪਾ ਕੇ ਭੀੜ ਵਿੱਚੋਂ ਗ਼ਾਇਬ ਹੋ ਗਏ। ਨਹੀਂ ਤਾਂ ਜੇ ਏਨੇ ਸਾਰੇ ਲੋਕ ਉਹਨਾਂ ਦੇ ਪਿੱਛੇ ਪੈ ਜਾਂਦੇ ਤਾਂ ਉਹਨਾਂ ਦੀ ਹੱਡੀ-ਪੱਸਲੀ ਨਹੀਂ ਸੀ ਬਚਣੀ।

ਹੜ੍ਹਦੇ ਹੋਏ ਤਿੰਨੇ ਜਾਦੂ ਦੀ ਦੁਨੀਆਂ ਦੇ ਬੂਹੇ ਵਿੱਚੋਂ ਬਾਹਰ ਆ ਗਏ। ਬਾਹਰ ਚਾਂਦੀ ਦਾ ਦਿਓ ਬੈਠਾ ਚਾਰ ਆਨੇ ਦੇ ਟਿਕਟ ਵੇਚ ਰਿਹਾ ਸੀ। ਉਹਨਾਂ ਨੂੰ ਵਾਪਸ ਆਇਆਂ ਦੇਖ ਕੇ ਬੜੀ ਨਰਮੀ ਨਾਲ਼ ਕਹਿਣ ਲੱਗਾ—

"ਤੁਹਾਡੇ ਕੋਲ਼ ਕੁੱਝ ਖਾਣ ਨੂੰ ਹੈ ? ਤਿੰਨ ਸੌ ਵਰ੍ਹਿਆਂ ਤੋਂ ਭੁੱਖਾ ਬੈਠਾ ਹੋਇਆ ਹਾਂ। ਮੇਰੇ ਹਾਲ 'ਤੇ ਤਰਸ ਖਾਓ ਤੇ ਕੁੱਝ ਖਾਣ ਨੂੰ ਦੇ ਦਿਓ।"

ਯੂਸਫ਼ ਤੇ ਮੋਹਨ ਤੇ ਰਾਜਕੁਮਾਰੀ ਨੇ ਸੁਲੇਮਾਨੀ ਟੋਪੀਆਂ ਦਿਓ ਦੇ ਹੱਥ ਵਿੱਚ ਫੜਾ ਦਿੱਤੀਆਂ ਤੇ ਕਿਹਾ—

"ਇਹਨਾਂ ਤਿੰਨਾਂ ਟੋਪੀਆਂ ਨੂੰ ਪਾ ਲੈ। ਫੇਰ ਤੈਨੂੰ ਸਭ ਕੁੱਝ ਮਿਲ਼ ਜਾਵੇਗਾ।"

8.

ਜਾਦੂ ਦੀ ਦੁਨੀਆਂ ਵਿੱਚ ਉਹਨਾਂ ਨੂੰ ਖਾਣ ਲਈ ਕੁੱਝ ਨਹੀਂ ਸੀ ਮਿਲ਼ਿਆ, ਇਸ ਲਈ ਮੋਹਨ, ਯੂਸਫ਼ ਤੇ ਰਾਜਕੁਮਾਰੀ ਤਿੰਨੇ ਭੁੱਖੇ ਸਨ। ਰਾਜਕੁਮਾਰੀ ਨੂੰ ਤਾਂ ਡਾਢੀ ਭੁੱਖ ਲੱਗੀ ਹੋਈ ਸੀ, ਕਿਉਂਕਿ ਉਸਨੂੰ ਰੁਆਉਣ ਲਈ ਉਚੇਚੇ ਤੌਰ 'ਤੇ ਭੁੱਖੇ ਰੱਖਿਆ ਗਿਆ ਸੀ। ਏਸ ਲਈ ਜਾਦੂ ਦੀ ਦੁਨੀਆਂ ਵਿੱਚੋਂ ਵਾਪਸ ਆਉਂਦਿਆਂ ਹੀ ਤਿੰਨੇ ਰੁੱਖ ਤੋਂ ਤੋੜ ਕੇ ਫ਼ਲ ਖਾਣ ਲੱਗੇ। ਖਾਂਦਿਆਂ-ਖਾਂਦਿਆਂ ਮੋਹਨ ਨੇ ਰਾਜਕੁਮਾਰੀ ਤੋਂ ਪੁੱਛਿਆ—

"ਤੂੰ ਕਿਸ ਦੇਸ਼ ਦੀ ਰਾਜਕੁਮਾਰੀ ਏਂ ?"

ਰਾਜਕੁਮਾਰੀ ਨੇ ਕਿਹਾ, "ਮੈਂ ਰਾਜਕੁਮਾਰੀ ਹਾਂ ਹੀ ਨਹੀਂ। ਮੈਂ ਤਾਂ ਇੱਕ ਡਬਲਰੋਟੀਆਂ ਵੇਚਣ ਵਾਲ਼ੇ ਦੀ ਕੁੜੀ ਹਾਂ।"

"ਹੈਂ, ਰਾਜਕੁਮਾਰੀ ਨਹੀਂ ਏਂ ?" ਮੋਹਨ ਨੇ ਹੈਰਾਨ ਹੋ ਕੇ ਕਿਹਾ, "ਪਰ ਉਹ ਤਾਂ ਤੈਨੂੰ ਵੇਚਣ ਵਾਲ਼ਾ ਤਾਂ... "

"ਕਿੱਸਾ ਇਹ ਹੈ," ਰਾਜਕੁਮਾਰੀ ਨੇ ਕਿਹਾ, "ਮੇਰੇ ਪਿਉ ਦੀ ਇੱਕ ਛੋਟੀ ਜਿਹੀ ਦੁਕਾਨ ਸੀ, ਜਿੱਥੇ ਉਹ ਡਬਲਰੋਟੀਆਂ ਬਣਾਇਆ ਕਰਦਾ ਸੀ। ਮੇਰਾ ਪਿਉ, ਮੇਰੀ ਮਾਂ ਤੇ ਮੈਂ— ਅਸੀਂ ਤਿੰਨੇ ਖ਼ਮੀਰਾ ਆਟਾ ਗੁੰਨਦੇ ਸਾਂ। ਉਸ ਨੂੰ ਡਬਲਰੋਟੀ ਦੇ ਸਾਂਚੇ ਵਿੱਚ ਭਰ ਕੇ ਚੁੱਲ੍ਹੇ ਵਿੱਚ ਪਕਾਉਂਦੇ ਸਾਂ। ਖ਼ਮੀਰ ਬਣਾਉਣਾ, ਉਸ ਨੂੰ ਸਾਂਚੇ ਵਿੱਚ ਪਾਉਣਾ, ਸਾਂਚੇ ਨੂੰ ਅੱਗ 'ਤੇ ਇੰਨਾ ਕੁ ਚਿਰ ਰੱਖਣਾ ਕਿ ਰੋਟੀ ਠੀਕ ਪੱਕੇ, ਨਾ ਘੱਟ, ਨਾ ਵੱਧ, ਸੌਖਾ ਕੰਮ ਨਹੀਂ ਏ। ਪੱਕੀਆਂ ਹੋਈਆਂ ਡਬਲਰੋਟੀਆਂ ਨੂੰ ਬਾਹਰ ਕੱਢਣਾ ਤੇ ਤਾਜ਼ੀਆਂ ਰੋਟੀਆਂ ਨੂੰ ਚੁੱਲ੍ਹੇ ਵਿੱਚ ਰੱਖਣਾ ਬੜਾ ਔਖਾ ਕੰਮ ਏ। ਮੈਂ ਨਿੱਕੀ ਜਿਹੀ ਸਾਂ। ਮੈਂ ਖੇਡਣਾ

ਚਾਹੁੰਦੀ ਸਾਂ, ਪਰ ਮੈਨੂੰ ਕੰਮ ਕਰਨਾ ਪੈਂਦਾ ਸੀ। ਇੱਕ ਦਿਨ ਕੀ ਹੋਇਆ ਕਿ ਮੇਰੀ ਮਾਂ ਬਿਮਾਰ ਹੋ ਗਈ। ਹੁਣ ਮੈਨੂੰ ਤੇ ਮੇਰੇ ਪਿਉ ਨੂੰ ਦੁਕਾਨ 'ਤੇ ਕੰਮ ਕਰਨਾ ਪੈਂਦਾ। ਇੱਕ ਦਿਨ ਮੈਂ ਬਹੁਤ ਸਾਰੀਆਂ ਰੋਟੀਆਂ ਸਾੜ ਦਿੱਤੀਆਂ। ਮੇਰੇ ਪਿਉ ਨੇ ਮੈਨੂੰ ਬੜਾ ਕੁੱਟਿਆ ਤੇ ਦੁਕਾਨੋਂ ਬਾਹਰ ਕੱਢ ਦਿੱਤਾ। ਮੈਂ ਬਾਹਰ ਸੜਕ 'ਤੇ ਖੜ੍ਹੋ ਕੇ ਰੋਣ ਲੱਗੀ। ਇਸ ਪਿੱਛੋਂ ਮੈਨੂੰ ਪਤਾ ਨਹੀਂ ਕੀ ਹੋਇਆ, ਮੈਂ ਏਨਾਂ ਦੇਖਿਆ ਕਿ ਇੱਕ ਬੁੱਢਾ ਮੇਰੇ ਪੈਰਾਂ ਕੋਲ਼ ਨਿਵਿਆਂ ਹੋਇਆ ਧਰਤੀ ਤੋਂ ਕੁੱਝ ਚੁਗ ਰਿਹਾ ਸੀ। ਬੁੱਢਾ ਉੱਠ ਕੇ ਖੜਾ ਹੋਇਆ ਤੇ ਹੈਰਾਨੀ ਨਾਲ਼ ਮੇਰੇ ਵੱਲ ਦੇਖਣ ਲੱਗਾ। ਥੋੜੇ ਚਿਰ ਪਿੱਛੋਂ ਉਹ ਮੇਰਾ ਹੱਥ ਫੜ ਕੇ ਦੁਕਾਨ ਵਿੱਚ ਵਾਪਸ ਲੈ ਗਿਆ।

ਉਸ ਬੁੱਢੇ ਨੇ ਮੇਰੇ ਪਿਉ ਨੂੰ ਕਿਹਾ, "ਇਸ ਨਿੱਕੀ ਜਿਹੀ ਬੱਚੀ ਨੂੰ ਕੁੱਟਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ ?"

ਪਿਉ ਨੇ ਕਿਹਾ, "ਇਹ ਮੇਰੀ ਕੁੜੀ ਹੈ। ਮੈਂ ਇਸਨੂੰ ਮਾਰ ਸਕਦਾ ਹਾਂ। ਮੈਂ ਇਸ ਦਾ ਪਿਉ ਹਾਂ। ਇਸਨੂੰ ਮੇਰੀ ਦੁਕਾਨ 'ਤੇ ਕੰਮ ਕਰਨਾ ਪਏਗਾ। ਮੇਰੇ ਸਿਰ ਬਹੁਤ ਸਾਰਾ ਕਰਜ਼ਾ ਚੜ੍ਹਿਆ ਹੋਇਆ ਹੈ, ਅੱਜ ਇਸਨੇ ਕਈ ਦਰਜ਼ਨ ਡਬਲਰੋਟੀਆਂ ਜਲ਼ਾ ਦਿੱਤੀਆਂ ਹਨ। ਇਹ ਨੁਕਸਾਨ ਕੌਣ ਪੂਰਾ ਕਰੇਗਾ ? ਮੈਂ ਜਾਂ ਤੂੰ ? ਮੈਂ ਬਹੁਤ ਗਰੀਬ ਹਾਂ ਤੇ ਇੱਕ ਵੇਲ਼ੇ ਦੀ ਰੋਟੀ ਵੀ ਬੜੀ ਔਖ ਨਾਲ਼ ਕਮਾ ਸਕਦਾ ਹਾਂ। ਏਸ 'ਤੇ ਤੂੰ ਇਸਦਾ ਪੱਖ ਪੂਰਨ ਆਇਆ ਹੈਂ। ਮੈਂ ਇਸਨੂੰ ਅੱਜ ਪਹਿਲੀ ਵਾਰ ਹੀ ਮਾਰਿਆ ਹੈ।"

"ਜੇ ਤੂੰ ਗ਼ਰੀਬ ਏਂ ਤੇ ਇਸ ਨੂੰ ਪਾਲ਼ ਨਹੀਂ ਸਕਦਾ ਤਾਂ ਇਹ ਕੁੜੀ ਮੈਨੂੰ ਦੇ ਦੇ। ਮੈਂ ਇਸਨੂੰ ਆਪਣੀ ਧੀ ਬਣਾਵਾਂਗਾ। ਇਸ ਨੂੰ ਬਹੁਤ ਚੰਗੀ ਤਰ੍ਹਾਂ ਰੱਖਾਂਗਾ। ਇਸ ਨੂੰ ਚੰਗੇ ਕੱਪੜੇ ਪਵਾਵਾਂਗਾ, ਚੰਗਾ ਖਾਣ ਨੂੰ ਦਿਆਂਗਾ, ਚੰਗਾ ਪੜ੍ਹਾਵਾਂਗਾ ਤੇ ਚੰਗੇ ਘਰ ਵਿੱਚ ਰੱਖਾਂਗਾ।"

ਮੇਰੇ ਪਿਉ ਨੇ ਕਿਹਾ, "ਤੇ ਏਥੇ, ਇਸਦੀ ਥਾਂ ਮੇਰੀ ਦੁਕਾਨ ਵਿੱਚ ਕੰਮ ਕੌਣ ਕਰੇਗਾ ? ਤੂੰ ?"

ਬੁੱਢੇ ਨੇ ਕਿਹਾ, "ਇਸ ਦੇ ਬਦਲੇ ਇਸ ਦੁਕਾਨ ਦਾ ਕਰਜ਼ਾ ਮੈਂ ਆਪਣੇ ਸਿਰ ਲੈਂਦਾ ਹਾਂ ਤੇ ਤੈਨੂੰ ਏਨੀਂ ਰਕਮ ਹੋਰ ਦੇ ਦੇਂਦਾ ਹਾਂ ਕਿ ਤੂੰ ਜ਼ਿੰਦਗੀ ਭਰ ਅਰਾਮ ਨਾਲ਼ ਰਹਿ ਸਕੇਂ।"

ਏਨਾ ਕਹਿ ਕੇ ਬੁੱਢੇ ਨੇ ਅਸ਼ਰਫ਼ੀਆਂ ਨਾਲ਼ ਭਰੀ ਹੋਈ ਇੱਕ ਥੈਲੀ ਮੇਰੇ ਪਿਉ ਦੇ ਹੱਥ ਵਿੱਚ ਫੜਾ ਦਿੱਤੀ। ਮੇਰਾ ਪਿਉ ਕਦੇ ਮੇਰੇ ਵੱਲ ਵੇਖਦਾ ਸੀ, ਕਦੇ ਥੈਲੀ ਵੱਲ। ਅਖ਼ੀਰ ਉਸਨੇ ਥੈਲੀ ਕਬੂਲ ਕਰ ਲਈ ਤੇ ਧੀ ਵੇਚ ਦਿੱਤੀ। ਕਿਉਂਕਿ ਉਹ ਬਹੁਤ ਗ਼ਰੀਬ ਸੀ। ਫੇਰ ਉਸ ਨੇ ਇਹ ਵੀ ਸੋਚਿਆ ਹੋਵੇਗਾ ਕਿ ਚਲੋ ਧੀ ਇਸ ਅਮੀਰ ਬੁੱਢੇ ਦੇ ਘਰ ਅਰਾਮ ਨਾਲ਼ ਰਹੇਗੀ।"

"ਤਾਂ, ਤੂੰ ਆਪਣੇ ਪਿਉ ਕੋਲ਼ੋਂ ਵੱਖ ਹੋ ਗਈ ?" ਯੂਸਫ਼ ਨੇ ਪੁੱਛਿਆ।

"ਹਾਂ," ਰਾਜਕੁਮਾਰੀ ਨੇ ਕਿਹਾ, "ਉਹ ਬੁੱਢਾ ਇੱਕ ਅਮੀਰ ਜੌਹਰੀ ਸੀ। ਉਹ ਮੈਨੂੰ ਆਪਣੀ

ਸੁਹਣੀ ਗੱਡੀ ਵਿੱਚ ਬਿਠਾ ਕੇ ਆਪਣੇ ਘਰ ਲੈ ਗਿਆ। ਰਾਹ ਵਿੱਚ ਉਸਨੇ ਮੈਥੋਂ ਪੁੱਛਿਆ, "ਕੀ ਤੂੰ ਰੋਜ਼ ਰੋਨੀਂ ਏਂ ?"

ਮੈਂ ਕਿਹਾ, "ਨਹੀਂ, ਮੈਂ ਤਾਂ ਰੋਜ਼ ਹੱਸਦੀ ਰਹਿਨੀ ਆਂ। ਅੱਜ ਹੀ ਪਹਿਲੀ ਵੇਰ ਰੋਈ ਹਾਂ।"

"ਹੂੰ," ਇਹ ਕਹਿ ਕੇ ਬੁੱਢਾ ਕੁੱਝ ਸੋਚਣ ਲੱਗਾ। ਘਰ ਲਿਜਾ ਕੇ ਬੁੱਢੇ ਨੇ ਮੈਨੂੰ ਬੜੇ ਅਰਾਮ ਨਾਲ਼ ਰੱਖਿਆ। ਚੰਗੇ-ਚੰਗੇ ਖਾਣੇ, ਸੁਹਣੇ-ਸੁਹਣੇ ਕੱਪੜੇ, ਤੇ ਸੈਰ ਲਈ ਚੌਂਹ ਘੋੜਿਆਂ ਵਾਲ਼ੀ ਗੱਡੀ। ਉਸ ਦੇ ਘਰ ਵਿੱਚ ਹਰ ਤਰ੍ਹਾਂ ਦਾ ਸੁੱਖ ਸੀ। ਪਰ ਇੱਕ ਨੁਕਸ ਸੀ।"

"ਉਹ ਕੀ ?" ਮੋਹਨ ਨੇ ਪੁੱਛਿਆ।

ਬੁੱਢਾ ਰੋਜ਼ ਰਾਤ ਦੀ ਰੋਟੀ ਮਗਰੋਂ ਮੈਨੂੰ ਕੁੱਟਦਾ ਸੀ। ਮੈਂ ਰੋਂਦੀ ਪਿੱਟਦੀ ਤਾਂ ਉਹ ਗਰਾਮੋਫ਼ੋਨ ਵਜਾਉਣ ਲੱਗ ਜਾਂਦਾ ਤਾਂ ਜੋ ਮੇਰੀ ਅਵਾਜ਼ ਸੁਣਾਈ ਨਾ ਦਏ। ਇਹ ਮਾਰ-ਕੁੱਟ ਕੋਈ ਇੱਕ ਜਾਂ ਅੱਧੇ ਘੰਟੇ ਤਾਈਂ ਜਾਰੀ ਰਹਿੰਦੀ। ਜਦ ਤੱਕ ਮੈਂ ਰੋ-ਰੋ ਕੇ ਥੱਕ ਨਾ ਜਾਂਦੀ, ਬੁੱਢਾ ਚੈਨ ਨਾਲ਼ ਨਾ ਬਹਿੰਦਾ। ਉਹ ਮੈਨੂੰ ਰੁਆਉਂਦਾ ਤੇ ਮੇਰੀਆਂ ਅੱਖਾਂ ਵਿੱਚੋਂ ਡਿੱਗਦੇ ਹੋਏ ਹੰਝੂਆਂ ਦੇ ਮੋਤੀਆਂ ਨੂੰ ਇੱਕ ਰੇਸ਼ਮੀ ਰੁਮਾਲ ਵਿੱਚ ਚੁਣ ਕੇ ਪਾ ਲੈਂਦਾ ਤੇ ਫਿਰ ਜਾ ਕੇ ਦੁਕਾਨ 'ਤੇ ਸਜਾ ਦਿੰਦਾ। ਗਾਹਕ ਮੋਤੀਆਂ ਨੂੰ ਦੇਖ ਕੇ ਬਹੁਤ ਹੈਰਾਨ ਹੁੰਦੇ ਸਨ ਕਿ ਸਮੁੰਦਰ ਦੇ ਮੋਤੀ ਉਹਨਾਂ ਸਾਹਮਣੇ ਬਿਲਕੁਲ ਝੂਠੇ ਲਗਦੇ ਸਨ। ਹੌਲ਼ੀ-ਹੌਲ਼ੀ ਇਹ ਖ਼ਬਰ ਬਾਦਸ਼ਾਹ ਕੋਲ਼ ਪੁੱਜੀ। ਬਾਦਸ਼ਾਹ ਨੇ ਜੌਹਰੀ ਦੇ ਮੋਤੀਆਂ ਨੂੰ ਪਰਖਿਆ। ਉਸ ਨੂੰ ਵੀ ਸੋਹਣੇ ਮੋਤੀਆਂ, ਹੀਰਿਆਂ ਤੇ ਦੂਜੇ ਕੀਮਤੀ ਪੱਥਰਾਂ ਨੂੰ ਜਮ੍ਹਾਂ ਕਰਨ ਦਾ ਸ਼ੌਕ ਸੀ। ਹਰ ਬਾਦਸ਼ਾਹ ਨੂੰ ਚੀਜ਼ਾਂ ਜਮ੍ਹਾਂ ਕਰਨ ਦਾ ਸ਼ੌਕ ਹੁੰਦਾ ਹੈ। ਕੋਈ ਪੱਥਰ ਜਮ੍ਹਾਂ ਕਰਦਾ ਹੈ, ਕੋਈ ਟਿਕਟਾਂ ਜਮ੍ਹਾਂ ਕਰਦਾ ਹੈ। ਖ਼ੈਰ ਕੁੱਝ ਚਿਰ ਤਾਈਂ ਮੋਤੀ ਦੇਖਣ ਪਿੱਛੋਂ ਬਾਦਸ਼ਾਹ ਨੇ ਜੌਹਰੀ ਨੂੰ ਕਿਹਾ, "ਇਹ ਮੋਤੀ ਤੂੰ ਕਿੱਥੋਂ ਲਿਆਇਆ ਹੈਂ ?"

ਜੌਹਰੀ ਨੇ ਦੋ-ਚਾਰ ਵਾਰ ਝੂਠ ਬੋਲਣ ਦੀ ਕੋਸ਼ਿਸ਼ ਕੀਤੀ, ਪਰ ਬਾਦਸ਼ਾਹ ਬਹੁਤ ਚਲਾਕ ਸੀ। ਉਸ ਨੇ ਜੌਹਰੀ ਨੂੰ ਕਿਹਾ, "ਸੱਚ-ਸੱਚ ਦੱਸ, ਇਹ ਮੋਤੀ ਕਿੱਥੋਂ ਹਾਸਲ ਕੀਤੇ ਹਨ। ਨਹੀਂ ਤਾਂ ਕਤਲ ਕਰ ਦਿਆਂਗਾ।"

ਬਾਦਸ਼ਾਹ ਨੇ ਜੱਲਾਦ ਨੂੰ ਹਾਜ਼ਰ ਹੋਣ ਦਾ ਹੁਕਮ ਦਿੱਤਾ।

ਜੌਹਰੀ ਥਰ-ਥਰ ਕੰਬਣ ਲੱਗਾ। ਉਸ ਨੇ ਹੱਥ ਜੋੜ ਕੇ ਤੇ ਗਿੜਗਿੜਾ ਕੇ ਆਪਣੀ ਜਾਨ-ਬਖ਼ਸ਼ੀ ਦੀ ਅਰਜ਼ ਕੀਤੀ ਤੇ ਕਿਹਾ ਕਿ ਹਜ਼ੂਰ ਇਹ ਮੋਤੀ ਸਮੁੰਦਰ ਦੇ ਨਹੀਂ ਹਨ। ਇਹ ਮੋਤੀ ਇੱਕ ਡਬਲਰੋਟੀ ਵੇਚਣ ਵਾਲ਼ੀ ਦੇ ਹੰਝੂ ਹਨ।"

ਬਾਦਸ਼ਾਹ ਨੂੰ ਯਕੀਨ ਨਾ ਆਇਆ। ਪਰ ਜੌਹਰੀ ਦੇ ਬਾਰ ਬਾਰ ਕਹਿਣ 'ਤੇ ਬਾਦਸ਼ਾਹ ਨੂੰ ਮੰਨਣਾ ਪਿਆ। ਉਸ ਨੇ ਜੌਹਰੀ ਨੂੰ ਕਿਹਾ,"ਜਾ ਉਸ ਨੂੰ ਝੱਟ ਦਰਬਾਰ ਵਿੱਚ ਪੇਸ਼ ਕਰ। " ਸੋ ਮੈਂ ਦਰਬਾਰ

ਵਿੱਚ ਲਿਆਂਦੀ ਗਈ ਤੇ ਬਾਦਸ਼ਾਹ ਦੇ ਸਾਹਮਣੇ ਮੈਨੂੰ ਰੁਆਇਆ ਗਿਆ। ਬਾਦਸ਼ਾਹ ਮੈਨੂੰ ਵੇਖ ਕੇ ਬਹੁਤ ਖ਼ੁਸ਼ ਹੋਇਆ, ਕਿਉਂਕਿ ਸੱਚੀਂ ਮੁੱਚੀਂ ਮੇਰੇ ਹੰਝੂ ਪਲਕਾਂ ਤੋਂ ਡਿੱਗਦੇ ਹੀ ਮੋਤੀ ਬਣ ਜਾਂਦੇ ਸਨ ਤੇ ਜਿਵੇਂ ਕਿ ਮੈਂ ਹੁਣੇ ਕਿਹਾ ਹੈ, ਬਾਦਸ਼ਾਹ ਨੂੰ ਵੀ ਕੀਮਤੀ ਪੱਥਰ ਜਮ੍ਹਾਂ ਕਰਨ ਦਾ ਬੜਾ ਸ਼ੌਕ ਸੀ। ਉਸ ਨੇ ਜੌਹਰੀ ਨੂੰ ਕਤਲ ਕਰਾ ਦਿੱਤਾ ਤੇ ਮੈਨੂੰ ਆਪਣੇ ਮਹੱਲ ਵਿੱਚ ਰੱਖ ਲਿਆ ਤੇ ਮੇਰੇ ਕਮਰੇ ਦੇ ਚੌਹੀਂ ਪਾਸੀਂ ਪਹਿਰਾ ਲਾ ਦਿੱਤਾ।

ਬਾਦਸ਼ਾਹ ਦੇ ਮਹੱਲ ਵਿੱਚ ਮੈਨੂੰ ਦਿਨ ਵਿੱਚ ਇੱਕ ਵਾਰ ਨਹੀਂ ਚਾਰ-ਚਾਰ ਵਾਰ ਮਾਰਿਆ ਜਾਂਦਾ ਸੀ, ਕਿਉਂਕਿ ਉਹ ਬਾਦਸ਼ਾਹ ਆਪਣੇ ਗਵਾਂਢ ਦੇ ਇੱਕ ਦੂਜੇ ਮੁਲਕ ’ਤੇ ਹਮਲਾ ਕਰਨਾ ਚਾਹੁੰਦਾ ਸੀ ਤੇ ਹਮਲੇ ਲਈ ਫ਼ੌਜ ਦੀ ਤੇ ਫ਼ੌਜ ਲਈ ਸਮਾਨ ਤੇ ਰੁਪਏ ਦੀ ਲੋੜ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਮੇਰੇ ਹੰਝੂ ਵਰਤੇ ਗਏ। ਜਦ ਬਾਦਸ਼ਾਹ ਦਾ ਖ਼ਜ਼ਾਨਾ ਮੋਤੀਆਂ ਨਾਲ਼ ਭਰ ਗਿਆ ਤਾਂ ਉਸ ਨੇ ਗਵਾਂਢੀ ਮੁਲਕ ਉੱਤੇ ਚੜ੍ਹਾਈ ਕਰ ਦਿੱਤੀ। ਪਰ ਬਾਦਸ਼ਾਹ ਨੂੰ ਬੁਰੀ ਤਰ੍ਹਾਂ ਹਾਰ ਹੋਈ। ਫੇਰ ਦੂਜੇ ਮੁਲਕ ਵਾਲ਼ਿਆਂ ਨੇ ਬਾਦਸ਼ਾਹ ਦੀ ਰਾਜਧਾਨੀ ’ਤੇ ਹਮਲਾ ਕਰ ਦਿੱਤਾ। ਬੜੀ ਲੁੱਟ ਮਾਰ ਹੋਈ। ਬਾਦਸ਼ਾਹ ਦਾ ਮਹੱਲ ਵੀ ਲੁੱਟਿਆ ਗਿਆ ਤੇ ਇਸ ਲੁੱਟ ਵਿੱਚ ਮੈਂ ਇੱਕ ਸਿਪਾਹੀ ਦੇ ਹੱਥ ਆਈ। ਉਸਨੇ ਮੈਨੂੰ ਇੱਕ ਨਿੱਕੀ ਜਿਹੀ ਕੁੜੀ ਸਮਝ ਕੇ ਦਸ ਅਸ਼ਰਫ਼ੀਆਂ ਦੇ ਬਦਲੇ ਇੱਕ ਵਪਾਰੀ ਦੇ ਹੱਥ ਵੇਚ ਦਿੱਤਾ, ਜੋ ਗ਼ੁਲਾਮਾਂ ਦਾ ਵਪਾਰ ਕਰਦਾ ਸੀ। ਫੇਰ ਜੋ ਕੁੱਝ ਹੋਇਆ ਉਹ ਤੁਸੀਂ ਜਾਣਦੇ ਹੋ।”

ਯੂਸਫ਼ ਨੇ ਮੋਹਨ ਨੂੰ ਕਿਹਾ,“ਚੱਲ ਬਈ ਹੁਣ ਅੱਗੇ ਵੀ ਚੱਲੇਂਗਾ ਕਿ ਕਹਾਣੀਆਂ ਸੁਣਦਾ ਰਹੇਂਗਾ।”

ਯੂਸਫ਼, ਮੋਹਨ ਤੇ ਰਾਜਕੁਮਾਰੀ ਤਿੰਨੇ ਰੁੱਖ ’ਤੇ ਚੜ੍ਹਨ ਲੱਗੇ। ਯੂਸਫ਼ ਨੇ ਮੋਹਨ ਨੂੰ ਕਿਹਾ, “ਮੈਂ ਅੱਗੇ ਅੱਗੇ ਚੱਲਦਾ ਹਾਂ, ਤੂੰ ਮੇਰੇ ਪਿੱਛੇ ਪਿੱਛੇ ਆ ਤੇ ਮਿਸ ਡਬਲ ਰੋਟੀ,” ਯੂਸਫ਼ ਨੇ ਰਾਜਕੁਮਾਰੀ ਨੂੰ ਕਿਹਾ,“ਤੂੰ ਰਤਾ ਮੋਹਨ ਦੀ ਮਦਦ ਕਰ, ਵਿਚਾਰੇ ਦੇ ਹੱਥਾਂ ’ਤੇ ਸਿਰਫ਼ ਇੱਕ ਅੰਗੂਠਾ ਹੀ ਹੈ। ਜੇ ਤੂੰ ਮਦਦ ਨਹੀਂ ਕਰੇਂਗੀ ਤਾਂ ਇਹ ਰੁੱਖ ’ਤੇ ਨਹੀਂ ਚੜ੍ਹ ਸਕੇਗਾ।”

ਰਾਜਕੁਮਾਰੀ ਨੂੰ ਆਪਣਾ ਨਾਂ ਬਹੁਤ ਪਸੰਦ ਆਇਆ। ਮਿਸ ਡਬਲ ਰੋਟੀ ਹੱਸਣ ਲੱਗੀ। ਫੇਰ ਕਹਿਣ ਲੱਗੀ, “ਮੋਹਨ ਵਿਚਾਰਾ ਕਿੰਨਾ ਮਜਬੂਰ ਹੈ।”

ਮੋਹਨ ਨੇ ਗ਼ੁੱਸੇ ਨਾਲ਼ ਕਿਹਾ, “ਮੈਂ ਏਨਾ ਮਜਬੂਰ ਨਹੀਂ ਹਾਂ। ਇਸ ਰੁੱਖ ’ਤੇ ਚੜ੍ਹਦੇ ਚੜ੍ਹਦੇ ਮੇਰੇ ਹੱਥਾਂ ਵਿੱਚ ਖੁਰਕ ਹੋਣ ਲੱਗੀ ਹੈ। ਮੈਨੂੰ ਇੰਞ ਲੱਗਦਾ ਹੈ ਜਿਵੇਂ ਮੇਰੇ ਹੱਥਾਂ ਦੀਆਂ ਉਂਗਲ਼ਾਂ ਅੰਦਰ ਹੀ ਅੰਦਰ ਫੇਰ ਉੱਗ ਰਹੀਆਂ ਹਨ।”

9.

ਬਹੁਤ ਦੇਰ ਤਾਈਂ ਯੂਸਫ਼, ਮੋਹਨ ਤੇ ਮਿਸ ਡਬਲ ਰੋਟੀ ਰੁੱਖ ਦੇ ਉੱਪਰ ਚੜ੍ਹਦੇ ਰਹੇ। ਯੂਸਫ਼, ਮੋਹਨ ਦੀ ਟਾਰਚ ਨਾਲ਼ ਰਾਹ ਵਿਖਾਉਂਦਾ ਜਾ ਰਿਹਾ ਸੀ। ਅੰਤ ਇੱਕ ਥਾਂ ਅੱਪੜ ਕੇ ਯੂਸਫ਼ ਰੁਕ ਗਿਆ। ਰੁੱਖ ਦੇ ਇੱਕ ਬਹੁਤ ਵੱਡੇ ਟਾਹਣ ’ਤੇ ਇੱਕ ਵੱਡਾ ਸਾਰਾ ਬੋਰਡ ਲੱਗਾ ਹੋਇਆ ਸੀ। ਉਸ ’ਤੇ ਮੋਟੇ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਸੀ :

“ਖ਼ਬਰਦਾਰ! ਅੰਦਰ ਪੈਰ ਨਾ ਰੱਖਣਾ, ਇਹ ਸੱਪਾਂ ਦਾ ਸ਼ਹਿਰ ਹੈ।”

“ਊਈ,” ਰਾਜਕੁਮਾਰੀ ਜ਼ੋਰ ਨਾਲ਼ ਚੀਕੀ, “ਮੈਨੂੰ ਤਾਂ ਸੱਪਾਂ ਤੋਂ ਬੜਾ ਡਰ ਲੱਗਦਾ ਏ।”

“ਮੈਨੂੰ ਵੀ,” ਮੋਹਨ ਕਹਿਣ ਲੱਗਾ, “ਚਲੋ ਅੱਗੇ ਚੱਲੋ।”

ਯੂਸਫ਼ ਨੇ ਕਿਹਾ, “ਨਹੀਂ ਅੰਦਰ ਚੱਲੋ। ਇਹ ਸ਼ਹਿਰ ਵੀ ਵੇਖ ਕੇ ਜਾਵਾਂਗੇ।”

ਰੁੱਖ ਦੇ ਟਾਹਣ ’ਤੇ ਤੁਰਦੇ ਤੁਰਦੇ ਉਹ ਤਿੰਨੇ ਸ਼ਹਿਰ ਦੇ ਦਰਵਾਜ਼ੇ ਤੱਕ ਪਹੁੰਚ ਗਏ। ਦਰਵਾਜ਼ਾ ਅੰਦਰੋਂ ਬੰਦ ਸੀ। ਯੂਸਫ਼ ਦੇ ਖੜਕਾਉਣ ’ਤੇ ਇੱਕ ਪਹਿਰੇਦਾਰ ਨੇ ਕਿਹਾ—

“ਜੇ ਜਾਨ ਦੀ ਅਮਾਨ ਚਾਹੁੰਦੇ ਹੋ ਤਾਂ..”

ਯੂਸਫ਼ ਨੇ ਟੋਕ ਕੇ ਕਿਹਾ,“ਅਸੀਂ ਨਹੀਂ ਚਾਹੁੰਦੇ।”

ਪਹਿਰੇਦਾਰ ਨੇ ਕਿਹਾ,“ਤੁਹਾਡਾ ਭਲਾ ਏਸ ਵਿੱਚ ਏ ਕਿ ਮੁੜ ਜਾਓ।”

“ਆਓ,” ਯੂਸਫ਼ ਨੇ ਮੋਹਨ ਤੇ ਰਾਜਕੁਮਾਰੀ ਨੂੰ ਹੱਥੋਂ ਫੜਿਆ ਤੇ ਦਰਵਾਜ਼ੇ ਦੇ ਅੰਦਰ ਦਾਖ਼ਲ ਹੋ ਗਿਆ। ਉਹਨਾਂ ਦੇ ਅੰਦਰ ਜਾਣ ’ਤੇ ਪਹਿਰੇਦਾਰ ਨੇ ਪਹਿਲਾਂ ਤਾਂ ਚੰਗੀ ਤਰ੍ਹਾਂ ਉਹਨਾਂ ਦੀ ਤਲਾਸ਼ੀ ਲਈ ਤੇ ਫੇਰ ਝੱਟ ਦਰਵਾਜ਼ਾ ਬੰਦ ਕਰ ਲਿਆ। ਇਹ ਬੜਾ ਸੋਹਣਾ ਸ਼ਹਿਰ ਸੀ। ਗਲ਼ੀਆਂ, ਬਜ਼ਾਰ, ਮਕਾਨ, ਸੜਕਾਂ, ਸਾਰੀਆਂ ਪੱਕੀਆਂ ਸਨ। ਸੀਮਿੰਟ ਤੇ ਕੰਕਰੀਟ ਦੀਆਂ ਬਣੀਆਂ ਹੋਈਆਂ। ਸਫ਼ਾਈ ਏਨੀ ਸੀ ਕਿ ਕਿਤੇ ਇੱਕ ਤੀਲਾ ਪਿਆ ਵੀ ਨਹੀਂ ਸੀ ਦਿਸਦਾ। ਲੋਕ ਸਾਫ਼-ਸੁਥਰੇ ਕੱਪੜੇ ਪਾਈ ਘੁੰਮ ਰਹੇ ਸਨ। ਪਰ ਸਾਰੇ ਚੁੱਪ ਸਨ। ਘਬਰਾਈਆਂ ਹੋਈਆਂ ਨਜ਼ਰਾਂ ਨਾਲ਼ ਏਧਰ ਓਧਰ ਦੇਖਦੇ ਤੁਰ ਰਹੇ ਸਨ। ਕਿਸੇ ਦੇ ਚਿਹਰੇ ’ਤੇ ਮੁਸਕਰਾਹਟ ਨਹੀਂ ਸੀ। ਦੁਕਾਨਦਾਰਾਂ ਨੇ ਦੁਕਾਨਾਂ ਦੇ ਸਾਹਮਣੇ ਲੋਹੇ ਦੀਆਂ ਜਾਲ਼ੀਆਂ ਲਾ ਰੱਖੀਆਂ ਸਨ ਤੇ ਉਹਨਾਂ ਦੇ ਪਿੱਛੇ ਚੁੱਪ ਚਾਪ ਬੈਠੇ ਸਨ। ਗਾਹਕ ਆਉਂਦਾ ਤੇ ਸੌਦਾ ਮੰਗਦਾ ਤਾਂ ਲੋਹੇ ਦੀ ਇੱਕ ਛੋਟੀ ਜਿਹੀ ਬਾਰੀ ਖੁੱਲ੍ਹਦੀ ਤੇ ਦੁਕਾਨਦਾਰ ਦਾ ਹੱਥ ਉਸ ਵਿੱਚੋਂ ਬਾਹਰ ਨਿੱਕਲ਼ਦਾ। ਸੌਦਾ ਦੇ ਦੇਂਦਾ, ਪੈਸੇ ਲੈ ਲੈਂਦਾ ਤੇ ਫੇਰ ਇਹ ਲੋਹੇ ਦੀ ਬਾਰੀ ਝੱਟ ਕਰ ਕੇ ਬੰਦ ਹੋ ਜਾਂਦੀ। ਬੜੀ ਅਜੀਬ ਗੱਲ ਸੀ ਕਿ ਸਿਰਫ਼ ਦੁਕਾਨਾਂ ’ਤੇ ਹੀ ਲੋਹੇ ਦੀਆਂ ਜਾਲ਼ੀਆਂ ਨਹੀਂ ਸਨ, ਸਗੋਂ ਹਰ ਘਰ ਦੇ ਬੂਹੇ ’ਤੇ, ਹਰ ਗਲ਼ੀ ਦੇ ਮੋੜ ’ਤੇ, ਹਰ ਮਕਾਨ ਦੀ ਬਾਰੀ ’ਤੇ ਲੋਹੇ ਦੀਆਂ ਜਾਲ਼ੀਆਂ ਸਨ।

"ਔਹ ਵੇਖੋ, ਔਹ ਕੀ ਏ!" ਮੋਹਨ ਨੇ ਉੱਪਰ ਅਸਮਾਨ ਵੱਲ ਸੈਨਤ ਕਰਦੇ ਹੋਏ ਯੂਸਫ਼ ਨੂੰ ਕਿਹਾ। ਯੂਸਫ਼ ਨੇ ਸਿਰ ਉੱਚਾ ਕਰਕੇ ਦੇਖਿਆ। ਸ਼ਹਿਰ ਦੇ ਉੱਪਰ ਵੀ, ਸਭ ਤੋਂ ਉੱਚੀ ਇਮਾਰਤ ਦੇ ਉੱਪਰ ਇੱਕ ਲੋਹੇ ਦੀ ਜਾਲ਼ੀ ਲੱਗੀ ਹੋਈ ਸੀ। ਇਸ ਲੋਹੇ ਦੀ ਜਾਲੀ ਨੇ ਸਾਰੇ ਸ਼ਹਿਰ ਨੂੰ ਵਲ਼ਿਆ ਹੋਇਆ ਸੀ।

ਯੂਸਫ਼ ਨੇ ਕਿਹਾ,"ਅਜੀਬ ਸ਼ਹਿਰ ਹੈ ਇਹ!"

ਰਾਜਕੁਮਾਰੀ ਨੇ ਕਿਹਾ,"ਅਜੀਬ ਗੱਲ ਇਹ ਵੇ ਕਿ ਸਾਨੂੰ ਏਨੀ ਦੇਰ ਹੋ ਗਈ ਏ ਇਸ ਸ਼ਹਿਰ ਵਿੱਚ ਘੁੰਮਦਿਆਂ, ਅਸਾਂ ਕਿਤੇ ਕੋਈ ਰੁੱਖ ਨਹੀਂ ਵੇਖਿਆ। ਇੱਕ ਬਾਗ਼, ਇੱਕ ਬੂਟਾ, ਇੱਕ ਫ਼ੁੱਲ ਕੁੱਝ ਵੀ ਨਹੀਂ ਵੇਖਿਆ।

ਹੁਣ ਯੂਸਫ਼ ਤੇ ਮੋਹਨ ਨੇ ਇਸ ਗੱਲ 'ਤੇ ਧਿਆਨ ਦਿੱਤਾ ਤਾਂ ਉਹਨਾਂ ਨੂੰ ਵੀ ਇਹ ਗੱਲ ਬੜੀ ਅਜੀਬ ਲੱਗੀ। ਸੱਚੀਂ-ਮੁੱਚੀਂ ਸਾਰੇ ਸ਼ਹਿਰ ਵਿੱਚ ਇੱਕ ਰੁੱਖ ਵੀ ਨਹੀਂ ਸੀ, ਇੱਕ ਬਾਗ਼ ਵੀ ਨਹੀਂ ਸੀ, ਇੱਕ ਫ਼ੁੱਲ ਵੀ ਨਹੀਂ ਸੀ ਦਿਸਦਾ।

"ਗੱਲ ਕੀ ਹੈ?" ਯੂਸਫ਼ ਨੇ ਬੜੀ ਹੈਰਾਨੀ ਨਾਲ਼ ਕਿਹਾ, ਉਸ ਨੇ ਆਲ਼ੇ ਦੁਆਲ਼ੇ ਫਿਰ ਰਹੇ ਲੋਕਾਂ ਤੋਂ ਵੀ ਕਈ ਵਾਰ ਪੁੱਛਿਆ, ਪਰ ਕਿਸੇ ਨੇ ਇਸ ਸਵਾਲ ਦਾ ਜਵਾਬ ਨਾ ਦਿੱਤਾ। ਸਗੋਂ ਸਵਾਲ ਸੁਣਦੇ ਹੀ ਲੋਕ ਕੰਬਣ ਲਗਦੇ। ਉਹਨਾਂ ਦੇ ਚਿਹਰੇ ਪੀਲ਼ੇ ਪੈ ਜਾਂਦੇ ਤੇ ਉਹ ਚੁੱਪ ਚਪੀਤੇ ਸਿਰ ਨਿਵਾ ਕੇ ਅੱਗੇ ਵਧ ਜਾਂਦੇ। "ਜ਼ਰੂਰ ਕੋਈ ਗੱਲ ਹੋਣੀ ਏਂ।" ਯੂਸਫ਼ ਨੇ ਆਪਣੇ ਸਾਥੀਆਂ ਨੂੰ ਕਿਹਾ। ਮੋਹਨ ਨੇ ਕਿਹਾ,"ਚਲੋ ਏਥੋਂ ਦੌੜ ਚੱਲੀਏ। ਇਸ ਨੂੰ ਦੇਖ ਕੇ ਮੈਨੂੰ ਆਪਣਾ ਸ਼ਹਿਰ ਯਾਦ ਆਉਂਦਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਓਥੇ ਲੋਕ ਨਹੀਂ ਸਨ। ਏਥੇ ਲੋਕ ਹਨ। ਪਰ ਇੰਝ ਲੱਗਦਾ ਏ ਕਿ ਇਹਨਾਂ ਦਾ ਹੋਣਾ ਨਾ ਹੋਣਾ ਬਰਾਬਰ ਏ।"

ਯੂਸਫ਼ ਨੇ ਕਿਹਾ, "ਨਹੀਂ ਨਹੀਂ, ਹੁਣ ਆਏ ਹਾਂ ਤਾਂ ਪਤਾ ਕਰਕੇ ਹੀ ਜਾਵਾਂਗੇ।"

ਤ੍ਰਕਾਲ਼ੀਂ ਇਹ ਤਿੰਨੋਂ ਥੱਕ ਕੇ ਇੱਕ ਸਰਾਂ ਵਿੱਚ ਜਾ ਕੇ ਠਹਿਰੇ। ਪਰ ਏਥੇ ਵੀ ਇਹਨਾਂ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ। ਯੂਸਫ਼ ਦੇ ਸਵਾਲ ਕਰਨ 'ਤੇ ਵੀ ਸਰਾਂ ਵਾਲ਼ੇ ਨੇ ਦੱਸਿਆ, ਕਿ ਉਹ ਕਿਉਂ ਇਹਨਾਂ ਦੀ ਤਲਾਸ਼ੀ ਲੈ ਰਿਹਾ ਹੈ।

ਕਮਰੇ ਵਿੱਚ ਪਹੁੰਚ ਕੇ ਯੂਸਫ਼ ਨੇ ਦੇਖਿਆ ਕਿ ਲੋਹੇ ਦੇ ਮੰਜੇ 'ਤੇ ਲੋਹੇ ਦੀਆਂ ਅਤੀ ਬਰੀਕ, ਤਾਰਾਂ ਦਾ ਬਣਿਆ ਬਿਸਤਰਾ ਵਿਛਿਆ ਹੈ। ਸਿਰਹਾਣਾਂ, ਚਾਦਰਾਂ, ਗ਼ਲਾਫ਼ ਹਰ ਚੀਜ਼ ਲੋਹੇ ਦੀਆਂ ਬਰੀਕ ਤਾਰਾਂ ਦੀ ਬਣੀ ਹੋਈ ਸੀ। ਬਿਸਤਰਾ ਇਸ ਤਰ੍ਹਾਂ ਦਾ ਬਣਿਆ ਹੋਇਆ ਸੀ ਕਿ ਆਦਮੀ ਬਿਸਤਰੇ ਵਿੱਚ ਵੜ ਕੇ ਉੱਪਰੋਂ ਲੋਹੇ ਦੀ ਜ਼ਿੱਪ ਲਾ ਕੇ ਅਰਾਮ ਨਾਲ਼ ਉਸ ਦੇ ਅੰਦਰ ਇਸ ਤਰ੍ਹਾਂ ਸੌਂ ਜਾਂਦਾ ਸੀ, ਜਿਵੇਂ ਆਦਮੀ ਕਿਸੇ ਲੋਹੇ ਦੀ ਪਿੰਜਰੇ ਵਿੱਚ ਸੌਂ ਰਿਹਾ ਹੋਵੇ।

"ਅਜੀਬ ਸ਼ਹਿਰ ਹੈ ਇਹ।"

ਰਾਜਕੁਮਾਰੀ ਨੇ ਕਿਹਾ, "ਮੈਨੂੰ ਤਾਂ ਤ੍ਰੇਹ ਲੱਗੀ ਹੈ।"

ਯੂਸਫ਼ ਨੇ ਏਧਰ ਓਧਰ ਦੇਖਿਆ, ਅਖ਼ੀਰ ਉਸ ਨੂੰ ਇੱਕ ਨੁਕਰੇ ਪਾਣੀ ਦਾ ਨਲ਼ਕਾ ਦਿਖਿਆ। ਨਲ਼ਕੇ ਦੀ ਟੂਟੀ 'ਤੇ ਵੀ ਲੋਹੇ ਦੀ ਜਾਲ਼ੀ ਲੱਗੀ ਸੀ, ਜਿਸ ਵਿੱਚੋਂ ਪਾਣੀ ਛਣ ਕੇ ਆਉਂਦਾ ਸੀ। ਰਾਜਕੁਮਾਰੀ ਨੇ ਪਾਣੀ ਪੀਤਾ। ਇਹ ਚੰਗਾ ਹੋਇਆ ਜੋ ਪਾਣੀ ਲੋਹੇ ਦੀਆਂ ਬਰੀਕ ਤਾਰਾਂ ਦਾ ਬਣਿਆ ਹੋਇਆ ਨਹੀਂ ਸੀ, ਨਹੀਂ ਤਾਂ ਰਾਜਕੁਮਾਰੀ ਦੇ ਸੰਘ ਵਿੱਚ ਫਸ ਜਾਣਾ ਸੀ।



ਤ੍ਰਕਾਲ਼ੀਂ ਜਿਉਂ ਹੀ ਸੂਰਜ ਡੁੱਬਿਆ, ਇਹਨਾਂ ਤਿੰਨਾਂ ਨੇ ਵੇਖਿਆ ਕਿ ਸਾਰੇ ਸ਼ਹਿਰ ਵਿੱਚ ਸੂਰਜ ਵਾਂਗ ਚਮਕਦਾ ਹੋਇਆ ਇੱਕ ਨਵਾਂ ਚਾਨਣ ਫੈਲ ਗਿਆ। ਚਾਨਣ ਏਨਾਂ ਤਿੱਖਾ ਸੀ ਕਿ ਸ਼ਹਿਰ ਦੀ ਕੋਈ ਨੁੱਕਰ ਉਸ ਤੋਂ ਬਚੀ ਨਹੀਂ ਸੀ। ਕਿਤੇ ਹਨੇਰਾ ਨਾ ਰਿਹਾ। ਬਾਹਰਲੀ ਸੜਕ ਕੱਚ ਵਾਂਗ ਚਮਕ ਰਹੀ ਸੀ। ਉਸ 'ਤੇ ਜੇ ਇੱਕ ਵਾਲ਼ ਵੀ ਪਿਆ ਹੁੰਦਾ ਤਾਂ ਸਾਫ਼ ਦਿਸ ਪੈਂਦਾ।

"ਇਹ ਚਾਨਣ ਕਿੱਥੋਂ ਆ ਰਿਹਾ ਹੈ?" ਯੂਸਫ਼ ਨੇ ਪੁੱਛਿਆ।

ਮੋਹਨ ਨੇ ਬਾਹਰ ਬਾਰੀ ਵੱਲ ਸੈਨਤ ਕਰ ਕੇ ਕਿਹਾ,"ਔਹ ਵੇਖ।"

"ਬਾਰੀ ਤੋਂ ਬਾਹਰ ਵੇਖਣ ਦੀ ਕੀ ਲੋੜ ਹੈ। ਛੱਤ ਵੱਲ ਵੇਖੋ।" ਰਾਜਕੁਮਾਰੀ ਨੇ ਕਿਹਾ।

ਉਹ ਤਿੰਨੋਂ ਛੱਤ ਵੱਲ ਵੇਖਣ ਲੱਗੇ। ਸਰਾਂ ਦੀ ਛੱਤ ਕੱਚ ਦੀ ਬਣੀ ਹੋਈ ਸੀ ਤੇ ਉਸ ਵਿੱਚੋਂ ਚਾਨਣ ਛਣ ਕੇ ਅੰਦਰ ਆ ਰਿਹਾ ਸੀ। ਚਾਨਣ ਇੱਕ ਬਹੁਤ ਵੱਡੇ ਮੀਨਾਰ ਦੇ ਉੱਪਰੋਂ ਆ ਰਿਹਾ ਸੀ ਜਿਸ ਦੇ ਉੱਪਰ ਸੂਰਜ ਵਾਂਗ ਚਮਕਣ ਵਾਲ਼ਾ ਇੱਕ ਗੋਲ਼ਾ ਘੁੰਮ ਰਿਹਾ ਸੀ।

ਯੂਸਫ਼ ਨੇ ਕਿਹਾ, "ਇਸ ਚਾਨਣ ਵਿੱਚ ਸੌਵਾਂਗੇ ਕਿਵੇਂ?"

ਰਾਜਕੁਮਾਰੀ ਨੇ ਕਿਹਾ, "ਬੜੀ ਸੌਖੀ ਗੱਲ ਏ। ਆਪਣੇ ਹੱਥ ਅੱਖਾਂ 'ਤੇ ਰੱਖ ਲਉ ਤੇ ਸੌਂ

ਜਾਓ।"

ਫੇਰ ਇਹਨਾਂ ਤਿੰਨਾਂ ਨੇ ਇਵੇਂ ਹੀ ਕੀਤਾ। ਆਪਣੇ ਹੱਥ ਅੱਖਾਂ 'ਤੇ ਰੱਖੇ ਤੇ ਸੌਂ ਗਏ। ਚਾਣਚੱਕ ਅੱਧੀ ਰਾਤ ਵੇਲ਼ੇ ਕਿਤਿਉਂ ਉੱਚੀ ਸਾਰੀ ਚੀਕ ਆਈ। ਰਾਜਕੁਮਾਰੀ ਝੱਟ ਉੱਠ ਬੈਠੀ। ਉਸ ਨੇ ਮੋਹਨ ਨੂੰ ਜਗਾਇਆ। ਮੋਹਨ ਨੇ ਯੂਸਫ਼ ਨੂੰ, ਯੂਸਫ਼ ਨੇ ਅੱਖਾਂ ਮਲ਼ਦੇ ਹੋਏ ਕਿਹਾ, "ਕੀ ਗੱਲ ਏ, ਸੌਣ ਵੀ ਨਹੀਂ ਦੇਂਦਾ।"

"ਉੱਠ ਉੱਠ, ਇਹ ਚੀਕਾਂ ਸੁਣਦਾ ਏਂ?"

ਸੱਚੀਂ ਮੁੱਚੀਂ ਸਰਾਂ ਦੇ ਬਾਹਰ ਚੀਕਾਂ ਵਧਦੀਆਂ ਜਾ ਰਹੀਆਂ ਸਨ। ਹੁਣ ਇਹਨਾਂ ਵਿੱਚ ਤੀਵੀਆਂ ਤੇ ਮਰਦਾਂ ਤੇ ਬੱਚਿਆਂ ਦੇ ਰੋਣ ਦੀ ਅਵਾਜ਼ ਵੀ ਸ਼ਾਮਲ ਹੋ ਗਈ ਸੀ। ਯੂਸਫ਼, ਮੋਹਨ ਤੇ ਰਾਜਕੁਮਾਰੀ ਛੇਤੀ ਛੇਤੀ ਉੱਠੇ, ਸਰਾਂ ਤੋਂ ਬਾਹਰ ਗਏ।

ਸਰਾਂ ਦੇ ਬਾਹਰ ਸੜਕ 'ਤੇ ਲੋਕਾਂ ਦੀ ਬੜੀ ਭੀੜ ਸੀ। ਪਰ ਇਸ ਭੀੜ ਵਿਚ ਹਰ ਆਦਮੀ ਰੋ ਰਿਹਾ ਸੀ ਤੇ ਆਪਣੀ ਛਾਤੀ ਕੁੱਟ ਰਿਹਾ ਸੀ। ਅੱਗੇ ਅੱਗੇ ਕੁੱਝ ਲੋਕ ਦਸ ਸੰਦੂਕ ਆਪਣੇ ਸਿਰਾਂ 'ਤੇ ਚੁੱਕੀ ਤੁਰ ਰਹੇ ਸਨ। ਸੱਚੀਂ ਮੁੱਚੀਂ ਲੋਕ ਰੋ ਰਹੇ ਸਨ।

"ਇਹਨਾਂ ਸੰਦੂਕਾਂ ਵਿੱਚ ਕੀ ਏ।" ਯੂਸਫ਼ ਨੇ ਇੱਕ ਆਦਮੀ ਤੋਂ ਪੁੱਛਿਆ।

"ਹਿਸ਼... ਹੌਲ਼ੀ ਗੱਲ ਕਰ। ਇਹਨਾਂ ਸੰਦੂਕਾਂ ਵਿੱਚ ਉਹਨਾਂ ਖ਼ੁਸ਼ਨਸੀਬਾਂ ਦੀਆਂ ਲਾਸ਼ਾਂ ਹਨ, ਜਿਨ੍ਹਾਂ ਨੂੰ ਅੱਜ ਰਾਤ ਸ੍ਰੀ ਸੱਪ ਜੀ ਮਹਾਰਾਜ ਨੇ ਡੰਗ ਲਿਆ ਹੈ।"

"ਸੱਪ ਨੇ ਡੰਗ ਲਿਆ ਹੈ?"

"ਸ਼ਿਸ਼," ਉਸ ਆਦਮੀ ਨੇ ਹੌਲ਼ੀ ਜਿਹੀ ਕਿਹਾ, "ਸੱਪ ਨਹੀਂ ਸ੍ਰੀ ਸੱਪ ਜੀ ਮਹਾਰਾਜ ਕਹਿ। ਜੇ ਕਿਤੇ ਉਹਨਾਂ ਨੇ ਸੁਣ ਲਿਆ ਤਾਂ ਨਰਾਜ਼ ਹੋ ਜਾਣਗੇ?"

"ਕੌਣ ਨਰਾਜ਼ ਹੋ ਜਾਣਗੇ"

"ਸ੍ਰੀ ਸੱਪ ਜੀ ਮਹਾਰਾਜ ਤੇ ਮੈਨੂੰ ਡਰ ਹੈ ਕਿ ਕਿਤੇ ਉਹ ਤੈਨੂੰ ਵੀ ਡੰਗ ਕੇ ਖ਼ੁਸ਼-ਨਸੀਬ ਨਾ ਬਣਾ ਦੇਣ।"

"ਸੱਪ ਦੇ ਡੰਗਣ ਨਾਲ਼ ਆਦਮੀ ਖ਼ੁਸ਼-ਨਸੀਬ ਬਣ ਜਾਂਦਾ ਹੈ? ਉਹ ਤਾਂ ਮਰ ਜਾਂਦਾ ਹੈ।" ਰਾਜਕੁਮਾਰੀ ਨੇ ਹੈਰਾਨੀ ਨਾਲ਼ ਪੁੱਛਿਆ।

"ਹਾਂ ਮਰ ਜਾਂਦਾ ਹੈ, ਪਰ ਏਥੇ ਅਸੀਂ ਉਸ ਨੂੰ ਖ਼ੁਸ਼-ਨਸੀਬ ਕਹਿੰਦੇ ਹਾਂ ਕਿਉਂਕਿ ਇਸ ਸ਼ਹਿਰ 'ਤੇ ਸ੍ਰੀ ਸੱਪ ਜੀ ਮਹਾਰਾਜ ਦਾ ਰਾਜ ਹੈ ਤੇ ਰੋਜ਼ ਰਾਤ ਨੂੰ ਦਸ ਆਦਮੀ ਇਹਨਾਂ ਦੇ ਡੰਗਣ ਨਾਲ਼ ਮਰ ਜਾਂਦੇ ਹਨ, ਮੇਰਾ ਮਤਲਬ ਖ਼ੁਸ਼-ਨਸੀਬ ਬਣ ਜਾਂਦੇ ਹਨ।"

"ਤਾਂ ਤੁਸੀਂ ਇਸ ਭੈੜੇ ਸੱਪ ਨੂੰ ਮਾਰ ਕਿਉਂ ਨਹੀਂ ਸੁੱਟਦੇ ?"

"ਸ਼ਿਸ਼, ਕੀ ਕਹਿੰਨਾ ਏਂ ?" ਉਸ ਆਦਮੀ ਦਾ ਰੰਗ ਇੱਕ ਦਮ ਪੀਲ਼ਾ ਪੈ ਗਿਆ ਤੇ ਉਹ ਯੂਸਫ਼ ਮੋਹਨ ਤੇ ਰਾਜਕੁਮਾਰੀ ਨੂੰ ਓਥੇ ਛੱਡਕੇ ਭੀੜ ਵਿੱਚ ਸ਼ਾਮਲ ਹੋ ਗਿਆ ਤੇ ਸਿਰ 'ਤੇ ਮਿੱਟੀ ਪਾ ਕੇ ਰੋਣ ਤੇ ਚੀਕਣ ਲੱਗਾ।

ਭੀੜ ਵਧ ਰਹੀ ਸੀ। ਲੋਕ ਜਲੂਸ ਵਿੱਚ ਸ਼ਾਮਲ ਹੋ ਕੇ ਰੋਂਦੇ ਧੋਂਦੇ ਜਾ ਰਹੇ ਸਨ। ਕਾਲ਼ੇ ਸੰਦੂਕਾਂ ਉੱਤੇ ਕਾਲ਼ੀਆਂ ਚਾਦਰਾਂ ਪਈਆਂ ਹੋਈਆਂ ਸਨ। ਇਹ ਸੰਦੂਕ ਬਹੁਤ ਵੱਡੇ ਵੱਡੇ ਸਨ, ਇੱਕ ਸੰਦੂਕ ਨੂੰ ਬਾਰਾਂ ਆਦਮੀ ਮਿਲ਼ਕੇ ਚੁੱਕਦੇ ਸਨ। ਤਦ ਉਹ ਸੰਦੂਕ ਚੁੱਕਿਆ ਜਾਂਦਾ ਸੀ।

"ਕੀ ਇਹ ਸੰਦੂਕ ਬਹੁਤ ਭਾਰੇ ਹਨ ?" ਮੋਹਨ ਨੇ ਇੱਕ ਆਦਮੀ ਨੂੰ ਪੁੱਛਿਆ।

"ਹਾਂ, ਹਰ ਸੰਦੂਕ ਵਿੱਚ ਮਰਨ ਵਾਲ਼ੇ ਦੀ ਸਾਰੀ ਦੌਲਤ ਰੱਖੀ ਹੋਈ ਹੈ— ਅਸ਼ਰਫ਼ੀਆਂ ਸੋਨਾ, ਚਾਂਦੀ, ਹੀਰੇ, ਜਵਾਹਰਾਤ, ਮਕਾਨ ਤੇ ਜ਼ਮੀਨ ਦੀ ਮਲਕੀਅਤ ਦੇ ਕਾਗ਼ਜ਼।"

"ਉਹ ਕਿਉਂ ?"

"ਏਥੇ ਰਿਵਾਜ਼ ਹੈ ਕਿ ਜਦ ਕੋਈ ਸੱਪ, ਮੇਰਾ ਮਤਲਬ ਸ਼੍ਰੀ ਸੱਪ ਜੀ ਮਹਾਰਾਜ ਦੇ ਡੰਗਣ ਨਾਲ਼ ਮਰ ਜਾਂਦਾ ਹੈ ਤਾਂ ਉਸ ਨੂੰ ਸਰਕਾਰੀ ਕਨੂੰਨ ਅਨੁਸਾਰ ਇੱਕ ਕਾਲ਼ੇ ਸੰਦੂਕ ਵਿੱਚ ਪਾ ਦਿੱਤਾ ਜਾਂਦਾ ਹੈ ਤੇ ਉਸ ਦੀ ਸਾਰੀ ਦੌਲਤ ਇਸ ਸੰਦੂਕ ਵਿੱਚ ਰੱਖ ਕੇ, ਔਹ ਸਾਹਮਣੇ ਜਿਹੜਾ ਉੱਚਾ ਮੀਨਾਰ ਦਿਸਦਾ ਹੈ ਨਾ, ਉੱਥੇ ਪੁਚਾ ਦੇਂਦੇ ਹਨ।"

"ਕਿਉਂ ?"

"ਇਸ ਮੀਨਾਰ ਦੇ ਅੰਦਰ ਸਾਡੀ ਸਰਕਾਰ ਰਹਿੰਦੀ ਹੈ ਤੇ ਇਹ ਉਸ ਦਾ ਕਨੂੰਨ ਹੈ।"

"ਅਜੀਬ ਕਨੂੰਨ ਹੈ! ਮਰਨ ਵਾਲ਼ੇ ਤੋਂ ਮਗਰੋਂ ਉਸਦੀ ਸਾਰੀ ਦੌਲਤ ਵੀ ਲੈ ਲਈ ਜਾਂਦੀ ਹੈ।"

"ਹਾਂ, ਪਰ ਸ਼ਹਿਰ ਬਚਾਉਣ ਲਈ ਖ਼ਰਚ ਵੀ ਤੇ ਕਿੰਨਾ ਕਰਨਾ ਪੈਂਦਾ ਹੈ!" ਉਸ ਆਦਮੀ ਨੇ ਕਿਹਾ,"ਇਹ ਵੀ ਤਾਂ ਸੋਚੋ, ਇਸ ਮੀਨਾਰ ਦੇ ਉੱਪਰ ਜੋ ਚਾਨਣ ਦਾ ਗੋਲ਼ਾ ਹੈ, ਉਸ ਦੀ ਬਿਜਲੀ 'ਤੇ ਹੀ ਲੱਖਾਂ ਰੁਪਏ ਖ਼ਰਚ ਹੋ ਜਾਂਦੇ ਹਨ। ਫੇਰ ਸ਼ਹਿਰ ਦੇ ਉੱਪਰ ਤੇ ਚੌਹੀਂ ਪਾਸੀਂ ਲੋਹੇ ਦੀਆਂ ਤਾਰਾਂ ਦਾ ਜਾਲ਼ ਲਾਇਆ ਹੋਇਆ ਹੈ ਤਾਂ ਜੋ ਸੱਪ ਯਾਨੀ ਸ਼੍ਰੀ ਸੱਪ ਜੀ ਮਹਾਰਾਜ ਅੰਦਰ ਨਾ ਆ ਸਕਣ। ਸਾਰੇ ਸ਼ਹਿਰ ਦੇ ਰੁੱਖ ਵੱਡ ਸੁੱਟੇ ਗਏ ਹਨ ਤਾਂ ਕਿ ਕਿਤੇ ਸ਼੍ਰੀ ਸੱਪ ਜੀ ਦੇ ਲੁਕਣ ਲਈ ਥਾਂ ਨਾ ਰਹੇ। ਤੁਸੀਂ ਸਾਰੇ ਸ਼ਹਿਰ ਵਿੱਚ ਕੋਈ ਰੁੱਖ ਨਹੀਂ ਦੇਖਿਆ ਹੋਣਾ।"

"ਹਾਂ, ਬੜੀ ਅਜੀਬ ਗੱਲ ਏ," ਰਾਜਕੁਮਾਰੀ ਨੇ ਕਿਹਾ, "ਕੋਈ ਰੁੱਖ, ਬੂਟਾ ਜਾਂ ਫ਼ਲ਼ ਤੱਕ ਨਹੀਂ ਦਿਖਿਆ।"

"ਇਹ ਸਭ ਸ਼੍ਰੀ ਸੱਪ ਜੀ ਮਹਾਰਾਜ ਤੋਂ ਬਚਣ ਲਈ ਕੀਤਾ ਗਿਆ ਹੈ। ਸਾਰੀਆਂ ਸੜਕਾਂ, ਸਾਰੇ ਮਕਾਨ, ਗਲ਼ੀਆਂ, ਕੂਚੇ, ਬਜ਼ਾਰ, ਹਰ ਚੀਜ਼ ਪੱਕੀ ਬਣੀ ਹੋਈ ਹੈ। ਸਾਰੀਆਂ ਨਾਲ਼ੀਆਂ ਧਰਤੀ ਦੇ ਥੱਲੇ ਹਨ ਤੇ ਉਹਨਾਂ ਦੇ ਮੂੰਹਾਂ 'ਤੇ ਲੋਹੇ ਦੀਆਂ ਬਰੀਕ ਜਾਲ਼ੀਆਂ ਲੱਗੀਆਂ ਹੋਈਆਂ ਹਨ। ਸ਼ਹਿਰ ਦੀ ਸਰਕਾਰ ਨੇ ਇਸ ਆਫ਼ਤ ਤੋਂ ਬਚਣ ਲਈ ਹਰ ਤਰ੍ਹਾਂ ਦਾ ਇੰਤਜ਼ਾਮ ਕੀਤਾ ਹੋਇਆ ਹੈ। ਫੇਰ ਵੀ ਰੋਜ਼ ਦਸ ਆਦਮੀ ਸ਼੍ਰੀ ਸੱਪ ਜੀ ਮਹਾਰਾਜ ਦੇ ਡੰਗਣ ਕਰਕੇ ਮਾਰੇ ਜਾਂਦੇ ਹਨ।"

"ਕੀ ਇਹ ਸੱਪ ਕਿਸੇ ਨੂੰ ਦਿਖਦਾ ਨਹੀਂ? ਕੀ ਕਾਰਨ ਏ ਕਿ ਏਨਾ ਚਾਨਣ ਹੋਣ 'ਤੇ ਵੀ ਤੁਸੀਂ ਇਸ ਸੱਪ ਨੂੰ ਮਾਰ ਨਹੀਂ ਸਕਦੇ?" ਯੂਸਫ਼ ਨੇ ਹੈਰਾਨ ਹੋ ਕੇ ਪੁੱਛਿਆ।

"ਹਿਸ਼, ਅਜਿਹੀ ਗੱਲ ਨਾ ਕਰ, ਉਹ ਸੁਣ ਲੈਣਗੇ ਤਾਂ ਤੈਨੂੰ ਵੀ ਡਸ ਲੈਣਗੇ।"

ਉਸ ਆਦਮੀ ਦੇ ਚਿਹਰੇ 'ਤੇ ਚਾਣਚੱਕ ਪਿਲੱਤਣ ਫਿਰ ਗਈ ਤੇ ਉਹ ਵੀ ਦੌੜ ਪਿਆ ਤੇ ਫੇਰ ਭੀੜ ਵਿੱਚ ਗਵਾਚ ਜਾਂਦਿਆਂ ਹੀ ਚਕਰਾ ਕੇ ਡਿੱਗ ਪਿਆ ਤੇ ਤੜਫ਼ਣ ਲੱਗਾ। "ਕੱਟ ਖਾਧਾ ਮੈਨੂੰ ਸ਼੍ਰੀ ਸੱਪ ਜੀ ਮਹਾਰਾਜ ਨੇ, ਕੱਟ ਖਾਧਾ।"

ਲੋਕ ਉੱਚੀ ਉੱਚੀ ਚੀਕਣ ਲੱਗੇ। ਤੀਵੀਆਂ ਨੇ ਵਾਲ਼ ਖੋਲ੍ਹ ਕੇ ਆਪਣੇ ਸਿਰ ਵਿੱਚ ਮਿੱਟੀ ਪਾ ਕੇ ਵੈਣ ਪਾਉਣੇ ਸ਼ੁਰੂ ਕਰ ਦਿੱਤੇ। ਯੂਸਫ਼, ਮੋਹਨ ਤੇ ਰਾਜਕੁਮਾਰੀ ਦੌੜ ਕੇ ਉਸ ਆਦਮੀ ਦੇ ਕੋਲ਼ ਪੁੱਜੇ, ਪਰ ਉਹ ਇਹਨਾਂ ਦੇ ਆਉਂਦੇ ਆਉਂਦੇ ਠੰਢਾ ਹੋ ਚੁੱਕਿਆ ਸੀ। ਉਸ ਦੇ ਮੱਥੇ 'ਤੇ ਸੱਪ ਦੇ ਡੰਗ ਦਾ ਨੀਲਾ ਨਿਸ਼ਾਨ ਸੀ। ਪਰ ਸੱਪ ਦਾ ਕਿਤੇ ਪਤਾ ਨਹੀਂ ਸੀ। ਕਿੱਥੋਂ ਆਇਆ, ਕਿੱਧਰ ਚਲਾ ਗਿਆ। ਛੇਤੀ ਛੇਤੀ ਇੱਕ ਕਾਲ਼ਾ ਸੰਦੂਕ ਲਿਆਂਦਾ ਗਿਆ ਤੇ ਇਸ ਆਦਮੀ ਦੀ ਲਾਸ਼ ਨੂੰ ਵੀ ਉਸ ਵਿੱਚ ਬੰਦ ਕਰ ਦਿੱਤਾ ਗਿਆ। ਚਾਣਚੱਕ ਇੱਕ ਉੱਚੀ ਸਾਰੀ ਅਵਾਜ਼ ਬੱਦਲ ਵਾਂਗ ਗਰਜ ਕੇ ਬੋਲੀ,"ਡਰੋ, ਸ਼ਹਿਰ ਦੇ ਵਾਸੀਓ, ਸ਼੍ਰੀ ਸੱਪ ਜੀ ਮਹਾਰਾਜ ਦੇ ਕਹਿਰ ਤੋਂ ਡਰੋ। ਜਿਹੜਾ ਕੋਈ ਇਹਨਾਂ ਦਾ ਵਿਰੋਧ ਕਰੇਗਾ, ਉਸ ਨੂੰ ਇਸ ਆਦਮੀ ਵਾਂਗ ਮੌਤ ਦੇ ਘਾਟ ਉਤਾਰ ਦਿੱਤਾ ਜਾਏਗਾ।"

"ਨਹੀਂ ਨਹੀਂ, ਅਸੀਂ ਤੁਹਾਡੇ ਆਗਿਆਕਾਰੀ ਹਾਂ, ਗ਼ੁਲਾਮ ਹਾਂ।" ਮਰਦ, ਤੀਵੀਆਂ, ਬੱਚੇ ਧਰਤੀ 'ਤੇ ਨਿਉਂ ਕੇ ਗਿੜਗਿੜਾਉਣ ਲੱਗੇ।

ਸਿਰਫ਼ ਯੂਸਫ਼, ਮੋਹਨ ਤੇ ਰਾਜਕੁਮਾਰੀ ਖੜੋਤੇ ਰਹੇ।

ਇੱਕ ਆਦਮੀ ਨੇ ਕਿਹਾ, "ਨਿਵੋਂ, ਨਿਵੋਂ, ਤੁਸੀਂ ਵੀ ਨਿਉਂ ਜਾਓ।"

"ਵਾਹ, ਅਸੀਂ ਕਿਉਂ ਨਿਵੀਂਏ?" ਯੂਸਫ਼ ਨੇ ਕਿਹਾ।

"ਅਸੀਂ ਕਿਸੇ ਕਮਬਖ਼ਤ ਸੱਪ ਦੇ ਸਾਹਮਣੇ ਨਹੀਂ ਨਿਉਂਦੇ?"

"ਡਰੋ, ਡਰੋ," ਉਹ ਗ਼ੈਬੀ ਅਵਾਜ਼ ਫੇਰ ਉੱਧਰੋਂ ਆਈ,"ਸ਼੍ਰੀ ਸੱਪ ਜੀ ਮਹਾਰਾਜ ਦੇ ਕਹਿਰ ਤੋਂ

ਡਰੋ।"

ਲੋਕ ਉੱਚੀ ਉੱਚੀ ਰੋਣ ਲੱਗੇ ਤੇ ਸੰਦੂਕਾਂ ਨੂੰ ਚੁੱਕ ਕੇ ਤੁਰਨ ਲੱਗੇ। ਜਦ ਉਹ ਮੀਨਾਰ ਦੇ ਬਹੁਤ ਨੇੜੇ ਆ ਗਏ ਤਾਂ ਇੱਕ ਲੋਹੇ ਦੇ ਜੰਗਲ਼ੇ ਕੋਲ਼ ਆ ਕੇ ਰੁਕ ਗਏ। ਉੱਥੇ ਲਿਖਿਆ ਸੀ :

"ਅੱਗੇ ਜਾਣ ਦੀ ਮਨਾਹੀ ਹੈ।"

ਲੋਕਾਂ ਨੇ ਕਾਲ਼ੇ ਸੰਦੂਕਾਂ ਨੂੰ ਉੱਥੇ ਹੀ ਰੱਖ ਦਿੱਤਾ ਤੇ ਅਦਬ ਨਾਲ਼ ਖੜੇ ਹੋ ਕੇ ਮੀਨਾਰ ਵੱਲ ਵੇਖਣ ਲੱਗੇ। ਉੱਚੇ ਮੀਨਾਰ ਦੇ ਲੋਹੇ ਦੇ ਫ਼ਾਟਕ ਬੰਦ ਰਹੇ, ਪਰ ਮੀਨਾਰ ਦੇ ਉੱਪਰੋਂ ਵਾਜ ਆਈ, "ਸ਼ਹਿਰੀਓ, ਆਪਣੇ ਆਪਣੇ ਘਰ ਪਰਤ ਜਾਓ। ਅਸੀਂ ਇਹਨਾਂ ਲਾਸ਼ਾਂ ਨੂੰ ਬਿਜਲੀ ਨਾਲ਼ ਫ਼ੂਕ ਦਿਆਂਗੇ ਤੇ ਇਹਨਾਂ ਦੀ ਦੌਲਤ ਨੂੰ ਤੁਹਾਡੇ ਫ਼ਾਇਦੇ ਤੇ ਅਰਾਮ ਲਈ ਖ਼ਰਚ ਕਰਾਂਗੇ। ਘਬਰਾਓ ਨਾ। ਇੱਕ ਨਾ ਇੱਕ ਦਿਨ ਇਹ ਜ਼ਹਿਰ ਇਸ ਸ਼ਹਿਰ ਤੋਂ ਦੂਰ ਹੋਏਗਾ। ਅਸੀਂ ਹਰ ਤਰ੍ਹਾਂ ਦੀ ਕੋਸ਼ਿਸ਼ ਕਰਦੇ ਹਾਂ ਕਿ ਤੁਹਾਨੂੰ ਸ਼੍ਰੀ ਸੱਪ ਜੀ ਮਹਾਰਾਜ ਨਾ ਡੰਗਣ। ਪਰ ਅਫ਼ਸੋਸ ਹੈ ਕਿ ਹਾਲੀ ਤੀਕ ਅਸੀਂ ਇਸ ਵਿੱਚ ਸਫ਼ਲ ਨਹੀਂ ਹੋ ਸਕੇ। ਸ਼ਾਇਦ ਰੱਬ ਦੀ ਮਰਜ਼ੀ ਹੀ ਅਜਿਹੀ ਹੈ। ਰੱਬ ਦੀ ਮਰਜ਼ੀ ਤੇ ਸ਼੍ਰੀ ਸੱਪ ਦੀ ਮਹਾਰਾਜ ਦੇ ਜ਼ਹਿਰ ਦੇ ਉਲਟ ਕੋਈ ਕੀ ਕਰ ਸਕਦਾ ਹੈ। ਜਾਓ, ਮੇਰੇ ਪੁੱਤਰੋ, ਵਾਪਸ ਜਾਓ। ਆਪਣੇ ਆਪਣੇ ਘਰ ਨੂੰ ਪਰਤ ਜਾਓ।"

ਮੋਹਨ ਨੇ ਪੁੱਛਿਆ, "ਇਹ ਕਿਸ ਦੀ ਅਵਾਜ਼ ਹੈ?"

"ਇਹ ਸਾਡੀ ਸਰਕਾਰ ਦੀ ਅਵਾਜ਼ ਹੈ।"

"ਤਾਂ ਸਰਕਾਰ ਮੀਨਾਰ ਤੋਂ ਬਾਹਰ ਆ ਕੇ ਗੱਲ ਕਿਉਂ ਨਹੀਂ ਕਰਦੀ?"

"ਸ਼੍ਰੀ ਸੱਪ ਜੀ ਮਹਾਰਾਜ ਦੇ ਡਰ ਤੋਂ।"

"ਸਰਕਾਰ ਦੀ ਸ਼ਕਲ ਕਿਹੋ ਜਿਹੀ ਹੈ?"

"ਸਰਕਾਰ ਨੂੰ ਕਿਸੇ ਨੇ ਨਹੀਂ ਦੇਖਿਆ ਨਾ ਉਸ ਦੇ ਆਦਮੀਆਂ ਨੂੰ। ਉਹਨਾਂ ਦੀ ਲੋੜ ਦੀਆਂ ਸਾਰੀਆਂ ਚੀਜ਼ਾਂ ਏਥੇ ਲਿਆ ਕੇ ਰੱਖ ਦਿੱਤੀਆਂ ਜਾਂਦੀਆਂ ਹਨ।"

"ਜਾਓ ਜਾਓ ਮੇਰੇ ਪੁੱਤਰੋ, ਝੱਟ ਵਾਪਸ ਚਲੇ ਜਾਓ।"

ਸਾਰੇ ਲੋਕ ਵਾਪਸ ਚਲੇ ਗਏ। ਸਿਰਫ਼ ਯੂਸਫ਼, ਮੋਹਨ ਤੇ ਰਾਜਕੁਮਾਰੀ ਉੱਥੇ ਖੜੋਤੇ ਰਹੇ।

ਮੋਹਨ ਨੇ ਯੂਸਫ਼ ਨੂੰ ਕਿਹਾ,"ਚਲੋ ਅਸੀਂ ਵੀ ਵਾਪਸ ਸਰਾਂ ਵਿੱਚ ਚੱਲੀਏ।"

ਯੂਸਫ਼ ਨੇ ਕਿਹਾ,"ਮੈਂ ਤਾਂ ਸਰਕਾਰ ਦੀ ਸ਼ਕਲ ਵੇਖ ਕੇ ਜਾਵਾਂਗਾ।"

"ਸਰਕਾਰ ਦੀ ਸ਼ਕਲ ਤਾਂ ਸ਼ਹਿਰ ਵਿੱਚ ਅੱਜ ਤੱਕ ਕਿਸੇ ਨੇ ਨਹੀਂ ਵੇਖੀ। ਤੂੰ ਕਿਵੇਂ ਵੇਖੇਂਗਾ?"

"ਮੈਂ ਵੇਖਣਾ ਚਾਹੁੰਦਾ ਹਾਂ, ਇਹ ਸੰਦੂਕ ਅੰਦਰ ਕਿਵੇਂ ਜਾਂਦੇ ਹਨ।"

ਯੂਸਫ਼ ਨੇ ਸੰਦੂਕ ਖੋਲ੍ਹ ਕੇ ਵੇਖਣਾ ਚਾਹਿਆ ਕਿ ਇੱਕ ਗਰਜਵੀਂ ਅਵਾਜ਼ ਆਈ, "ਖ਼ਬਰਦਾਰ, ਜੇ ਇਹਨਾਂ ਸੰਦੂਕਾਂ ਨੂੰ ਹੱਥ ਲਾਇਆ। ਵਾਪਸ ਜਾਓ, ਪਰਦੇਸੀਓ, ਵਾਪਸ ਜਾਓ।"

ਰਾਜਕੁਮਾਰੀ ਨੇ ਕਿਹਾ, "ਚੱਲ ਯੂਸਫ਼, ਏਥੋਂ ਦੌੜ ਚੱਲੀਏ। ਮੈਨੂੰ ਬੜਾ ਡਰ ਲੱਗ ਰਿਹੈ।"

"ਤੇ ਮੈਨੂੰ ਵੀ," ਮੋਹਨ ਨੇ ਕਿਹਾ।

ਯੂਸਫ਼ ਤੇ ਮੋਹਨ ਤੇ ਰਾਜਕੁਮਾਰੀ ਤਿੰਨੇ ਵਾਪਸ ਮੁੜੇ। ਪਰ ਇੱਕ ਮਕਾਨ ਦੀ ਓਟ ਵਿੱਚ ਯੂਸਫ਼ ਫੇਰ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ,"ਮੈਂ ਤਾਂ ਇਹ ਤਮਾਸ਼ਾ ਵੇਖ ਕੇ ਹੀ ਵਾਪਸ ਜਾਵਾਂਗਾ।"

ਮੋਹਨ ਤੇ ਰਾਜਕੁਮਾਰੀ ਨੇ ਬੜਾ ਸਮਝਾਇਆ ਪਰ ਯੂਸਫ਼ ਨਾ ਮੰਨਿਆ।

ਇੱਕ ਘੰਟੇ ਤਾਈਂ ਯੂਸਫ਼, ਮੋਹਨ ਤੇ ਰਾਜਕੁਮਾਰੀ ਮਕਾਨ ਦੀ ਓਟ ਵਿੱਚ ਖੜ੍ਹੋਤੇ ਮੀਨਾਰ ਵੱਲ ਦੇਖਦੇ ਰਹੇ, ਪਰ ਕੁੱਝ ਨਾ ਹੋਇਆ। ਮੀਨਾਰ ਦਾ ਫ਼ਾਟਕ ਬੰਦ ਰਿਹਾ ਤੇ ਕਾਲ਼ੇ ਸੰਦੂਕ ਲੋਹੇ ਦੇ ਜੰਗਲ਼ੇ ਕੋਲ਼ ਪਏ ਰਹੇ। ਅਖ਼ੀਰ ਡੇਢ ਦੋ ਘੰਟਿਆਂ ਪਿੱਛੋਂ ਮੀਨਾਰ ਦੇ ਉੱਪਰ ਬਿਜਲੀ ਦੇ ਗੋਲੇ ਦਾ ਚਾਨਣ ਚਾਣਚੱਕ ਬੁਝ ਗਿਆ ਤੇ ਸਾਰੇ ਸ਼ਹਿਰ ਵਿੱਚ ਹਨੇਰਾ ਛਾ ਗਿਆ ਤੇ ਚੁਫ਼ੇਰਿਉਂ ਲੋਕਾਂ ਦਾ ਚੀਕ ਚਿਹਾੜਾ ਤੇ ਹਾਏ ਹਾਏ ਸੁਣਨ ਲੱਗੀ।

ਯੂਸਫ਼ ਨੇ ਮੋਹਨ ਦਾ ਹੱਥ ਰਾਜਕੁਮਾਰੀ ਦੇ ਹੱਥ ਵਿੱਚ ਦੇ ਕੇ ਕਿਹਾ, "ਤੁਸੀਂ ਏਥੇ ਖੜ੍ਹੋਤੇ ਰਹੋ। ਮੈਂ ਮੀਨਾਰ ਦੇ ਕੋਲ਼ ਜਾ ਕੇ ਦੇਖਦਾ ਹਾਂ, ਕੀ ਹੁੰਦਾ ਹੈ।

ਰਾਜਕੁਮਾਰੀ ਨੇ ਕਿਹਾ,"ਨਾ ਜਾ ਯੂਸਫ਼, ਨਾ ਜਾ।"

ਯੂਸਫ਼ ਨੇ ਕਿਹਾ, "ਜਾਣਾ ਜ਼ਰੂਰੀ ਹੈ। ਮੇਰਾ ਖ਼ਿਆਲ ਏ, ਏਸ ਵੇਲ਼ੇ ਹਨੇਰਾ ਹੈ ਤੇ ਉਹ ਸੰਦੂਕ ਚੁੱਕ ਰਹੇ ਹੋਣਗੇ।"

ਮੋਹਨ ਨੇ ਪੁੱਛਿਆ,"ਆਖ਼ਰ ਏਸ ਸ਼ਹਿਰ ਦੀ ਸਰਕਾਰ ਹਨੇਰੇ ਵਿੱਚ ਕਿਉਂ ਕੰਮ ਕਰਦੀ ਹੈ?"

"ਏਸ ਸ਼ਹਿਰ ਵਿੱਚ ਹੀ ਨਹੀਂ, ਕਈ ਥਾਵਾਂ ਦੀਆਂ ਸਰਕਾਰਾਂ ਹਨੇਰੇ ਵਿੱਚ ਹੀ ਕੰਮ ਕਰਦੀਆਂ ਹਨ ਤੇ ਸ਼ਹਿਰੀਆਂ ਦੀਆਂ ਨਜ਼ਰਾਂ ਤੋਂ ਬਚ ਕੇ ਬਹੁਤ ਸਾਰੀਆਂ ਗੱਲਾਂ ਦਾ ਫ਼ੈਸਲਾ ਕਰ ਲੈਂਦੀਆਂ ਹਨ। ਹਟੋ, ਮੈਨੂੰ ਜਾਣ ਦਿਓ।" ਯੂਸਫ਼ ਨੇ ਕਿਹਾ।

ਚੌਹੀਂ ਪਾਸੀਂ ਘੁੱਪ ਹਨੇਰਾ ਸੀ। ਸ਼ਹਿਰੀਆਂ ਦਾ ਚੀਕ ਚਿਹਾੜਾ ਬੰਦ ਹੋ ਗਿਆ ਸੀ। ਹੁਣ ਚੁਫੇਰੇ ਚੁੱਪ ਚਾਂ ਸੀ। ਸਿਰਫ਼ ਯੂਸਫ਼ ਦੇ ਦੌੜਦੇ ਹੋਏ ਕਦਮਾਂ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਥੋੜ੍ਹੀ ਦੂਰ ਜਾ ਕੇ ਇਹ ਅਵਾਜ਼ ਵੀ ਬੰਦ ਹੋ ਗਈ। ਫੇਰ ਕੁੱਝ ਚਿਰ ਪਿੱਛੋਂ ਇੱਕ ਜ਼ੋਰ ਦੀ ਚੀਕ ਸੁਣਾਈ ਦਿੱਤੀ।

ਰਾਜਕੁਮਾਰੀ ਡਰ ਨਾਲ਼ ਮੋਹਨ ਦੇ ਨਾਲ਼ ਚਿੰਮੜ ਗਈ। ਚਾਣਚੱਕ ਚੌਹੀਂ ਪਾਸੀਂ ਚਾਨਣ ਹੋ ਗਿਆ।

ਰਾਜਕੁਮਾਰੀ ਤੇ ਮੋਹਨ ਦੀਆਂ ਅੱਖਾਂ ਚੁੰਧਿਆ ਗਈਆਂ। ਕੁੱਝ ਚਿਰ ਪਿੱਛੋਂ ਜਦ ਉਹ ਮਕਾਨ ਦੀ ਓਟ ਤੋਂ ਬਾਹਰ ਨਿੱਕਲ਼ੇ ਤਾਂ ਉਹਨਾਂ ਨੇ ਦੇਖਿਆ ਕਿ ਮੀਨਾਰ ਦੇ ਸਾਹਮਣਿਓਂ ਕਾਲ਼ੇ ਸੰਦੂਕ ਗ਼ਾਇਬ ਹਨ ਤੇ ਲੋਹੇ ਦੇ ਜੰਗਲ਼ੇ ਕੋਲ਼ ਭੁੰਜੇ ਯੂਸਫ਼ ਦੀ ਲਾਸ਼ ਪਈ ਹੈ।

"ਹਾਏ, ਹਾਏ" ਰਾਜਕੁਮਾਰੀ ਤੇ ਮੋਹਨ ਰੋਂਦੇ ਰੋਂਦੇ ਯੂਸਫ਼ ਦੀ ਲਾਸ਼ ਵੱਲ ਦੌੜੇ ਦੌੜੇ ਗਏ। ਰਾਜਕੁਮਾਰੀ ਨੇ ਯੂਸਫ਼ ਦਾ ਸਿਰ ਆਪਣੀ ਗੋਦ ਵਿੱਚ ਲੈ ਲਿਆ। ਯੂਸਫ਼ ਦੇ ਮੱਥੇ 'ਤੇ ਸੱਪ ਦੇ ਡੰਗ ਦਾ ਨੀਲਾ ਨਿਸ਼ਾਨ ਸੀ। ਰਾਜਕੁਮਾਰੀ ਉੱਚੀ ਉੱਚੀ ਰੋਣ ਲੱਗੀ। ਮੋਹਨ ਵੀ ਰੋਣ ਲੱਗਾ। ਦੋਵਾਂ ਨੂੰ ਰੋਂਦਿਆਂ ਦੇਖ ਕੇ ਇੱਕ ਬੁੱਢਾ ਇਹਨਾਂ ਦੇ ਕੋਲ਼ ਆ ਕੇ ਕਹਿਣ ਲੱਗਾ,"ਕੀ ਗੱਲ ਏ ਬੱਚਿਓ, ਕਿਉਂ ਰੋਂਦੇ ਹੋ ?"

"ਸਾਡਾ ਸਾਥੀ ਮਰ ਗਿਆ ਹੈ, ਓਸ ਨੂੰ ਸੱਪ ਨੇ ਡੰਗ ਖਾਧਾ ਹੈ।"

"ਸੱਪ ਨੇ ਡੰਗ ਖਾਧਾ ਹੈ ?" ਬੁੱਢਾ ਮੁਸਕਰਾਉਣ ਲੱਗਾ। ਉਸ ਦੇ ਹੱਥ ਵਿੱਚ ਇੱਕ ਲੱਕੜ ਸੀ ਜਿਸ ਦੀ ਮੁੱਠ 'ਤੇ ਚਾਂਦੀ ਦੇ ਦੋ ਖੰਭ ਲੱਗੇ ਹੋਏ ਸਨ ਜੋ ਹਰ ਵੇਲ਼ੇ ਫੜਫੜਾਉਂਦੇ ਹੋਏ ਪ੍ਰਤੀਤ ਹੁੰਦੇ ਸਨ। ਇੰਞ ਲੱਗਦਾ ਸੀ ਕਿ ਇਹ ਲੱਕੜ ਹੁਣੇ ਇਸ ਬੁੱਢੇ ਦੇ ਹੱਥ ਵਿੱਚੋਂ ਨਿੱਕਲ਼ ਕੇ ਆਪਣੇ ਆਪ ਉੱਡ ਜਾਏਗੀ। ਇਸ ਬੁੱਢੇ ਦੀ ਦਾੜ੍ਹੀ ਬੜੀ ਲੰਮੀ ਤੇ ਚਮਕਦਾਰ ਸੀ। ਬੁੱਢੇ ਨੇ ਮੁਸਕਰਾ ਕੇ ਕਿਹਾ—

"ਬੱਚਿਓ, ਤੁਹਾਡਾ ਦੋਸਤ ਮਰਿਆ ਨਹੀਂ ਹੈ, ਬੇ-ਹੋਸ਼ ਹੈ।"

ਮੋਹਨ ਤੇ ਰਾਜਕੁਮਾਰੀ ਨੇ ਬੁੱਢੇ ਦਾ ਹੱਥ ਫੜ ਲਿਆ ਤੇ ਬੜੇ ਤਰਲੇ ਨਾਲ਼ ਕਹਿਣ ਲੱਗੇ,"ਬਾਬਾ, ਕਿਸੇ ਤਰ੍ਹਾਂ ਸਾਡੇ ਸਾਥੀ ਨੂੰ ਠੀਕ ਕਰ ਦਿਓ।"

ਬੁੱਢੇ ਨੇ ਕਿਹਾ, "ਮੈਂ ਉਹਨੂੰ ਠੀਕ ਨਹੀਂ ਕਰ ਸਕਦਾ, ਮੈਂ ਬੁੱਢਾ ਹਾਂ। ਹਾਂ, ਤੂੰ ਇਸ ਨੂੰ ਠੀਕ ਕਰ ਸਕਦਾ ਹੈਂ।" ਉਸ ਨੇ ਮੋਹਨ ਵੱਲ ਸੈਨਤ ਕਰਦੇ ਹੋਏ ਕਿਹਾ।

"ਮੈਂ ?" ਮੋਹਨ ਨੇ ਪੁੱਛਿਆ, "ਉਹ ਕਿਵੇਂ ?"

ਬੁੱਢੇ ਨੇ ਕਿਹਾ, "ਇਸ ਸੱਪ ਦੇ ਡੰਗਣ ਦੀ ਇੱਕੋ ਹੀ ਦਵਾ ਹੈ।"

"ਉਹ ਕਿਸ ਦੇ ਕੋਲ਼ ਹੈ ?" ਮੋਹਨ ਨੇ ਪੁੱਛਿਆ।

ਬੁੱਢੇ ਨੇ ਕਿਹਾ,"ਤੂੰ ਦਵਾ ਲੱਭਣ ਜਾਏਂਗਾ ?"

"ਜਾਵਾਂਗਾ। ਆਪਣੇ ਦੋਸਤ ਦੀ ਜਾਨ ਬਚਾਉਣ ਲਈ ਜੇ ਮੈਨੂੰ ਆਪਣੀ ਜਾਨ ਵੀ ਦੇਣੀ ਪਵੇ ਤਾਂ ਜਾਨ ਦੇ ਕੇ ਦਵਾ ਲਿਆਵਾਂਗਾ।"

"ਸ਼ਾਬਾਸ਼ ਪੁੱਤਰ," ਬੁੱਢੇ ਨੇ ਮੋਹਨ ਦੀ ਪਿੱਠ 'ਤੇ ਥਾਪੀ ਦੇ ਕੇ ਕਿਹਾ,"ਹੁਣ ਸੁਣ ਤੂੰ ਕੀ ਕਰਨਾ ਏਂ। ਤੈਨੂੰ ਇਸ ਸ਼ਹਿਰ ਤੋਂ ਬਾਹਰ ਜਾ ਕੇ ਮੁੜ ਆਪਣੇ ਰੁੱਖ 'ਤੇ ਜਾਣਾ ਪਏਗਾ।"

"ਜਾਵਾਂਗਾ।"

ਓਥੇ ਰੁੱਖ 'ਤੇ ਇੱਕ ਮੀਲ ਤਾਈਂ ਚੜ੍ਹਦੇ ਜਾਣਾ। ਕੋਈ ਇੱਕ ਮੀਲ ਉੱਪਰ ਜਾ ਕੇ ਇੱਕ ਬਹੁਤ ਵੱਡਾ ਟਾਹਣ ਆਏਗਾ।

"ਖੱਬੇ ਪਾਸੇ ਜਾਂ ਸੱਜੇ ਪਾਸੇ ?"

"ਖੱਬੇ ਪਾਸੇ। ਉਸ ਤੇ ਇੱਕ ਬੋਰਡ ਲੱਗਿਆ ਹੋਏਗਾ— "ਸੁੱਤਿਆਂ ਦਾ ਸ਼ਹਿਰ।" ਤੂੰ ਉਸ ਟਾਹਣ 'ਤੇ ਤੁਰਨ ਲੱਗੇਂਗਾ ਤਾਂ ਕੋਈ ਦੋ ਢਾਈ ਮੀਲ ਅੱਗੇ ਜਾ ਕੇ ਉਹ ਟਾਹਣ ਮੁੱਕ ਜਾਏਗਾ। ਜਿੱਥੇ ਟਾਹਣ ਮੁੱਕੇਗਾ ਓਥੇ ਤੈਨੂੰ ਇੱਕ ਗ਼ਾਰ ਮਿਲ਼ੇਗੀ। ਇਹ ਗ਼ਾਰ ਸੱਤ ਮੀਲ ਤਾਈਂ ਇੱਕ ਪਹਾੜ ਦੇ ਅੰਦਰ ਚਲੀ ਗਈ ਹੈ। ਜਦ ਤੂੰ ਇਸ ਗ਼ਾਰ ਵਿੱਚੋਂ ਨਿੱਕਲ਼ੇਂਗਾ ਤਾਂ ਤੂੰ ਇੱਕ ਬੜੀ ਸੁਹਣੀ ਵਾਦੀ ਵਿੱਚ ਪੁੱਜ ਜਾਏਂਗਾ। ਸੁੱਤਿਆਂ ਦਾ ਸ਼ਹਿਰ ਇਸ ਵਾਦੀ ਵਿੱਚ ਹੈ। ਓਥੇ ਸ਼ਹਿਰ ਦੀ ਸਭ ਤੋਂ ਵੱਡੀ ਖ਼ਾਨਗਾਹ ਵਿੱਚ ਤੈਨੂੰ ਇੱਕ ਬੁੱਢਾ ਪਾਦਰੀ ਮਿਲ਼ੇਗਾ ਜਿਸ ਦੇ ਗਲ਼ ਵਿੱਚ ਇੱਕ ਸਲੀਬ ਹੋਏਗੀ ਤੇ ਇੱਕ ਸੁਨਹਿਰੀ ਜ਼ੰਜ਼ੀਰ ਨਾਲ਼ ਲਟਕਦਾ ਹੋਇਆ ਲਾਲ ਹੋਏਗਾ। ਜੇ ਉਹ ਪਾਦਰੀ ਤੈਨੂੰ ਇਹ ਲਾਲ ਦੇ ਦੇਵੇ ਤਾਂ ਯੂਸਫ਼ ਦੀ ਜਾਨ ਬਚ ਸਕਦੀ ਹੈ। ਇਸ ਲਾਲ ਵਿੱਚ ਇਹ ਖ਼ੂਬੀ ਹੈ ਕਿ ਜੇ ਉਸ ਨੂੰ ਉਸ ਥਾਂ 'ਤੇ ਰੱਖ ਦਿੱਤਾ ਜਾਵੇ ਜਿੱਥੇ ਸੱਪ ਨੇ ਡੰਗ ਮਾਰਿਆ ਹੋਵੇ, ਤਾਂ ਇਹ ਲਾਲ ਸੱਪ ਦਾ ਸਾਰਾ ਜ਼ਹਿਰ ਚੂਸ ਲੈਂਦਾ ਹੈ ਤੇ ਆਦਮੀ ਜਿਉਂ ਪੈਂਦਾ ਹੈ। ਪਰ ਇਹ ਸਾਰਾ ਕੰਮ ਤਿੰਨਾਂ ਦਿਨਾਂ ਵਿੱਚ ਹੋ ਜਾਣਾ ਚਾਹੀਦਾ ਹੈ ਨਹੀਂ ਤਾਂ ਸੱਪ



ਦਾ ਜ਼ਹਿਰ ਤੁਰਦਾ ਤੁਰਦਾ ਯੂਸਫ਼ ਦੇ ਦਿਮਾਗ਼ ਵਿੱਚ ਪੁੱਜ ਜਾਏਗਾ ਤੇ ਫੇਰ ਯੂਸਫ਼ ਕਿਸੇ ਤਰ੍ਹਾਂ ਨਹੀਂ ਬਚ ਸਕੇਗਾ।"

"ਮੈਂ ਹੁਣੇ ਜਾਂਦਾ ਹਾਂ," ਮੋਹਨ ਨੇ ਕਿਹਾ, "ਪਰ ਇਹ ਯੂਸਫ਼ ਦੀ ਲਾਸ਼ ?"

"ਤੂੰ ਘਬਰਾ ਨਾ। ਤੂੰ ਜਾ, ਅਸੀਂ ਇਸ ਨੂੰ ਸੰਭਾਲ ਲਾਂਗੇ। ਮੈਂ ਸਾਹਮਣੇ ਵਾਲ਼ੇ ਮਕਾਨ ਦੇ ਤਹਿਖ਼ਾਨੇ ਵਿੱਚ ਰਹਿੰਦਾ ਹਾਂ। ਰਾਜਕੁਮਾਰੀ ਮੇਰੇ ਕੋਲ਼ ਰਹੇਗੀ। ਤੂੰ ਲਾਲ ਲੈ ਕੇ ਉੱਥੇ ਆ ਜਾਈਂ।"

ਜਦ ਮੋਹਨ ਚਲਾ ਗਿਆ ਤਾਂ ਬੁੱਢੇ ਆਦਮੀ ਨੇ ਰਾਜਕੁਮਾਰੀ ਨੂੰ ਕਿਹਾ," ਆ ਘਰ ਚੱਲੀਏ।"

"ਪਰ ਯੂਸਫ਼ ?"

ਬੁੱਢੇ ਨੇ ਕਿਹਾ,"ਇਸ ਨੂੰ ਏਥੇ ਪਿਆ ਰਹਿਣ ਦੇ। ਉਹ ਆਪੀਂ ਉਸ ਦੀ ਲਾਸ਼ ਨੂੰ ਚੁੱਕ ਕੇ ਅੰਦਰ ਲੈ ਜਾਣਗੇ।"

"ਪਰ ਉਹ ਤਾਂ ਜਲ਼ਾ ਦੇਣਗੇ ਨਾ ?" ਰਾਜਕੁਮਾਰੀ ਬੋਲੀ।

"ਨਹੀਂ, ਤਿੰਨ ਦਿਨ ਤੱਕ ਨਹੀਂ ਜਲ਼ਾਉਣਗੇ।"

"ਤੁਹਾਨੂੰ ਕਿਵੇਂ ਪਤਾ ਏ ?"

"ਤੂੰ ਮੇਰੇ ਨਾਲ਼ ਆ। ਸਭ ਕੁੱਝ ਦੱਸਦਾ ਹਾਂ। ਸਾਡੇ ਵਧੇਰੇ ਚਿਰ ਏਥੇ ਖੜੋ ਕੇ ਗੱਲਾਂ ਕਰਨਾ ਠੀਕ ਨਹੀਂ ਸਰਕਾਰ ਸੁਣ ਲਵੇਗੀ ਤਾਂ ਨਰਾਜ਼ ਹੋ ਜਾਏਗੀ ਤੇ ਖ਼ਾਹਮਖ਼ਾਹ ਸਾਡੇ 'ਤੇ ਸ਼ੱਕ ਕੀਤਾ ਜਾਏਗਾ।"

ਬੁੱਢਾ ਰਾਜਕੁਮਾਰੀ ਨੂੰ ਲੈ ਕੇ ਆਪਣੇ ਤਹਿਖ਼ਾਨੇ ਵਿੱਚ ਚਲਾ ਗਿਆ। ਉੱਥੋਂ ਉਸ ਨੇ ਸੰਦੂਕ ਵਿੱਚੋਂ ਇੱਕ ਸ਼ੀਸ਼ਾ ਕੱਢਿਆ।

"ਇਹ ਕੀ ਏ ?" ਰਾਜਕੁਮਾਰੀ ਨੇ ਪੁੱਛਿਆ।

"ਇਹ ਜਾਦੂ ਦਾ ਸ਼ੀਸ਼ਾ ਹੈ। ਇਸ ਵਿੱਚੋਂ ਸਭ ਕੁੱਝ ਦਿਸਦਾ ਹੈ।" ਬੁੱਢੇ ਨੇ ਸ਼ੀਸ਼ੇ ਦੇ ਦੋਨਾਂ ਸਿਰਿਆਂ 'ਤੇ ਲੱਗੇ ਹੋਏ ਤਾਰ ਜੋੜ ਦਿੱਤੇ। ਕੁੱਝ ਚਿਰ ਪਿੱਛੋਂ ਸ਼ੀਸ਼ੇ ਦੇ ਉੱਪਰ ਹਰਕਤ ਪੈਦਾ ਹੋਈ ਜਿਵੇਂ ਪਾਣੀ ਵਿੱਚ ਪੱਥਰ ਸੁੱਟਣ ਨਾਲ਼ ਹਰਕਤ ਪੈਦਾ ਹੁੰਦੀ ਹੈ। ਫੇਰ ਸ਼ੀਸ਼ਾ ਜਿਵੇਂ ਠਹਿਰ ਗਿਆ।

ਰਾਜਕੁਮਾਰੀ ਨੇ ਸ਼ੀਸ਼ੇ ਵਿੱਚ ਦੇਖਿਆ— ਮੋਹਨ ਰੁੱਖ 'ਤੇ ਚੜ੍ਹ ਰਿਹਾ ਹੈ। ਫੇਰ ਉਸ ਨੇ ਦੇਖਿਆ— ਮੀਨਾਰ ਦਾ ਫ਼ਾਟਕ ਖੁੱਲ੍ਹ ਗਿਆ ਤੇ ਮੀਨਾਰ ਵਿੱਚੋਂ ਚਾਰ ਨਕਾਬਪੋਸ਼ ਬਾਹਰ ਨਿੱਕਲ਼ੇ ਤੇ ਯੂਸਫ਼ ਦੀ ਲਾਸ਼ ਨੂੰ ਲੈ ਕੇ ਅੰਦਰ ਚਲੇ ਗਏ। ਫ਼ਾਟਕ ਬੰਦ ਹੋ ਗਿਆ। ਹੁਣ ਕੁੱਝ ਵਖਾਲ਼ੀ ਨਹੀਂ ਸੀ ਦਿੰਦਾ।

ਬੁੱਢੇ ਨੇ ਸ਼ੀਸ਼ੇ ਦਾ ਪਾਸਾ ਬਦਲਿਆ। ਹੁਣ ਉਸ ਨੂੰ ਮੀਨਾਰ ਦੇ ਅੰਦਰ ਦਾ ਦ੍ਰਿਸ਼ ਦਿਖਾਣ ਲੱਗਾ। ਨਕਾਬਪੋਸ਼ ਯੂਸਫ਼ ਦੀ ਲਾਸ਼ ਨੂੰ ਚੁੱਕ ਕੇ ਇੱਕ ਆਲੀਸ਼ਾਨ ਦਰਬਾਰ ਵਿੱਚ ਪੁੱਜੇ ਓਥੇ ਦਰਬਾਰ ਵਿੱਚ ਨਾਚ ਹੋ ਰਿਹਾ ਸੀ ਤੇ ਇੱਕ ਉੱਚੇ ਤਖ਼ਤ 'ਤੇ ਇੱਕ ਅਧਖੜ ਉਮਰ ਦਾ ਆਦਮੀ ਬੜਾ ਹੀ ਕੀਮਤੀ

ਲਿਬਾਸ ਪਾਈ ਬੈਠਾ ਸੀ। ਉਸ ਨੇ ਨਕਾਬਪੋਸ਼ ਆਦਮੀਆਂ ਨੂੰ ਸੈਨਤ ਕੀਤੀ। ਨਕਾਬਪੋਸ਼ ਯੂਸਫ਼ ਦੀ ਲਾਸ਼ ਲੈ ਕੇ ਬਰਫ਼ਖ਼ਾਨੇ ਵਿੱਚ ਚਲੇ ਗਏ। ਬਰਫ਼ਖ਼ਾਨੇ ਵਿੱਚ ਲੈ ਜਾ ਕੇ ਉਹਨਾਂ ਨੇ ਯੂਸਫ਼ ਦੀ ਲਾਸ਼ ਨੂੰ ਰੱਖ ਦਿੱਤਾ ਤੇ ਬਰਫ਼ਖ਼ਾਨੇ ਨੂੰ ਜੰਦਰਾ ਮਾਰ ਕੇ ਵਾਪਸ ਆ ਗਏ।

ਇਹ ਨਕਾਬਪੋਸ਼ ਕੌਣ ਸਨ ? ਉਹ ਤਖ਼ਤ ’ਤੇ ਕੌਣ ਬੈਠਾ ਸੀ ? ਉਹ ਨੱਚਣ ਵਾਲ਼ੀ ਕੁੜੀ ਕੌਣ ਸੀ ? ਰਾਜਕੁਮਾਰੀ ਨੇ ਬੁੱਢੇ ਨੂੰ ਇੱਕੋ ਸਾਹੇ ਕਈ ਸਵਾਲ ਕੀਤੇ।

ਬੁੱਢਾ ਮੁਸਕਰਾਉਣ ਲੱਗਾ। ਉਸ ਦੀ ਛਿਟੀ ਦੇ ਖੰਭ ਜ਼ੋਰ ਜ਼ੋਰ ਨਾਲ਼ ਫੜਫੜਾਏ। ਉਸ ਨੇ ਹੌਲ਼ੀ ਜਿਹੀ ਕਿਹਾ,“ਬੇਟੀ, ਮੋਹਨ ਨੂੰ ਆਉਣ ਦੇ, ਫੇਰ ਸਭ ਦੱਸਾਂਗਾ।”

ਉਧਰ ਮੋਹਨ ਜਦ ਰੁੱਖ ’ਤੇ ’ਕੱਲਾ ਚੜ੍ਹ ਰਿਹਾ ਸੀ ਤਾਂ ਉਸ ਨੂੰ ਬੜੀ ਔਖ ਹੋ ਰਹੀ ਸੀ ਕਿਉਂਕਿ ਉਸ ਦੇ ਹੱਥਾਂ ਨਾਲ਼ ਸਿਰਫ਼ ਅੰਗੂਠੇ ਹੀ ਸਨ, ਬਾਕੀ ਉਂਗਲ਼ਾਂ ਨਹੀਂ ਸਨ। ਇਸ ਲਈ ਉਹ ਬੜੀ ਔਖਿਆਈ ਨਾਲ਼ ਉੱਪਰ ਚੜ੍ਹ ਰਿਹਾ ਸੀ। ਅੱਜ ਉਸ ਦੀ ਮਦਦ ਕਰਨ ਵਾਲ਼ੇ ਸਾਥੀ ਵੀ ਉਸ ਦੇ ਨਾਲ਼ ਨਹੀਂ ਸੀ। ਅੱਜ ਸਾਰਾ ਕੰਮ ਉਸ ਨੂੰ ਆਪੀਂ ਕਰਨਾ ਪੈ ਰਿਹਾ ਸੀ। ਪਰ ਉਸ ਨੇ ਹਿੰਮਤ ਨਾ ਹਾਰੀ। ਉਹ ਬੜੀ ਬਹਾਦਰੀ ਨਾਲ਼ ਹਨੇਰੇ ਵਿੱਚ ਹੀ ਰੁੱਖ ਉੱਪਰ ਚੜ੍ਹਦਾ ਰਿਹਾ। ਉਸ ਦੇ ਹੱਥ ਜ਼ਖ਼ਮੀ ਹੋ ਗਏ। ਉਸ ਦੇ ਅੰਗੂਠਿਆਂ ਵਿੱਚੋਂ ਲਹੂ ਨਿੱਕਲ਼ਣ ਲੱਗਾ। ਫੇਰ ਵੀ ਮੋਹਨ ਨੇ ਹਿੰਮਤ ਨਾ ਹਾਰੀ ਤੇ ਰੁੱਖ ਦੇ ਉੱਤੇ ਚੜ੍ਹਦਾ ਹੀ ਗਿਆ। ਕਈ ਵਾਰ ਉਹ ਉੱਪਰ ਚੜ੍ਹਦਾ ਹੋਇਆ ਹੇਠਾਂ ਤਿਲਕ ਪਿਆ ਤੇ ਮੁੜ ਹਿੰਮਤ ਕਰਕੇ ਉੱਪਰ ਚੜ੍ਹ ਗਿਆ। ਜਦ ਉਹ ਤੀਜੀ ਡਾਲ਼ ’ਤੇ ਪੁੱਜਿਆ ਤਾਂ ਉਸ ਦੇ ਸਾਰੇ ਸਰੀਰ ’ਤੇ ਝਰੀਟਾਂ ਪੈ ਗਈਆਂ ਸਨ ਤੇ ਹੱਥਾਂ ਪੈਰਾਂ ਵਿੱਚ ਲਹੂ ਵਗ ਰਿਹਾ ਸੀ। ਇੱਕ ਬਿੰਦ ਲਈ ਉਸ ਦੇ ਜੀ ਵਿੱਚ ਆਇਆ ਕਿ ਉਹ ਵਾਪਸ ਮੁੜ ਜਾਏ। ਪਰ ਜਦ ਉਸਨੂੰ ਯੂਸਫ਼ ਦੀ ਲਾਸ਼ ਦਾ ਖ਼ਿਆਲ ਆਇਆ ਤਾਂ ਝੱਟ ਉਸਨੇ ਆਪਣਾ ਖ਼ਿਆਲ ਬਦਲ ਦਿੱਤਾ। ਉਸਨੇ ਦੜ ਵੱਟ ਲਈ ਤੇ ਡਿੱਗਦਾ ਢਹਿੰਦਾ ਉਸ ਵੱਡੇ ਟਾਹਣ ’ਤੇ ਹੋ ਪਿਆ, ਜਿੱਥੋਂ ਉਸ ਬੁੱਢੇ ਦੇ ਕਹਿਣ ਅਨੁਸਾਰ ਸੁੱਤਿਆਂ ਦੇ ਸ਼ਹਿਰ ਨੂੰ ਰਾਹ ਜਾਂਦਾ ਸੀ।

ਇੱਕ ਮੀਲ ਤੱਕ ਇਸ ਟਾਹਣ ’ਤੇ ਤੁਰਦੇ ਤੁਰਦੇ ਮੋਹਨ ਹੋਰ ਵੀ ਥੱਕ ਗਿਆ। ਇਸ ਥਕੇਵੇਂ ਕਰਕੇ ਇੱਕ ਥਾਂ ਉਸਦਾ ਪੈਰ ਜਿਉਂ ਹੀ ਤਿਲਕਿਆ ਉਹ ਹੇਠਾਂ ਲਟਕ ਗਿਆ। ਹੁਣ ਉਸਦਾ ਸਾਰਾ ਸਰੀਰ, ਹੱਥ ਤੇ ਲੱਤਾਂ ਹੇਠਾਂ ਵੱਲ ਸਨ ਤੇ ਸਿਰਫ਼ ਪੈਰ ਦੇ ਅੰਗੂਠਿਆਂ ਨਾਲ਼ ਉਸ ਨੇ ਰੁੱਖ ਦੀ ਇੱਕ ਡਾਲ਼ ਨੂੰ ਕੱਸ ਕੇ ਫੜਿਆ ਹੋਇਆ ਸੀ। ਉਹਨੂੰ ਪਤਾ ਸੀ ਕਿ ਜੇ ਉਸਦੇ ਅੰਗੂਠਿਆਂ ਦੀ ਪਕੜ ਵਿੱਚੋਂ ਇਹ ਡਾਲ਼ ਵੀ ਛੁੱਟ ਗਈ ਜਾਂ ਟੁੱਟ ਗਈ ਤਾਂ ਫੇਰ ਉਹ ਕਈ ਮੀਲ ਥੱਲੇ ਹਨੇਰੇ ਵਿੱਚ ਡਿੱਗ ਪਏਗਾ ਤੇ ਫੇਰ ਸ਼ਾਇਦ ਉਸ ਦੀ ਹੱਡੀ ਪੱਸਲੀ ਵੀ ਨਹੀਂ ਮਿਲ਼ਣ ਲੱਗੀ।

ਦੂਜੀ ਵਾਰ ਟਾਹਣ ’ਤੇ ਆਉਣ ਲਈ ਉਸਨੇ ਹੌਲ਼ੀ ਜਹੀ ਬਾਂਦਰ ਵਾਂਗ ਟਾਹਣ ’ਤੇ ਝੂਟਣਾ ਸ਼ੁਰੂ ਕੀਤਾ। ਹੌਲ਼ੀ-ਹੌਲ਼ੀ ਉਹ ਹੁਲਾਰਾ ਵਧਾਉਂਦਾ ਗਿਆ। ਭਾਵੇਂ ਇਸ ਯਤਨ ਵਿੱਚ ਉਸ ਦੇ ਸਰੀਰ

ਦੀ ਸਾਰੀ ਤਾਕਤ ਖ਼ਰਚ ਹੋ ਰਹੀ ਸੀ, ਪਰ ਏਥੇ ਜ਼ਿੰਦਗੀ ਤੇ ਮੌਤ ਦਾ ਸਵਾਲ ਸੀ। ਕਿਸੇ ਵੇਲ਼ੇ ਵੀ ਇਹ ਟਾਹਣੀ ਟੁੱਟ ਸਕਦੀ ਸੀ ਪਰ ਇਸ ਖ਼ਤਰੇ ਦੀ ਪ੍ਰਵਾਹ ਨਾ ਕਰਦੇ ਹੋਏ ਮੋਹਨ ਟਾਹਣੀ ਨਾਲ਼ ਝੂਟਦਾ ਰਿਹਾ ਤੇ ਫੇਰ ਇੱਕੋ ਹਜੋਕੇ ਨਾਲ਼ ਉੱਛਲ ਕੇ ਉਸ ਨੇ ਵੱਡੇ ਟਾਹਣ ਨੂੰ ਫੜਨਾ ਚਾਹਿਆ ਪਰ ਸਫ਼ਲ ਨਾ ਹੋ ਸਕਿਆ। ਉਹ ਫੇਰ ਹਵਾ ਵਿੱਚ ਪੁੱਠਾ ਲਮਕਣ ਲੱਗਾ। ਹੁਣ ਉਹ ਕੀ ਕਰੇ ? ਮੋਹਨ ਨੇ ਏਧਰ ਓਧਰ ਬਥੇਰੇ ਹੱਥ ਮਾਰੇ ਪਰ ਕਿਤੇ ਕੋਈ ਟਹਿਣੀ ਉਸ ਦੇ ਕਾਬੂ ਨਾ ਆਈ। ਉਹ ਪੁੱਠਾ ਲਟਕ ਰਿਹਾ ਸੀ ਤੇ ਸਮਾਂ ਲੰਘ ਰਿਹਾ ਸੀ। ਅਖ਼ੀਰ ਬੜੀ ਕੋਸ਼ਿਸ਼ ਨਾਲ਼ ਉਹ ਹੱਥਾਂ ਤੇ ਸਰੀਰ ਨੂੰ ਸੁੰਗੜਾ ਕੇ ਉੱਪਰ ਵੱਲ ਘੁੰਮ ਕੇ ਆਇਆ। ਇਸ ਕੋਸ਼ਿਸ਼ ਵਿੱਚ ਉਹਨੂੰ ਇੰਞ ਮਹਿਸੂਸ ਹੋਇਆ ਜਿਵੇਂ ਉਸ ਦੇ ਜਿਸਮ ਦੀਆਂ ਸਾਰੀਆਂ ਹੱਡੀਆਂ ਟੁੱਟ ਜਾਣਗੀਆਂ। ਪਰ ਫੇਰ ਵੀ ਮੋਹਨ ਨੇ ਹਿੰਮਤ ਨਾ ਹਾਰੀ। ਅਖ਼ੀਰ ਉਹ ਬੜੀ ਕੋਸ਼ਿਸ਼ ਨਾਲ਼ ਘੁੰਮ ਕੇ ਤੇ ਸੁੰਗੜ ਕੇ ਮੁੜ ਰੁੱਖ ’ਤੇ ਸਿੱਧਾ ਹੋਣ ਵਿੱਚ ਕਾਮਯਾਬ ਹੋ ਗਿਆ, ਤੇ ਉਸ ਨੇ ਆਪਣੇ ਹੱਥਾਂ ਵਿੱਚ ਟਾਹਣ ਫੜ ਲਿਆ। ਉਸ ਦਾ ਸਾਰਾ ਸਰੀਰ ਮੁੜ੍ਹਕੇ ਵਿੱਚ ਭਿੱਜ ਗਿਆ ਸੀ। ਮੁੜ੍ਹਕਾ ਪੂੰਝਣ ਲਈ ਉਹ ਆਪਣਾ ਹੱਥ ਮੱਥੇ ’ਤੇ ਲੈ ਗਿਆ। ਪਰ ਉਹ ਹੈਰਾਨ ਰਹਿ ਗਿਆ—ਉਸ ਦੇ ਮੱਥੇ ਨਾਲ਼ ਅੰਗੂਠੇ ਦੀ ਥਾਂ ਪੰਜਾਂ ਉਂਗਲ਼ਾਂ ਵਾਲ਼ਾ ਹੱਥ ਛੋਹਿਆ। ਉਸਨੇ ਆਪਣੇ ਹੱਥ ਨੂੰ ਦੇਖਿਆ ਤੇ ਉਹ ਖ਼ੁਸ਼ੀ ਨਾਲ਼ ਚੀਕ ਉੱਠਿਆ,“ਆਹਾ, ਮੇਰੇ ਹੱਥ ’ਤੇ ਪੰਜ ਉਂਗਲ਼ਾਂ ਉੱਗ ਆਈਆਂ!”

ਤੇ ਸੱਚੀਂ ਮੁੱਚੀਂ ਮੋਹਨ ਦੇ ਦੋਵਾਂ ਹੱਥਾਂ ’ਤੇ ਪੰਜ ਪੰਜ ਉਂਗਲ਼ਾਂ ਸਨ, ਜਿਵੇਂ ਸਾਰੇ ਆਦਮੀਆਂ ਦੇ ਹੱਥਾਂ ’ਤੇ ਹੁੰਦੀਆਂ ਹਨ। ਮੋਹਨ ਹੈਰਾਨੀ ਤੇ ਖ਼ੁਸ਼ੀ ਨਾਲ਼ ਆਪਣੇ ਹੱਥਾਂ ਵੱਲ ਵੇਖਣ ਲੱਗਾ। ਫੇਰ ਹਲਕਾ ਗੁਲਾਬੀ ਜਿਹਾ ਚਾਨਣ ਹੋ ਗਿਆ। ਉਸ ਦੇ ਹੱਥਾਂ ’ਤੇ ਪੈਰਾਂ ਵਿੱਚ ਸ਼ਕਤੀ ਆ ਗਈ ਤੇ ਉਹ ਉਸ ਚਾਨਣ ਦੀ ਮਦਦ ਨਾਲ਼ ਟਾਹਣ ’ਤੇ ਦੌੜਦਾ ਗਿਆ। ਏਥੇ ਵੀ ਓਹੀ ਗ਼ੁਲਾਬੀ ਚਾਨਣ ਉਸ ਨੂੰ ਰਾਹ ਵਖਾ ਰਿਹਾ ਸੀ। ਇਹ ਸੱਤ ਮੀਲ ਦਾ ਰਾਹ ਵੀ ਉਸ ਨੇ ਦੌੜਦੇ ਹੋਏ ਹੀ ਪੂਰਾ ਕੀਤਾ।

10.

ਜਦ ਉਹ ਗ਼ਾਰ ਦੇ ਦੂਜੇ ਪਾਸੇ ਨਿੱਕਲ਼ਿਆ ਤਾਂ ਉਸ ਨੇ ਵੇਖਿਆ ਕਿ ਉਹ ਇੱਕ ਬਹੁਤ ਉੱਚੇ ਪਹਾੜ ਦੀ ਟੀਸੀ ’ਤੇ ਖੜ੍ਹਾ ਹੈ। ਚੁਫ਼ੇਰੇ ਉੱਚੇ ਉੱਚੇ ਪਹਾੜ ਹਨ ਤੇ ਪਹਾੜਾਂ ਨਾਲ਼ ਘਿਰੀ ਹੋਈ ਇੱਕ ਅਤਿ ਸੁਹਣੀ ਵਾਦੀ ਹੈ। ਢਲਾਣਾਂ ’ਤੇ ਭੇਡਾਂ ਬੱਕਰੀਆਂ ਚਰ ਰਹੀਆਂ ਹਨ। ਰੁੱਖ ਸਿਓ, ਨਾਖਾਂ, ਆੜੂਆਂ ਤੇ ਅਨਾਰਾਂ ਨਾਲ਼ ਲੱਦੇ ਹੋਏ ਹਨ। ਜ਼ਮੀਨ ’ਤੇ ਘਾਹ ਮਖ਼ਮਲ ਵਾਂਗ ਕੂਲ਼ੀ ਹੈ। ਧਾਨ ਦੇ ਖੇਤਾਂ ਵਿੱਚ, ਪਾਣੀ ਚਾਂਦੀ ਵਾਂਗ ਚਮਕ ਰਿਹਾ ਹੈ ਤੇ ਵਾਦੀ ਦੇ ਵਿਚਕਾਰ ਇੱਕ ਸੋਹਣਾ ਕਿਲ੍ਹਾ ਖੜੋਤਾ ਹੈ। ਮੋਹਨ ਨੇ ਸੋਚਿਆ, ਇਹੋ ਸੁੱਤਿਆਂ ਦਾ ਸ਼ਹਿਰ ਹੋਵੇਗਾ।

ਮੋਹਨ ਪਹਾੜ ਤੋਂ ਥੱਲੇ ਉੱਤਰਨ ਲੱਗਾ। ਰਾਹ ਵਿੱਚ ਉਹਨੂੰ ਇੱਕ ਆਜੜੀ ਮਿਲ਼ਿਆ ਜੋ ਭੇਡਾਂ ਚਰਾ ਰਿਹਾ ਸੀ। ਮੋਹਨ ਨੇ ਉਸ ਨੂੰ ਪੁੱਛਿਆ,"ਕਿਉਂ ਬਈ, ਥੱਲੇ ਵਾਦੀ ਵਿੱਚ ਇਹ ਜੋ ਕਿਲ੍ਹਾ ਤੇ ਬਹੁਤ ਸਾਰੇ ਮਕਾਨ ਦਿਖਦੇ ਹਨ, ਕੀ ਇਹੀ ਸੁੱਤਿਆਂ ਦਾ ਸ਼ਹਿਰ ਹੈ?"

"ਆਜੜੀ ਨੇ ਹੌਲ਼ੀ ਜਿਹੀ ਉਸ ਦੇ ਕੰਨ ਵਿੱਚ ਕਿਹਾ,"ਏ ਗੋਂ ਗੋਂ ਗੋਂ.. ਕੀ ਕਹਿਨਾ ਏਂ?"

ਮੋਹਨ ਨੇ ਉੱਚੀ ਸਾਰੀ ਕਿਹਾ,"ਮੈਂ ਪੁੱਛਦਾ ਹਾਂ, ਸੁੱਤਿਆਂ ਦਾ ਸ਼ਹਿਰ ਕੀ ਇਹੀ ਏ?"

"ਆਂ ਹਾਂ ਇ..ਹੀ..ਹੈ..ਖ਼ਰ..ਖ਼ਰ।"

ਆਜੜੀ ਆਪਣੀ ਗੱਲ ਕਹਿ ਕੇ ਫੇਰ ਰੁੱਖ ਨਾਲ਼ ਢੋ ਲਾ ਕੇ ਸੌਂ ਗਿਆ ਤੇ ਘੁਰਾੜੇ ਮਾਰਨ ਲੱਗਾ। ਮੋਹਨ ਨੇ ਆਪਣੇ ਦਿਲ ਵਿੱਚ ਕਿਹਾ, "ਅਜੀਬ ਆਜੜੀ ਹੈ ਇਹ!"

ਅੱਗੇ ਗਿਆ ਤਾਂ ਉਸ ਨੇ ਦੇਖਿਆ ਕਿ ਇੱਕ ਪਹਾੜੀ ਝਰਨੇ ਦੇ ਥੱਲੇ ਇੱਕ ਤੀਵੀਂ ਘੜਾ ਰੱਖੀ ਬੈਠੀ ਸੀ। ਕੋਲ਼ ਜਾ ਕੇ ਦੇਖਿਆ ਤਾਂ ਪਤਾ ਲੱਗਾ ਕਿ ਉਹ ਬੈਠੀ ਸੌਂ ਰਹੀ ਸੀ। ਘੜਾ ਭਰਿਆ ਹੋਇਆ ਸੀ। ਉਹ ਤੀਵੀਂ ਘੜੇ ਨੂੰ ਇੱਕ ਹੱਥ ਨਾਲ਼ ਫੜੀ ਸੌਂ ਰਹੀ ਸੀ। ਉਸ ਦੀਆਂ ਅੱਖਾਂ ਖੁੱਲ੍ਹੀਆਂ ਸਨ, ਪਰ ਉਹ ਜਿਵੇਂ ਕਿਸੇ ਚੀਜ਼ ਨੂੰ ਨਹੀਂ ਵੇਖ ਰਹੀਆਂ ਸਨ।

ਮੋਹਨ ਨੇ ਕਿਹਾ,"ਘੜਾ ਭਰ ਗਿਆ ਏ, ਉੱਠ ਮੈਂ ਪਾਣੀ ਪੀ ਲਵਾਂ।"

"ਏ!" ਤੀਵੀਂ ਨੇ ਉਨੀਂਦਰੇ ਵਿੱਚ ਹੀ ਕਿਹਾ।

ਮੋਹਨ ਨੇ ਉੱਚੀ ਸਾਰੀ ਕਿਹਾ,"ਮੈਂ ਕਹਿੰਦਾ ਹਾਂ, ਘੜਾ ਭਰ ਚੁੱਕਿਆ ਏ। ਇਹਨੂੰ ਪਰ੍ਹੇ ਹਟਾ ਲੈ। ਮੈਂ ਏਥੋਂ ਪਾਣੀ ਪੀਆਂਗਾ।"

ਤੀਵੀਂ ਸਹਿਜ ਨਾਲ਼ ਉੱਠੀ, ਸਹਿਜ ਨਾਲ਼ ਉਸ ਨੇ ਘੜਾ ਚੁੱਕਿਆ, ਆਪਣੇ ਸਿਰ 'ਤੇ ਰੱਖਿਆ ਤੇ ਹੇਠ ਘਾਟੀ ਵੱਲ ਤੁਰ ਪਈ। ਤੁਰਦਿਆਂ ਵੀ ਇੰਞ ਲੱਗਦਾ ਸੀ ਜਿਵੇਂ ਉਹ ਜਾਗਦੀ ਹੋਈ ਨਹੀਂ ਸੁੱਤੀ ਹੋਈ ਤੁਰ ਰਹੀ ਸੀ।

ਮੋਹਨ ਅਗਾਂਹ ਵਧਿਆ ਤਾਂ ਉਸ ਨੂੰ ਦਸ ਜੁਲਾਹੇ ਖੱਡੀਆਂ 'ਤੇ ਕੰਮ ਕਰਦੇ ਹੋਏ ਦਿਖੇ। ਉੱਥੇ ਵੀ ਓਹੀ ਹਾਲਤ ਸੀ। ਤਾਣਾ ਬਾਣਾ ਚੱਲ ਰਿਹਾ ਸੀ, ਪਰ ਸੁਪਨੇ ਦੀ ਹਾਲਤ ਵਿੱਚ। ਜੁਲਾਹਿਆਂ ਦੇ ਹੱਥ ਪੈਰ ਕੰਮ ਕਰਦੇ ਸਨ, ਕੱਪੜਾ ਵੀ ਬੁਣਿਆ ਜਾ ਰਿਹਾ ਸੀ, ਪਰ ਨੀਂਦ ਦੀ ਹਾਲਤ ਵਿੱਚ। ਮੋਹਨ ਨੇ ਇੱਕ ਤਾਣੇ ਦੇ ਦੋ ਤਿੰਨ ਧਾਗੇ ਤੋੜ ਦਿੱਤੇ ਤੇ ਇੱਕ ਜੁਲਾਹੇ ਨੇ ਬਿਨਾਂ ਕਿਸੇ ਗ਼ੁੱਸੇ ਦੇ ਹੌਲ਼ੀ ਜਿਹੀ ਕਿਹਾ, "ਕਿਉਂ..ਤੰਗ..ਕਰ..ਦਾ..ਏਂ..ਸੌਂ..ਜਾ।"

ਇੰਞ ਲੱਗਦਾ ਸੀ ਜਿਵੇਂ ਜੁਲਾਹਿਆਂ ਨੇ ਅਫ਼ੀਮ ਖਾ ਰੱਖੀ ਹੋਵੇ। ਮੋਹਨ ਅੱਗੇ ਗਿਆ ਤਾਂ ਨਾਖਾਂ ਦੇ ਇੱਕ ਝੁੰਡ ਨੂੰ ਵੇਖ ਕੇ ਖੜਾ ਹੋ ਗਿਆ। ਪੱਕੀਆਂ ਹੋਈਆਂ ਸੁਨਹਿਰੀ ਸੁਹਣੀਆਂ ਨਾਖ਼ਾਂ

ਨਿਵੀਆਂ ਹੋਈਆਂ ਟਹਿਣੀਆਂ ਨਾਲ਼ ਲਟਕ ਰਹੀਆਂ ਸਨ। ਉਹਨਾਂ ਨੂੰ ਵੇਖ ਕੇ ਮੋਹਨ ਦੇ ਮੂੰਹ ਵਿੱਚ ਪਾਣੀ ਭਰ ਆਇਆ। ਉਸ ਨੇ ਇੱਕ ਨਾਖ ਨੂੰ ਤੋੜਨ ਲਈ ਹੱਥ ਵਧਾਇਆ ਤਾਂ ਅਵਾਜ਼ ਆਈ, "ਓ ਕੀ ਕਰਦਾ ਏਂ ? ਮੈਨੂੰ ਸੌਣ ਦੇ ਨਾ..।"

ਪਹਿਲਾਂ ਤਾਂ ਮੋਹਨ ਨੇ ਸੋਚਿਆ ਕਿ ਅਜੀਬ ਥਾਂ ਏ। ਏਥੇ ਦੀਆਂ ਨਾਖ਼ਾਂ ਵੀ ਸੌਂਦੀਆਂ ਹਨ ਤੇ ਸੁੱਤਿਆਂ ਹੀ ਬੋਲਦੀਆਂ ਹਨ। ਫੇਰ ਉਸ ਨੇ ਸਿਰ ਘੁਮਾ ਕੇ ਏਧਰ ਓਧਰ ਦੇਖਿਆ ਤਾਂ ਉਹਨੂੰ ਇੱਕ ਰੁੱਖ ਦੇ ਥੱਲੇ ਮਾਲੀ ਦਿਸਿਆ ਜੋ ਅੱਧਾ ਸੌਂ ਰਿਹਾ ਸੀ, ਅੱਧਾ ਜਾਗ ਰਿਹਾ ਸੀ। ਮੋਹਨ ਨੇ ਮਾਲੀ ਨੂੰ ਪੁੱਛਿਆ, "ਖ਼ਾਨਗਾਹ ਕਿੱਧਰ ਏ ?"

"ਔਹ ਕੀ ਏ... ਸਾਹਮਣੇ... ਜਾ... ਖਰ... ਖਰ...।" ਮਾਲੀ ਜਵਾਬ ਦੇ ਕੇ ਫੇਰ ਸੌਂ ਗਿਆ।

ਖ਼ਾਨਗਾਹ ਦੀਆਂ ਪੌੜੀਆਂ 'ਤੇ ਪਾਦਰੀ ਖੜੋਤਾ ਸੀ। ਹਾਂ ਓਹੀ ਪਾਦਰੀ ਜਿਸ ਦਾ ਪਤਾ ਬੁੱਢੇ ਨੇ ਦੱਸਿਆ ਸੀ। ਉਸ ਪਾਦਰੀ ਦੇ ਗਲ਼ ਵਿੱਚ ਓਹੀ ਸਲੀਬ ਲਟਕ ਰਹੀ ਸੀ ਤੇ ਇੱਕ ਲਾਲ ਸੀ, ਜਿਸ ਨਾਲ਼ ਯੂਸਫ਼ ਦੀ ਜਾਨ ਬਚ ਸਕਦੀ ਸੀ। ਮੋਹਨ ਨੇ ਸੋਚਿਆ, ਇਹ ਪਾਦਰੀ ਵੀ ਸੁੱਤਾ ਹੋਇਆ ਲੱਗਦਾ ਹੈ। ਬਸ ਉਸ ਦੇ ਗਲ਼ ਵਿੱਚੋਂ ਇਹ ਲਾਲ ਲਾਹ ਕੇ ਲੈ ਚੱਲਾਂ। ਇਸ ਸੁੱਤਿਆਂ ਦੀ ਨਗਰੀ ਵਿੱਚ ਕਿਸੇ ਕੋਲ਼ੋਂ ਮੰਗਣਾ ਜਾਂ ਕਿਸੇ ਨਾਲ਼ ਗੱਲ ਕਰਨੀ ਵਿਅਰਥ ਹੈ। ਇਹ ਸੋਚ ਕੇ ਮੋਹਨ ਨੇ ਉੱਛਲ ਕੇ ਪਾਦਰੀ ਦੇ ਗਲ਼ ਵਿੱਚ ਪਏ ਲਾਲ ਨੂੰ ਫੜਨਾ ਚਾਹਿਆ, ਪਰ ਪਾਦਰੀ ਨੇ ਬੜੀ ਸਖ਼ਤੀ ਨਾਲ਼ ਉਸ ਦਾ ਹੱਥ ਫੜ ਲਿਆ ਤੇ ਪੁੱਛਿਆ, "ਤੂੰ ਕੌਣ ਏਂ। ਕੀ ਗੱਲ ਏ।"

ਮੋਹਨ ਨੇ ਹੈਰਾਨ ਹੋ ਕੇ ਕਿਹਾ, "ਉਹ ਤੁਸੀਂ... ਤੁਸੀਂ ਸੁੱਤੇ ਹੋਏ ਨਹੀਂ ਹੋ।"

"ਨਹੀਂ" ਪਾਦਰੀ ਨੇ ਕੜਕ ਕੇ ਕਿਹਾ।

"ਮਾਫ਼ ਕਰਨਾ ਪਾਦਰੀ ਸਾਹਬ, ਮੈਥੋਂ ਗਲਤੀ ਹੋਈ। ਅਸਲ ਵਿੱਚ ਰਾਹ ਵਿੱਚ ਜਿੰਨੇ ਆਦਮੀ ਮਿਲ਼ੇ, ਸਾਰੇ ਸੌਂ ਰਹੇ ਸਨ। ਮੈਂ ਸੋਚਿਆ, ਤੁਹਾਨੂੰ ਵੀ ਕਿਉਂ ਜਗਾਵਾਂ। ਆਪਣਾ ਕੰਮ ਕਰਕੇ ਤੁਰਦਾ ਬਣਾਂ।"

"ਤੈਨੂੰ ਕੀ ਕੰਮ ਏ, ਮੇਰੇ ਬੇਟੇ !" ਪਾਦਰੀ ਨੇ ਬੜੀ ਨਰਮੀ ਨਾਲ਼ ਕਿਹਾ।

ਮੋਹਨ ਨੇ ਸਾਰੀ ਰਾਮ ਕਹਾਣੀ ਸੁਣਾ ਦਿੱਤੀ ਤੇ ਲਾਲ ਦੀ ਲੋੜ ਦੱਸੀ। ਫੇਰ ਬੜੇ ਤਰਲੇ ਨਾਲ਼ ਕਿਹਾ, "ਵੇਖੋ, ਪਾਦਰੀ ਸਾਹਬ, ਤੁਸੀਂ ਇਹ ਲਾਲ ਨਹੀਂ ਦਿਓਗੇ ਤਾਂ ਮੇਰਾ ਦੋਸਤ ਮਰ ਜਾਏਗਾ।"

ਪਾਦਰੀ ਨੇ ਕਿਹਾ, "ਮੈਂ ਲਾਲ ਤਾਂ ਦੇ ਦੇਂਦਾ ਹਾਂ, ਪਰ ਇੱਕ ਸ਼ਰਤ 'ਤੇ।"

"ਉਹ ਕੀ ?"


"ਤੈਨੂੰ ਇਸ ਲਾਲ ਦੇ ਬਦਲੇ ਮੈਨੂੰ ਮੋਤੀਆਂ ਵਾਲ਼ ਸੰਖ ਲਿਆ ਕੇ ਦੇਣਾ ਪਏਗਾ।"

"ਮੋਤੀਆਂ ਵਾਲ਼ਾ ਸੰਖ ਕਿੱਥੋਂ ਮਿਲ਼ੇਗਾ ? ਮੇਰੇ ਕੋਲ਼ ਤਾਂ ਹੈ ਨਹੀਂ ?"

"ਮੈਂ ਜਾਣਦਾ ਹਾਂ, ਉਹ ਤੇਰੇ ਕੋਲ਼ ਨਹੀਂ ਹੈ। ਪਰ ਤੂੰ ਕੋਸ਼ਿਸ਼ ਕਰੇਂ ਤਾਂ ਲਿਆ ਕੇ ਦੇ ਸਕਦਾ ਹੈਂ।"

"ਤਾਂ ਛੇਤੀ ਦੱਸੋ, ਸੰਖ ਕਿੱਥੇ ਹੈ ?"

ਪਾਦਰੀ ਨੇ ਹੱਥ ਫ਼ੈਲਾ ਕੇ ਕਿਹਾ,"ਥੱਲੇ ਵਾਦੀ ਵਿੱਚ ਔਹ ਜੋ ਕਿਲ੍ਹਾ ਹੈ ਨਾ, ਉਸ ਵਿੱਚ ਸੱਤ ਦਿਓ ਰਹਿੰਦੇ ਹਨ। ਉਸ ਵਾਦੀ ਤੇ ਉਹਨਾਂ ਦਿਓਆਂ ਦਾ ਰਾਜ ਹੈ। ਇਹਨਾਂ ਦਿਓਆਂ ਨੇ ਇਸ ਵਾਦੀ ਦੇ ਲੋਕਾਂ ਨੂੰ ਸੌਣ-ਜਾਗਣ ਦੇ ਚੱਕਰ ਵਿੱਚ ਫਸਾ ਰੱਖਿਆ ਹੈ, ਯਾਨੀ ਸਾਰੀ ਵਾਦੀ ਦੇ ਲੋਕ ਨਾ ਏਨੇ ਸੁੱਤੇ ਹੋਏ ਹਨ ਕਿ ਕੋਈ ਕੰਮ ਨਾ ਕਰ ਸਕਣ, ਤੇ ਨਾ ਹੀ ਏਨਾ ਜਾਗਦੇ ਹਨ ਕਿ ਆਪਣਾ ਬੁਰਾ ਭਲਾ ਸੋਚ ਸਕਣ। ਬੱਸ ਏਸੇ ਹਾਲਤ ਵਿੱਚ ਇਹਨਾਂ ਲੋਕਾਂ ਨੂੰ ਛੱਡ ਕੇ ਦਿਓ ਆਪਣੇ ਕਿਲ੍ਹੇ ਵਿੱਚ ਬੜੇ ਅਰਾਮ ਨਾਲ਼ ਐਸ਼ ਦੀ ਜ਼ਿੰਦਗੀ ਬਿਤਾ ਰਹੇ ਹਨ। ਵਾਦੀ ਦੇ ਸਾਰੇ ਲੋਕ ਉਹਨਾਂ ਦਾ ਕੰਮ ਕਰਦੇ ਹਨ ਤੇ ਦਿਓ ਜੋ ਕੁੱਝ ਉਹਨਾਂ ਨੂੰ ਦੇ ਦਿੰਦੇ ਹਨ, ਉਹ ਖ਼ੁਸ਼ੀ ਨਾਲ਼ ਕਬੂਲ ਕਰ ਲੈਂਦੇ ਹਨ ਤੇ ਕੰਮ ਕਰਦੇ ਜਾਂਦੇ ਹਨ। ਉਹਨਾਂ ਨੂੰ ਪਤਾ ਵੀ ਨਹੀਂ ਹੈ ਕਿ ਉਹ ਦਿਓਆਂ ਦੇ ਗ਼ੁਲਾਮ ਹਨ। ਉਹ ਹੁਣ ਆਦਮੀ ਨਹੀਂ ਰਹੇ, ਸੁੱਤੀਆਂ ਹੋਈਆਂ ਭੇਡਾਂ ਬਣ ਚੁੱਕੇ ਹਨ। ਮੈਂ ਉਹਨਾਂ ਨੂੰ ਇਸ ਨੀਂਦੋਂ ਜਗਾਉਣਾ ਚਾਹੁੰਦਾ ਹਾਂ।"



"ਪਰ ਇਸ ਮੋਤੀਆਂ ਵਾਲ਼ੇ ਸੰਖ ਨਾਲ਼ ਕੀ ਹੋਏਗਾ ?"

"ਜਿਸ ਵੇਲ਼ੇ ਉਹ ਸੰਖ ਮੇਰੇ ਹੱਥ ਵਿੱਚ ਆ ਜਾਏਗਾ ਤੇ ਮੈਂ ਉਸ ਨੂੰ ਵੱਜਣ ਲਈ ਕਹਾਂਗਾ ਤਾਂ ਉਸ ਦੀ ਅਵਾਜ਼ ਸੁਣਦੇ ਹੀ ਸਾਰੀ ਵਾਦੀ ਤੇ ਉਸ ਦੇ ਸਾਰੇ ਲੋਕ ਜਾਗ ਪੈਣਗੇ। ਓਸੇ ਵੇਲ਼ੇ ਦਿਓਆਂ ਦਾ ਰਾਜ ਖ਼ਤਮ ਹੋ ਜਾਏਗਾ। ਸੰਖ ਦੀ ਅਵਾਜ਼ ਵਿੱਚ ਇਹਨਾਂ ਲੋਕਾਂ ਲਈ ਜ਼ਿੰਦਗੀ ਹੈ ਤੇ ਦਿਓਆਂ ਲਈ ਮੌਤ ਹੈ।"

"ਉਹ ਕਿਵੇਂ ?"

"ਬੱਸ ਏਧਰ ਇਹ ਲੋਕ ਜਾਗਣੇ ਸ਼ੁਰੂ ਹੋਏ, ਓਧਰ ਦਿਓ ਮਰਨੇ ਸ਼ੁਰੂ ਹੋ ਜਾਣਗੇ। ਸੰਖ ਦੀ ਅਵਾਜ਼ ਸੁਣ ਕੇ ਦਿਓਆਂ ਦੇ ਕੰਨ ਪਾਟ ਜਾਣਗੇ। ਉਹਨਾਂ ਦੇ ਦਿਮਾਗ਼ ਪਾਟ ਜਾਣਗੇ ਤੇ ਉਹ ਮਰ ਜਾਣਗੇ ਅਤੇ ਇਹ ਵਾਦੀ ਅਜ਼ਾਦ ਹੋ ਜਾਏਗੀ। ਏਸੇ ਲਈ ਤਾਂ ਇਹਨਾਂ ਦਿਓਆਂ ਨੇ ਇਸ ਸੰਖ ਨੂੰ ਉਸ ਕਿਲੇ ਵਿੱਚ ਬੜਾ ਸਾਂਭ ਕੇ ਰੱਖਿਆ ਹੋਇਆ ਹੈ ਤੇ ਰਾਤ-ਦਿਨ ਉਸ 'ਤੇ ਪਹਿਰਾ ਦਿੰਦੇ ਹਨ।"

"ਤਾਂ ਫੇਰ ਮੈਂ ਕਿਵੇਂ ਉਸ ਨੂੰ ਪਾ ਸਕਦਾ ਹਾਂ ? ਮੈਂ ਤਾਂ ਇੱਕ ਛੋਟਾ ਜਿਹਾ ਮੁੰਡਾ ਹਾਂ ਪਾਦਰੀ ਸਾਹਬ।"

"ਜੇ ਤੂੰ ਮੈਨੂੰ ਉਹ ਸੰਖ ਨਹੀਂ ਲਿਆ ਕੇ ਦਏਂਗਾ ਤਾਂ ਮੈਂ ਇਹ ਲਾਲ ਤੈਨੂੰ ਨਹੀਂ ਦਵਾਂਗਾ।" ਪਾਦਰੀ ਇਹ ਕਹਿ ਕੇ ਖ਼ਾਨਗਾਹ ਦੇ ਅੰਦਰ ਚਲਿਆ ਗਿਆ।

ਦਿਨ ਲੱਥਦਾ ਜਾ ਰਿਹਾ ਸੀ। ਸ਼ਾਮ ਹੋ ਚੁੱਕੀ ਸੀ। ਮੋਹਨ ਬਹੁਤ ਘਬਰਾਇਆ, ਕੀ ਕਰੇ, ਕੀ ਨਾ ਕਰੇ। ਜੇ ਉਸ ਨੂੰ ਲਾਲ ਹੁਣੇ ਮਿਲ਼ ਜਾਂਦਾ ਤਾਂ ਉਹ ਹੁਣੇ ਮੁੜ ਸਕਦਾ ਸੀ। ਕੱਲ੍ਹ ਦੂਜਾ ਦਿਨ ਸ਼ੁਰੂ ਹੋ ਜਾਏਗਾ ਤੇ ਬੁੱਢੇ ਨੇ ਕਿਹਾ ਸੀ ਕਿ ਜੇ ਉਹ ਤਿੰਨਾਂ ਦਿਨਾਂ ਵਿੱਚ ਵਾਪਸ ਆ ਗਿਆ ਤਾਂ ਯੂਸਫ਼ ਦੀ ਜਾਨ ਬਚ ਜਾਏਗੀ, ਨਹੀਂ ਤਾਂ ਨਹੀਂ ਬਚਣੀ।"

ਬਹੁਤ ਸੋਚ ਵਿਚਾਰ ਕੇ ਮੋਹਨ ਨੇ ਕਿਲੇ ਦੇ ਅੰਦਰ ਜਾ ਕੇ ਮੋਤੀਆਂ ਵਾਲ਼ਾ ਸੰਖ ਚੁਰਾਉਣ ਦਾ ਫ਼ੈਸਲਾ ਕਰ ਲਿਆ।

ਉਹ ਘਾਟੀ ਦੇ ਥੱਲੇ ਉੱਤਰ ਕੇ ਸ਼ਹਿਰ ਦੀਆਂ ਗਲ਼ੀਆਂ ਵਿੱਚ ਘੁੰਮਦਾ ਰਿਹਾ। ਜਦ ਰਾਤ ਦਾ ਹਨੇਰਾ ਚੰਗੀ ਤਰ੍ਹਾਂ ਚੁਪਾਸੀਂ ਪਸਰ ਗਿਆ ਤਾਂ ਉਸ ਨੇ ਕਿਲੇ ਵੱਲ ਮੂੰਹ ਮੋੜਿਆ। ਕਿਲੇ ਦੇ ਚੁਫ਼ੇਰੇ ਇੱਕ ਡੂੰਘੀ ਖਾਈ ਸੀ ਜਿਸ ਵਿੱਚ ਪਾਣੀ ਭਰਿਆ ਹੋਇਆ ਸੀ। ਕਿਲੇ ਦੇ ਵੱਡੇ ਫ਼ਾਟਕ ਦੇ ਸਾਹਮਣੇ ਇੱਕ ਲੱਕੜ ਦਾ ਪੁਲ਼ ਸੀ ਜੋ ਦਿਓਆਂ ਦੀ ਮਰਜ਼ੀ ਨਾਲ਼ ਖਾਈ ਦੇ ਆਰ ਪਾਰ ਲਾਇਆ ਜਾ ਸਕਦਾ ਸੀ। ਮੋਹਨ ਉਡੀਕਦਾ ਰਿਹਾ। ਕੁੱਝ ਚਿਰ ਪਿੱਛੋਂ ਉਸ ਨੇ ਦੇਖਿਆ ਕਿ ਸ਼ਹਿਰ ਦੇ ਕੁੱਝ ਲੋਕ ਹੌਲ਼ੀ-ਹੌਲ਼ੀ ਤੁਰਦੇ ਹੋਏ ਆਏ ਤੇ ਖਾਈ ਦੇ ਇਸ ਪਾਰ ਆ ਕੇ ਖੜੋ ਗਏ। ਉਹਨਾਂ ਲੋਕਾਂ ਨੇ ਆਪਣੀਆਂ ਪਿੱਠਾਂ 'ਤੇ



ਅੰਨ ਲੱਦਿਆ ਹੋਇਆ ਸੀ। ਕਿਸੇ ਦੇ ਹੱਥ ਵਿੱਚ ਸਬਜ਼ੀਆਂ ਤੇ ਫ਼ਲ ਸਨ। ਕੋਈ ਕਣਕ ਲਿਆਇਆ ਸੀ ਤੇ ਕੋਈ ਚੌਲ਼। ਜੁਲਾਹੇ ਕੱਪੜਾ ਲਿਆਏ ਸਨ ਤੇ ਆਜੜੀ ਭੇਡਾਂ ਤੇ ਬੱਕਰੀਆਂ। ਉਹ ਲੋਕ ਖਾਈ ਦੇ ਉਸ ਪਾਰ ਸਾਰਾ ਸਮਾਨ ਰੱਖ ਕੇ ਵਾਪਸ ਆਏ। ਹੁਣ ਓਥੇ ਸਿਰਫ਼ ਚਾਰ ਆਦਮੀ ਖੜੋਤੇ ਸਨ। ਦੋ ਨੌਜਵਾਨ ਕੁੜੀਆਂ ਤੇ ਦੋ ਨੌਜਵਾਨ ਮੁੰਡੇ। ਚਾਰੋਂ ਬਹੁਤ ਸੁਹਣੇ ਸਨ।

ਮੋਹਨ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਏਥੇ ਕਿਉਂ ਖੜੇ ਹੋ ?"

"ਸਾਨੂੰ ਖਾਧਾ ਜਾਏਗਾ," ਇੱਕ ਕੁੜੀ ਨੇ ਕਿਹਾ।

"ਤੁਹਾਨੂੰ ਖਾਧਾ ਜਾਏਗਾ ?" ਮੋਹਨ ਨੇ ਬੜੀ ਹੈਰਾਨੀ ਨਾਲ਼ ਪੁੱਛਿਆ।

"ਹਾਂ," ਇੱਕ ਮੁੰਡਾ ਬੋਲਿਆ, ਸਾਨੂੰ ਚੌਹਾਂ ਨੂੰ ਅੱਜ ਦਿਓ ਖਾ ਜਾਣਗੇ।

"ਤੇ ਤੁਸੀਂ ਇਹ ਗੱਲ ਇੰਝ ਸਵਾਦ ਨਾਲ਼ ਸੁੱਤਿਆਂ ਸੁੱਤਿਆਂ ਕਹਿ ਰਹੇ ਹੋ ਜਿਵੇਂ ਤੁਸੀਂ ਕਿਸੇ ਨਿਉਂਦਰੇ 'ਤੇ ਜਾਣਾ ਹੋਵੇ।"

"ਹਾਂ ਨਿਉਂਦਰਾ ਹੀ ਤਾਂ ਹੈ" ਤੀਜੀ ਕੁੜੀ ਨੇ ਕਿਹਾ।

"ਪਰ ਇਹ ਤੁਹਾਡੀ ਜ਼ਿੰਦਗੀ ਦਾ ਸਵਾਲ ਹੈ। ਤੁਹਾਨੂੰ ਲੜਨਾ ਚਾਹੀਦਾ ਏ।"

"ਦਿਓਆਂ ਨਾਲ਼ ਕੌਣ ਲੜ ਸਕਦਾ ਹੈ ?" ਚੌਥੇ ਨੌਜਵਾਨ ਨੇ ਕਿਹਾ, "ਇਹ ਤਾਂ ਸਾਡੀ ਕਿਸਮਤ ਏ ਕਿ ਸਾਨੂੰ ਖਾਧਾ ਜਾਏ। ਆਖ਼ਰ ਅਸੀਂ ਵੀ ਤਾਂ ਭੇਡਾਂ-ਬੱਕਰੀਆਂ ਖਾਂਦੇ ਹਾਂ।"

"ਪਰ ਤੁਸੀਂ ਤਾਂ ਭੇਡਾਂ-ਬੱਕਰੀਆਂ ਨਹੀਂ ਹੋ, ਤੁਸੀਂ ਮਨੁੱਖ ਹੋ।"

"ਤਾਂ ਕੀ ਹੋਇਆ ?" ਪਹਿਲਾ ਮੁੰਡਾ ਰੁਕ ਰੁਕ ਕੇ ਕਹਿਣ ਲੱਗਾ, "ਦਿਓ ਕਹਿੰਦੇ ਹਨ ਕਿ ਮਨੁੱਖ ਦਾ ਲਹੂ ਪੀਣ ਵਿੱਚ ਬੜਾ ਸਵਾਦਲਾ ਹੁੰਦਾ ਹੈ।"

"ਪਰ..ਪਰ.." ਮੋਹਨ ਏਨਾ ਚਕਰਾ ਗਿਆ ਕਿ ਕੁੱਝ ਕਹਿ ਨਹੀਂ ਸੀ ਸਕਦਾ। ਇਹ ਚਾਰੋਂ ਨੌਜਵਾਨ ਕੁੜੀਆਂ ਮੁੰਡੇ ਬੜੇ ਅਰਾਮ ਨਾਲ਼ ਖਾਈ ਦੇ ਕੰਢੇ ਖੜੋਤੇ ਆਪਣੀ ਮੌਤ ਦੀ ਉਡੀਕ ਕਰ ਰਹੇ ਸਨ। ਏਨੇ ਵਿੱਚ ਕਿਲੇ ਵਿੱਚੋਂ ਇੱਕ ਲੱਕੜ ਦਾ ਪੁਲ਼ ਹੇਠਾਂ ਲਮਕਿਆ ਤੇ ਖਾਈ ਦੇ ਉੱਪਰ ਵਿਛ ਗਿਆ। ਫੇਰ ਕਿਲੇ ਦਾ ਵੱਡਾ ਫ਼ਾਟਕ ਖੁੱਲ੍ਹਿਆ ਤੇ ਅੰਦਰੋਂ ਇੱਕ ਦਿਓ ਲੰਮੀਆਂ ਲੰਮੀਆਂ ਉਲਾਂਘਾਂ ਭਰਦਾ ਹੋਇਆ ਬਾਹਰ ਆਇਆ। ਮੋਹਨ ਉਸ ਨੂੰ ਵੇਖ ਕੇ ਝੱਟ ਭੇਡਾਂ ਦੇ ਇੱਜੜ ਵਿੱਚ ਵੜ ਗਿਆ। ਦਿਓ ਨੇ ਆ ਕੇ ਸਾਰਾ ਅੰਨ, ਸਬਜ਼ੀ, ਫ਼ਲ ਚਾਰੋਂ ਨੌਜਵਾਨ, ਭੇਡਾਂ ਤੇ ਬੱਕਰੀਆਂ ਨੂੰ ਆਪਣੀ ਵੱਡੀ ਸਾਰੀ ਚਾਦਰ ਦੀ ਇੱਕ ਨੁੱਕਰੇ ਬੰਨ੍ਹ ਲਿਆ ਤੇ ਆਪਣੇ ਮੋਢੇ 'ਤੇ ਸੁੱਟ ਕੇ ਅੰਦਰ ਚਲਾ ਗਿਆ।

ਕਿਲੇ ਦੇ ਅੰਦਰ ਜਾ ਕੇ ਉਹ ਰਸੋਈ ਵਿੱਚ ਵੜ ਗਿਆ। ਜਿੱਥੇ ਵੱਡੇ ਵੱਡੇ ਚੁੱਲ੍ਹੇ ਬਲ਼ ਰਹੇ ਸਨ। ਦਿਓ ਨੇ ਅੰਨ ਨੂੰ ਵੱਖ ਰੱਖਿਆ, ਸਬਜ਼ੀ ਨੂੰ ਵੱਖ ਰੱਖਿਆ, ਭੇਡਾਂ ਨੂੰ ਵੱਖ ਰੱਖਿਆ ਤੇ ਮੋਹਨ ਨੂੰ ਚੁੱਕ ਕੇ ਚੌਹਾਂ ਨੌਜਵਾਨਾਂ ਦੇ ਨਾਲ਼ ਇੰਞ ਬੰਨ੍ਹ ਦਿੱਤਾ ਜਿਵੇਂ ਰਸੋਈਆ ਸਾਗ ਦੇ ਇੱਕ ਰੁੱਗ ਨੂੰ ਕਿਸੇ ਧਾਗੇ ਨਾਲ਼ ਬੰਨ੍ਹ ਦਿੰਦਾ ਹੈ।

"ਹਾ ਹਾ ਹਾ! ਅੱਜ ਸਾਡੀ ਪਰਜਾ ਨੇ ਚੌਂਹ ਦੀ ਥਾਂ ਪੰਜ ਆਦਮੀ ਸਾਡੇ ਖਾਣ ਲਈ ਭੇਜੇ ਹਨ।" ਦਿਓ ਖ਼ੁਸ਼ੀ ਨਾਲ਼ ਗਰਜਿਆ ਤੇ ਬਾਕੀ ਦਿਓਆਂ ਨੂੰ ਇਹ ਖ਼ੁਸ਼ਖ਼ਬਰੀ ਦੱਸਣ ਚਲਾ ਗਿਆ। ਜਦ ਦਿਓ ਚਲਾ ਗਿਆ ਤਾਂ ਮੋਹਨ ਨੇ ਬਾਕੀ ਸਾਥੀਆਂ ਨੂੰ ਕਿਹਾ, "ਆਓ ਇਸ ਰੱਸੀ ਨੂੰ ਤੋੜ ਸੁੱਟੀਏ ਤੇ ਦੌੜ ਚੱਲੀਏ।"

"ਦੌੜ ਕੇ ਕਿੱਥੇ ਜਾਵਾਂਗੇ ? ਆਪਣੀ ਕਿਸਮਤ ਤੋਂ ਨੱਸ ਕੇ ਆਦਮੀ ਕਿੱਥੇ ਜਾ ਸਕਦਾ ਹੈ," ਉਹ ਚਾਰੋਂ ਬੋਲੇ।

ਮੋਹਨ ਰੱਸੀ ਨੂੰ ਤੋੜਨ ਦੀ ਕੋਸ਼ਿਸ਼ ਕਰਨ ਲੱਗਾ, ਏਨੇ ਵਿੱਚ ਦਿਓ ਬਾਕੀ ਸਾਥੀਆਂ ਨੂੰ ਲੈ ਕੇ ਆ ਗਿਆ। ਇਹ ਸੱਤੇ ਦਿਓ ਮੋਹਨ ਨੂੰ ਦੇਖ ਕੇ ਬੜੇ ਖ਼ੁਸ਼ ਹੋਏ।

"ਸਾਡੀ ਪਰਜਾ ਸਮਝਦਾਰ ਹੁੰਦੀ ਜਾ ਰਹੀ ਹੈ," ਇੱਕ ਦਿਓ ਕਹਿਣ ਲੱਗਾ ਜਿਸ ਦੇ ਸਿਰ ਉੱਤੇ

ਚਿੱਟੇ ਸਿੰਗ ਉੱਗੇ ਹੋਏ ਸਨ।

"ਹਾਂ, ਕੱਲ੍ਹ ਤੋਂ ਤੁਸੀਂ ਹੁਕਮ ਦੇ ਦਿਓ ਕਿ ਰੋਜ਼ ਪੰਜ ਆਦਮੀ ਸਾਡੇ ਖਾਣ ਲਈ ਭੇਜੇ ਜਾਣ," ਚਿੱਟੇ ਸਿੰਗਾਂ ਵਾਲ਼ੇ ਦਿਓ ਨੇ ਕਾਲ਼ੇ ਸਿੰਗਾਂ ਵਾਲ਼ੇ ਦਿਓ ਨੂੰ ਕਿਹਾ। ਕਾਲ਼ੇ ਸਿੰਗਾਂ ਵਾਲ਼ੇ ਦਿਓ ਨੇ ਰਸੋਈ ਵਿੱਚ ਕੰਮ ਕਰਨ ਵਾਲ਼ੇ ਦਿਓ ਨੂੰ ਕਿਹਾ, "ਹੁਣ ਝਬਦੇ ਰੋਟੀ ਤਿਆਰ ਕਰ ਲੈ ਤੇ ਸਭ ਤੋਂ ਪਹਿਲਾਂ ਇਹਨਾਂ ਨੂੰ ਪਕਾ ਲੈ।" ਦਿਓ ਨੇ ਮੋਹਨ ਤੇ ਦੂਜੇ ਸਾਥੀਆਂ ਵੱਲ ਸੈਨਤ ਕਰਕੇ ਕਿਹਾ।

"ਬਹੁਤ ਚੰਗਾ" ਦਿਓ ਨੇ ਰੱਸੀ ਖੋਲ੍ਹ ਦਿੱਤੀ ਤੇ ਮੋਹਨ ਤੇ ਦੂਜੇ ਨੌਜਵਾਨਾਂ ਨੂੰ ਸਾਫ਼ ਕਰਨ ਲਈ ਇੱਕ ਡੋਲ ਵਿੱਚ ਪਾ ਦਿੱਤਾ ਤੇ ਆਪ ਛੁਰੀ ਲੈਣ ਲਈ ਰਸੋਈ ਦੇ ਦੂਜੇ ਕਮਰੇ ਵਿੱਚ ਚਲਾ ਗਿਆ।



ਮੋਹਨ ਨੇ ਆਪਣੇ ਸਾਥੀਆਂ ਨੂੰ ਕਿਹਾ,"ਆਓ ਏਥੋਂ ਦੌੜ ਚੱਲੀਏ, ਮੌਤ ਸਿਰ 'ਤੇ ਚੱਕਰ ਲਾ ਰਹੀ ਹੈ।"

"ਭਰਾਵਾ, ਸਾਨੂੰ ਮਰਨ ਦੇ ਨਾ, ਅਰਾਮ ਨਾਲ਼ ਸੌਣ ਦੇ," ਉਹਨਾਂ ਚੌਹਾਂ ਨੇ ਬੜੇ ਥੱਕੇ ਹੋਏ ਲਹਿਜੇ ਵਿੱਚ ਕਿਹਾ।

ਮੋਹਨ ਹਿੰਮਤ ਕਰਕੇ ਡੋਲ ਵਿੱਚੋਂ ਜਿਉਂ ਉੱਛਲਿਆ ਕਿ ਇੱਕ ਮੱਛੀ ਵਾਂਗ ਤੜਫ ਕੇ ਹੇਠਾਂ ਫ਼ਰਸ਼ 'ਤੇ ਆ ਪਿਆ ਤੇ ਓਥੋਂ ਝੱਟ ਦੌੜ ਕੇ ਵੱਡੇ ਵੱਡੇ ਭਾਂਡਿਆਂ ਦੀ ਕਤਾਰ ਪਿੱਛੋਂ ਹੁੰਦਾ ਹੋਇਆ ਰਸੋਈ ਵਿੱਚੋਂ ਬਾਹਰ ਚਲਾ ਗਿਆ ਤੇ ਇੱਕ ਹਨੇਰੀ ਪੌੜੀ ਦੇ ਪਿੱਛੇ ਜਾ ਕੇ ਲੁਕ ਗਿਆ।

ਕੁੱਝ ਚਿਰ ਵਿੱਚ ਦੌੜ ਭੱਜ ਸ਼ੁਰੂ ਹੋ ਗਈ। ਦਿਓ ਉਸ ਨੂੰ ਲੱਭਣ ਲਈ ਏਧਰ ਓਧਰ ਦੌੜ ਰਹੇ ਸਨ। ਵੱਖ ਵੱਖ ਕਮਰਿਆਂ ਵਿੱਚ ਸਮਾਨ ਚੁੱਕ ਕੇ ਸੁੱਟਿਆ ਜਾ ਰਿਹਾ ਸੀ ਤੇ ਮੋਹਨ ਪੌੜੀ ਦੇ ਹੇਠ ਲੁਕਿਆ ਹੋਇਆ ਆਪਣੀ ਜ਼ਿੰਦਗੀ ਦੀਆਂ ਘੜੀਆਂ ਗਿਣ ਰਿਹਾ ਸੀ। ਚਾਣਚੱਕ ਪੌੜੀਆਂ 'ਤੇ ਦਿਓਆਂ

ਦੀ ਗੱਲਬਾਤ ਸੁਣਾਈ ਦਿੱਤੀ।

"ਅੱਜ ਤਾਈਂ ਕਦੇ ਅਜਿਹਾ ਨਹੀਂ ਹੋਇਆ।"

"ਚਿੱਟਾ ਸਿੰਗ ਕਿੱਥੇ ਹੈ?"

"ਉਹ ਸੰਖ ਵਾਲ਼ੇ ਕਮਰੇ ਦੇ ਬਾਹਰ ਪਹਿਰਾ ਦੇ ਰਿਹਾ ਹੈ।"


"ਉਸ ਨੂੰ ਬੁਲਾਓ। ਉਸ ਦਾ ਨੱਕ ਤਾਂ ਆਦਮੀ ਨੂੰ ਝੱਟ ਸੁੰਘ ਲੈਂਦਾ ਹੈ। ਰਤਾ ਜਿੰਨੇ ਚਿਰ ਵਿੱਚ ਪਤਾ ਨਹੀਂ ਕੀ ਹੋ ਜਾਏਗਾ। ਸੰਖ ਤਾਂ ਜੰਦਰੇ ਦੇ ਅੰਦਰ ਹੈ।"

"ਚੰਗਾ, ਸੱਦਦਾ ਹਾਂ।"

ਇੱਕ ਦਿਓ ਵਾਪਸ ਗਿਆ। ਦੂਜਾ ਪੌੜੀਆਂ ਦੇ ਉੱਤੇ ਦੂਜੇ ਚਿੱਟੇ ਸਿੰਗ ਨੂੰ ਸੱਦਣ ਗਿਆ।

ਮੋਹਨ ਝੱਟ ਉਠਿਆ ਤੇ ਹੌਲ਼ੀ-ਹੌਲ਼ੀ ਪੌੜੀਆਂ ਚੜ੍ਹਨ ਲੱਗਾ।

ਕੋਈ ਆਦਮੀ ਨਾ ਮਿਲ਼ਿਆ ਤਾਂ ਉਸ ਨੇ ਸੰਖ ਵਾਲ਼ੇ ਦਿਓ ਕਮਰੇ ਨੂੰ ਜੰਦਰਾ ਮਾਰ ਦਿੱਤਾ ਤੇ ਕੁੰਜੀ ਬੋਝੇ ਵਿੱਚ ਰੱਖ ਕੇ ਦੂਜੇ ਦਿਓ ਨਾਲ਼ ਥੱਲੇ ਰਸੋਈ ਵਿੱਚ ਚਲਾ ਗਿਆ ਤੇ ਮੋਹਨ ਨੇ ਬੂਹਾ ਬੰਦ ਹੁੰਦਾ ਵੇਖ ਕੇ ਸੁਖ ਦਾ ਸਾਹ ਲਿਆ। ਉਸ ਨੇ ਏਧਰ ਓਧਰ ਵੇਖਿਆ। ਕਮਰੇ ਵਿੱਚ ਚੌਹੀਂ ਪਾਸੀਂ ਵੱਡੇ ਵੱਡੇ ਪਿੰਜਰੇ ਲਟਕੇ ਹੋਏ ਸਨ ਜਿਨ੍ਹਾਂ ਵਿੱਚ ਮਿੱਠੀਆਂ ਅਵਾਜ਼ਾਂ ਵਿੱਚ ਗਾਉਣ ਵਾਲ਼ੇ ਪੰਛੀ ਸਨ —



ਬੁਲਬੁਲ, ਮੈਨਾ, ਤੋਤੇ ਆਦਿ ਆਪਣੀਆਂ ਆਪਣੀਆਂ ਬੋਲੀਆਂ ਵਿੱਚ ਬੋਲ ਰਹੇ ਸਨ ਤੇ ਰਾਗ ਸੁਣਾ ਰਹੇ ਸਨ। ਕਮਰੇ ਦੇ ਵਿਚਕਾਰ ਇੱਕ ਬਹੁਤ ਵੱਡੇ ਮੇਜ਼ 'ਤੇ ਮਖਮਲ ਦੇ ਕੱਪੜੇ ਦੇ ਉੱਪਰ ਸੰਖ ਚਮਕ ਰਿਹਾ ਸੀ। ਮੋਹਨ ਖ਼ੁਸ਼ੀ ਨਾਲ਼ ਚੀਕਿਆ ਤੇ ਦੌੜ ਕੇ ਮੇਜ਼ ਕੋਲ਼ ਗਿਆ। ਹੁਣ ਜਾਨ ਬਚ ਗਈ। ਮੋਹਨ ਨੇ ਸੋਚਿਆ,"ਮੈਂ ਇਸ ਸੰਖ ਨੂੰ ਚੁੱਕ ਕੇ ਹੁਣੇ ਵਜਾਉਣਾ ਸ਼ੁਰੂ ਕਰਦਾ ਹਾਂ ਤੇ ਇਸ ਦੀ ਅਵਾਜ਼ ਨਾਲ਼ ਸਾਰੇ ਦਿਓਆਂ ਦੇ ਦਿਮਾਗ਼ ਪਾਟ ਜਾਣਗੇ ਤੇ ਫੇਰ ਇਹ ਸਾਰੀ ਵਾਦੀ ਜਾਗ ਪਏਗੀ।"

ਇਹ ਸੋਚ ਕੇ ਮੋਹਨ ਨੇ ਸੰਖ ਨੂੰ ਹੱਥ ਲਾਇਆ ਹੀ ਸੀ ਕਿ ਇੱਕ ਅਵਾਜ਼ ਆਈ,"ਖ਼ਬਰਦਾਰ!"

ਮੋਹਨ ਨੇ ਪਹਿਲਾਂ ਤਾਂ ਏਧਰ ਓਧਰ ਦੇਖਿਆ। ਉਸ ਨੇ ਸੋਚਿਆ ਕਿ ਉਸ ਨੂੰ ਸ਼ਾਇਦ ਕਿਸੇ ਨੇ ਦੇਖ ਲਿਆ ਹੈ। ਉਸ ਨੇ ਕੁੱਝ ਚਿਰ ਏਧਰ ਓਧਰ ਵੇਖਣ ਮਗਰੋਂ ਉਸ ਨੇ ਫੇਰ ਸੰਖ ਨੂੰ ਹੱਥ ਲਾਇਆ ਤਾਂ ਫੇਰ ਅਵਾਜ਼ ਆਈ,"ਖ਼ਬਰਦਾਰ, ਜੇ ਮੈਨੂੰ ਹੱਥ ਲਾਇਆ!"

ਮੋਹਨ ਬੜਾ ਹੈਰਾਨ ਹੋਇਆ,"ਉਹ! ਤਾਂ ਤੂੰ ਬੋਲਦਾ ਏਂ?"

"ਹਾਂ, ਸੰਖ ਦਾ ਕੰਮ ਬੋਲਣਾ ਹੈ, ਮੈਂ ਕਿਉਂ ਨਾ ਬੋਲਾਂ?"

"ਪਰ ਤੈਨੂੰ ਤਾਂ, ਮੇਰਾ ਮਤਲਬ ਹੈ ਸੰਖ ਨੂੰ ਲੋਕ ਮੂੰਹ ਨਾਲ਼ ਵਜਾਉਂਦੇ ਹਨ, ਪਰ ਤੂੰ ਆਪੀਂ ਬੋਲਦਾ ਏਂ।"

"ਹਾਂ, ਮੈਂ ਆਪੀਂ ਬੋਲਦਾ ਹਾਂ।"

"ਤਾਂ ਆ, ਮੈਂ ਤੈਨੂੰ ਆਪਣੇ ਹੱਥਾਂ ਨਾਲ਼ ਚੁੱਕ ਲੈਨਾ ਹਾਂ, ਤੂੰ ਬੋਲਣਾ ਸ਼ੁਰੂ ਕਰ— ਉੱਚੀ ਉੱਚੀ ਤਾਂ ਜੋ ਦਿਓਆਂ ਦੇ ਕੰਨ ਪਾਟ ਜਾਣ।"

"ਚੰਗਾ, ਚੁੱਕ ਮੈਨੂੰ।"

ਮੋਹਨ ਨੇ ਸੰਖ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਸੰਖ ਬਹੁਤ ਭਾਰਾ ਸੀ। ਮੋਹਨ ਤੋਂ ਚੁੱਕਿਆ ਨਾ ਗਿਆ।

"ਤੂੰ ਤਾਂ ਬਹੁਤ ਭਾਰਾ ਏਂ।"

"ਤਾਂ ਮੈਂ ਕੀ ਕਰਾਂ?"

"ਤੂੰ ਏਥੇ ਪਿਆ ਹੀ ਵੱਜਣਾ ਸ਼ੁਰੂ ਕਰ ਦੇ।"

"ਨਹੀਂ" ਸੰਖ ਕਹਿਣ ਲੱਗਾ, ਜਦ ਤਾਈਂ ਕੋਈ ਚੁੱਕ ਕੇ ਮੈਨੂੰ ਆਪਣੇ ਮੂੰਹ ਤੱਕ ਨਾ ਲੈ ਜਾਏ, ਮੈਂ ਨਹੀਂ ਵੱਜ ਸਕਦਾ।"

"ਪਰ ਮੈਂ ਤੈਨੂੰ ਚੁੱਕ ਨਹੀਂ ਸਕਦਾ," ਮੋਹਨ ਕਹਿਣ ਲੱਗਾ।

"ਤਾਂ ਮੈਂ ਵੱਜ ਨਹੀਂ ਸਕਦਾ।"

"ਤੂੰ ਬਹੁਤ ਭਾਰਾ ਏਂ। ਸੰਖ ਤਾਂ ਏਨਾ ਭਾਰਾ ਨਹੀਂ ਹੁੰਦਾ।" ਸਿੱਪ ਦਾ ਸੰਖ ਤਾਂ ਬਹੁਤ ਹੌਲ਼ਾ ਹੁੰਦਾ ਹੈ, ਮੋਹਨ ਨੇ ਕਿਹਾ।


"ਮੈਂ ਕੋਈ ਸਧਾਰਨ ਸੰਖ ਨਹੀਂ" ਸੰਖ ਨੇ ਜਵਾਬ ਦਿੱਤਾ। "ਮੈਂ ਲੋਕਾਂ ਨੂੰ ਜਗਾਉਣ ਵਾਲ਼ਾ ਸੰਖ ਹਾਂ। ਮੈਨੂੰ ਚੁੱਕਣ ਲਈ ਤਾਕਤ ਚਾਹੀਦੀ ਏ।"

"ਪਰ ਮੈਂ ਤਾਂ ਇੱਕ ਸਧਾਰਨ ਮੁੰਡਾ ਹਾਂ!" ਮੋਹਨ ਨੇ ਉਦਾਸੀ ਨਾਲ਼ ਕਿਹਾ, "ਕੀ ਤੇਰਾ ਭਾਰ ਕਿਸੇ ਤਰ੍ਹਾਂ ਘੱਟ ਨਹੀਂ ਹੋ ਸਕਦਾ?"

"ਹੋ ਸਕਦਾ ਏ" ਸੰਖ ਬੋਲਿਆ, ਪਰ ਇਸ ਰੁੱਖ 'ਤੇ ਤੈਨੂੰ ਮੁੜ ਜਾਣਾ ਪਏਗਾ ਤੇ ਤਿੰਨ ਮੀਲ ਉੱਪਰ ਚੜ੍ਹ ਕੇ ਜਦ ਇੱਕ ਵੱਡੀ ਡਾਲ਼... "

"ਖੱਬੇ ਪਾਸੇ ਜਾਂ ਸੱਜੇ ਪਾਸੇ?" ਮੋਹਨ ਨੇ ਗੱਲ ਕੱਟ ਕੇ ਸੰਖ ਤੋਂ ਪੁੱਛਿਆ।

"ਸੱਜੇ ਪਾਸੇ ਤਾਂ ਉਸ ਡਾਲ਼ 'ਤੇ ਤਿੰਨ ਮੀਲ ਚੱਲ ਕੇ ਹੀਰਿਆਂ ਦਾ ਜੜਿਆ ਹੋਇਆ ਦਰਵਾਜ਼ਾ ਆਏਗਾ। ਦਰਵਾਜ਼ੇ ਦੇ ਅੰਦਰ ਚਲਾ ਜਾਈਂ। ਪਰ ਖ਼ਬਰਦਾਰ ਦਰਵਾਜ਼ੇ ਨੂੰ ਹੱਥ ਨਾ ਲਾਈਂ। ਅੰਦਰ ਜਾਏਂਗਾ ਤਾਂ ਦੋ ਸੌ ਗਜ਼ ਉੱਚੀ ਪੌੜੀ ਮਿਲ਼ੇਗੀ। ਪੌੜੀ ਦੇ ਉੱਤੇ ਚੜ੍ਹਦਾ ਜਾਈਂ। ਖ਼ਬਰਦਾਰ, ਜੇ ਪੌੜੀ ਦੇ ਦੁਵੱਲੀ ਸੋਨੇ ਦੀਆਂ ਕੰਧਾਂ ਨੂੰ ਹੱਥ ਲਾਇਆ। ਪੌੜੀ ਚੜ੍ਹ ਕੇ ਤੈਨੂੰ ਇੱਕ ਆਲੀਸ਼ਾਨ ਕਮਰਾ ਮਿਲ਼ੇਗਾ।



ਇਸ ਕਮਰੇ ਦੀ ਹਰ ਸ਼ੈ ਸੋਨੇ ਦੀ ਹੋਏਗੀ। ਏਥੋਂ ਤੀਕ ਕਿ ਇਸ ਕਮਰੇ ਦੇ ਅੰਦਰ ਜੋ ਆਦਮੀ ਹੋਏਗਾ ਉਸ ਦਾ ਸਰੀਰ ਵੀ ਸੋਨੇ ਦਾ ਹੋਵੇਗਾ। ਉਸ ਆਦਮੀ ਦੇ ਕੋਲ਼ ਇੱਕ ਕਾਂ ਹੈ ਜਿਸ ਦੀ ਚੁੰਝ ਵਿੱਚ ਚਾਂਦੀ ਦੀ ਡੱਬੀ ਹੈ ਉਸ ਦੀ ਡੱਬੀ ਦੇ ਵਿੱਚ ਇੱਕ ਗ਼ੁਲਾਬ ਦਾ ਫ਼ੁੱਲ ਹੈ। ਹਾਂ, ਗ਼ੁਲਾਬ ਦਾ ਫ਼ੁੱਲ, ਤੇ ਉਸ ਗ਼ੁਲਾਬ ਦੇ ਫ਼ੁੱਲ ਵਿੱਚ ਇਹ ਖ਼ੂਬੀ ਹੈ ਕਿ ਉਹ ਫ਼ੁੱਲ ਕਦੇ ਨਹੀਂ ਕੁਮਲਾਉਂਦਾ। ਸਦਾ ਤਾਜ਼ਾ ਤੇ ਮਹਿਕਿਆ ਰਹਿੰਦਾ ਹੈ। ਜੇ ਤੂੰ ਉਸ ਆਦਮੀ ਕੋਲ਼ੋਂ ਉਹ ਗ਼ੁਲਾਬ ਦਾ ਫ਼ੁੱਲ ਲੈ ਆਏਂ ਤੇ ਉਹ ਮੈਨੂੰ ਛੁਹਾਏਂ ਤਾਂ ਮੈਂ ਵੀ ਫ਼ੁੱਲ ਵਾਂਗ ਹਲਕਾ ਹੋ ਜਾਵਾਂਗਾ। ਫੇਰ ਤੂੰ ਮੈਨੂੰ ਆਪਣੇ ਹੱਥ ਵਿੱਚ ਚੁੱਕ ਲਈਂ ਤੇ ਮੈਂ ਇਹਨਾਂ ਜ਼ਾਲਮ ਦਿਓਆਂ ਨੂੰ ਮਾਰ ਸੁੱਟਾਂਗਾ।"

"ਹਿਸ਼, ਔਹ ਬੂਹਾ ਖੁੱਲ੍ਹਿਆ" ਸੰਖ ਨੇ ਕਿਹਾ।

ਮੋਹਨ ਝੱਟ ਮੁੜਿਆ, ਪਰ ਬੂਹਾ ਦਿਓ ਨੇ ਖੋਲ੍ਹ ਲਿਆ ਸੀ ਤੇ ਉਸ ਨੇ ਮੋਹਨ ਨੂੰ ਵੇਖ ਲਿਆ। ਚਿੱਟੇ ਸਿੰਗਾਂ ਵਾਲ਼ੇ ਦਿਓ ਇੱਕ ਖ਼ੁਸ਼ੀ ਦੀ ਚੀਕ ਮਾਰ ਕੇ ਮੋਹਨ ਨੂੰ ਆਪਣੀ ਮੁੱਠੀ ਵਿੱਚ ਘੁੱਟਣ ਹੀ ਲੱਗਾ ਸੀ ਕਿ ਸੰਖ ਨੇ ਹੌਲ਼ੀ ਜਿਹੀ ਕਿਹਾ–

"ਦਿਓ ਜੀ ਮਹਾਰਾਜ, ਇਸ ਬੱਚੇ ਨੂੰ ਛੱਡ ਦਿਓ।"

"ਕਿਉਂ ?"

"ਇਹ ਤੁਹਾਡੀ ਵਾਦੀ ਦਾ ਬੱਚਾ ਨਹੀਂ ਹੈ। ਇਹ ਬਾਹਰੋਂ ਆਇਆ ਹੈ। ਇਹ ਸੁੱਤਿਆਂ ਆਦਮੀਆਂ ਦਾ ਬੱਚਾ ਨਹੀਂ ਹੈ। ਇਹ ਜਾਗਣ ਵਾਲ਼ੇ ਆਦਮੀਆਂ ਦਾ ਬੱਚਾ ਹੈ। ਮੈਂ ਇਸ ਨਾਲ਼ ਗੱਲਾਂ ਕਰਾਂਗਾ। ਤਾਂ ਮੇਰਾ ਦਿਲ ਲੱਗਿਆ ਰਹੇਗਾ। ਮੇਰਾ ਆਖਾ ਮੰਨੋ ਤਾਂ ਇਸ ਨੂੰ ਇੱਕ ਪਿੰਜਰੇ ਵਿੱਚ ਬੰਦ ਕਰਕੇ ਮੇਰੇ ਕੋਲ਼ ਰੱਖ ਦਿਓ। ਮੇਰਾ ਦਿਲ ਇਸ ਨਾਲ਼ ਗੱਲਾਂ ਕਰਨ ਨੂੰ ਕਰਦਾ ਏ।"

"ਪਰ ਮੇਰਾ ਦਿਲ ਇਸ ਨੂੰ ਖਾਣ ਨੂੰ ਕਰਦਾ ਏ।"

"ਜਦ ਮੇਰਾ ਜੀ ਇਸ ਨਾਲ਼ ਗੱਲਾਂ ਕਰਕੇ ਭਰ ਜਾਏਗਾ ਤਾਂ ਤੁਸੀਂ ਇਸ ਨੂੰ ਖਾ ਲੈਣਾ।"

"ਹਾਂ, ਇਹ ਠੀਕ ਏ," ਉਸ ਨੇ ਕਿਹਾ।

ਦਿਓ ਨੇ ਮੋਹਨ ਨੂੰ ਇੱਕ ਵੱਡੇ ਪਿੰਜਰੇ ਵਿੱਚ ਇਸ ਤਰ੍ਹਾਂ ਬੰਦ ਕਰ ਦਿੱਤਾ ਜਿਵੇਂ ਲੋਕ ਕਿਸੇ ਤੋਤੇ ਜਾਂ ਮੈਨਾ ਨੂੰ ਪਿੰਜਰੇ ਵਿੱਚ ਬੰਦ ਕਰਦੇ ਹਨ। ਫੇਰ ਉਸ ਨੂੰ ਸੰਖ ਦੇ ਸਾਹਮਣੇ ਰੱਖ ਦਿੱਤਾ ਤੇ ਬੂਹਾ ਬੰਦ ਕਰਕੇ ਚਲਾ ਗਿਆ।

## 11.

ਜਦ ਦੂਜਾ ਦਿਨ ਵੀ ਲੰਘ ਗਿਆ ਤੇ ਮੋਹਨ ਨਹੀਂ ਆਇਆ ਤਾਂ ਰਾਜਕੁਮਾਰੀ ਬਹੁਤ ਪ੍ਰੇਸ਼ਾਨ

ਹੋਈ ਤੇ ਬੁੱਢੇ ਨੂੰ ਕਹਿਣ ਲੱਗੀ, "ਰਤਾ ਜਾਦੂ ਦੇ ਸ਼ੀਸ਼ੇ ਵਿੱਚ ਵੇਖੋ ਖਾਂ, ਮੋਹਨ ਕਿੱਥੇ ਵੇ ?"

ਬੁੱਢੇ ਨੇ ਸ਼ੀਸ਼ੇ ਦੀਆਂ ਤਾਰਾਂ ਜੋੜੀਆਂ। ਸ਼ੀਸ਼ੇ ਦੀ ਸਤਹਿ ਪਹਿਲਾਂ ਤਾਂ ਧੁੰਦਲੀ ਪੈ ਗਈ, ਜਿਵੇਂ ਚੌਹਾਂ ਪਾਸਿਆਂ ਤੋਂ ਤੂਫ਼ਾਨ ਆ ਰਿਹਾ ਹੋਵੇ। ਪਰ ਕੁੱਝ ਚਿਰ ਪਿੱਛੋਂ ਸਤਹਿ ਆਪਣੇ ਆਪ ਸਾਫ਼ ਹੋ ਗਈ। ਹੁਣ ਸ਼ੀਸ਼ੇ ਵਿੱਚ ਇੱਕ ਪਿੰਜਰਾ ਲਟਕਿਆ ਹੋਇਆ ਦਿਸਿਆ। ਮੋਹਨ ਉਸ ਪਿੰਜਰੇ ਵਿੱਚ ਬੰਦ ਸੀ।

"ਮੋਹਨ !" ਰਾਜਕੁਮਾਰੀ ਜ਼ੋਰ ਨਾਲ਼ ਚੀਕੀ।

ਮੋਹਨ ਨੇ ਪਿੰਜਰੇ 'ਚੋਂ ਇੱਕ ਹੱਥ ਬਾਹਰ ਕੱਢ ਕੇ ਕਿਹਾ, "ਰਾਜਕੁਮਾਰੀ, ਮੈਨੂੰ ਬਚਾ।"

ਰਾਜਕੁਮਾਰੀ ਨੇ ਮੋਹਨ ਦਾ ਹੱਥ ਫੜਨ ਲਈ ਆਪਣਾ ਹੱਥ ਅੱਗੇ ਵਧਾਇਆ ਹੀ ਸੀ ਕਿ ਓਸੇ ਵੇਲ਼ੇ ਸ਼ੀਸ਼ੇ ਵਿੱਚ ਹਨੇਰਾ ਪਸਰ ਗਿਆ ਤੇ ਮੋਹਨ ਦਿਖਣੋਂ ਹਟ ਗਿਆ।

ਰਾਜਕੁਮਾਰੀ ਉਦਾਸ ਹੋ ਕੇ ਬੁੱਢੇ ਵੱਲ ਮੁੜੀ ਤੇ ਰੋ ਰੋ ਕੇ ਕਹਿਣ ਲੱਗੀ, "ਮੈਂ ਤੁਹਾਡੇ ਪੈਰੀਂ ਪੈਂਦੀ ਹਾਂ। ਮੋਹਨ ਨੂੰ ਕਿਸੇ ਤਰ੍ਹਾਂ ਬਚਾ ਲਓ।"

ਬੁੱਢੇ ਨੇ ਕਿਹਾ,"ਮੋਹਨ ਇੱਕੋ ਹਾਲਤ ਵਿੱਚ ਬਚ ਸਕਦਾ ਹੈ।"

"ਉਹ ਕਿਸ ਤਰ੍ਹਾਂ ?" ਰਾਜਕੁਮਾਰੀ ਨੇ ਪੁੱਛਿਆ।

"ਜੇ ਕੋਈ ਸੁੱਤੇ ਲੋਕਾਂ ਦੇ ਸ਼ਹਿਰ ਦੇ ਦਿਓਆਂ ਨੂੰ ਮਾਰ ਸੁੱਟੇ ਤੇ ਮੋਹਨ ਨੂੰ ਪਿੰਜਰੇ 'ਚੋਂ ਕੱਢ ਲਏ।"

"ਇਹਨਾਂ ਦਿਓਆਂ ਨੂੰ ਕਿਸ ਤਰ੍ਹਾਂ ਮਾਰਿਆ ਜਾ ਸਕਦਾ ਏ ?" ਰਾਜਕੁਮਾਰੀ ਨੇ ਪੁੱਛਿਆ।

"ਇਹਨਾਂ ਦਿਓਆਂ ਦੀ ਜਾਨ ਇੱਕ ਪਹਾੜੀ ਕਾਂ ਵਿੱਚ ਬੰਦ ਹੈ ਤੇ ਉਸ ਕਾਂ ਦਾ ਪਿੰਜਰਾ ਸੁੱਤੇ ਹੋਇਆਂ ਦੇ ਸ਼ਹਿਰ ਤੋਂ ਸੌ ਮੀਲ ਦੂਰ ਇੱਕ ਉੱਚੇ ਪਹਾੜ ਦੇ ਸਿਖਰ 'ਤੇ ਇੱਕ ਬਹੁਤ ਵੱਡੇ ਕਿਲੇ ਦੇ ਅੰਦਰ ਲਟਕਿਆ ਹੋਇਆ ਹੈ। ਜੇ ਕੋਈ ਉਸ ਕਾਂ ਦੀ ਚੁੰਝ ਵਿੱਚ ਫੜੀ ਹੋਈ ਚਾਂਦੀ ਦੀ ਡੱਬੀ ਖੋਲ੍ਹ ਕੇ ਉਸ ਚੋਂ ਗੁਲਾਬ ਦਾ ਫ਼ੁੱਲ ਕੱਢ ਲਏ ਤੇ ਕਾਂ ਨੂੰ ਮਾਰ ਸੁੱਟੇ ਤਾਂ ਸੁੱਤੇ ਹੋਇਆਂ ਦੇ ਸ਼ਹਿਰ ਦੇ ਸਾਰੇ ਦਿਓ ਮਰ ਜਾਣਗੇ। ਫੇਰ ਉਸ ਗ਼ੁਲਾਬ ਦੇ ਫ਼ੁੱਲ ਨੂੰ ਮੋਤੀਆਂ ਦੇ ਸੰਖ ਦੇ ਉੱਪਰ ਰੱਖ ਦਿੱਤਾ ਜਾਏ ਤਾਂ ਮੋਹਨ ਦਾ ਪਿੰਜਰਾ ਆਪਣੇ ਆਪ ਖੁੱਲ੍ਹ ਜਾਏਗਾ ਤੇ ਮੋਤੀਆਂ ਵਾਲ਼ਾ ਸੰਖ ਗ਼ੁਲਾਬ ਦੇ ਫ਼ੁੱਲ ਵਾਂਗ ਹੌਲ਼ਾ ਹੋ ਜਾਏਗਾ। ਫੇਰ ਉਹ ਸੰਖ ਲਿਆ ਕੇ ਪਾਦਰੀ ਨੂੰ ਦਿੱਤਾ ਜਾਏ ਤੇ ਪਾਦਰੀ ਤੋਂ ਉਸ ਦੇ ਗਲ਼ ਦਾ ਲਾਲ ਲੈ ਕੇ ਯੂਸਫ਼ ਦੀ ਜਾਨ ਬਚਾਈ ਜਾ ਸਕਦੀ ਹੈ।

ਰਾਜਕੁਮਾਰੀ ਰੋਣ ਲੱਗੀ ਤੇ ਬੋਲੀ,"ਇਹ ਸਭ ਕੁੱਝ ਇੱਕ ਦਿਨ ਵਿੱਚ ਤਾਂ ਕੀ, ਇੱਕ ਹਫ਼ਤੇ ਵਿੱਚ ਵੀ ਨਹੀਂ ਹੋ ਸਕਦਾ।"

ਬੁੱਢੇ ਨੇ ਉਸ ਨੂੰ ਹੌਂਸਲਾ ਦਿੱਤਾ ਤੇ ਕਿਹਾ,"ਜੇ ਤੂੰ ਕੋਈ ਰਾਜਕੁਮਾਰੀ ਏਂ ਤਾਂ ਇਸ ਕੰਮ ਨੂੰ ਨਹੀਂ ਕਰ ਸਕਦੀ। ਪਰ ਜੇ ਤੂੰ ਡਬਲਰੋਟੀ ਵਾਲ਼ੇ ਦੀ ਕੁੜੀ ਏਂ ਤਾਂ ਇਸ ਕੰਮ ਨੂੰ ਜ਼ਰੂਰ ਕਰ ਸਕਦੀ ਏਂ।"

ਰਾਜਕੁਮਾਰੀ ਨੇ ਕਿਹਾ, "ਮੈਂ ਸੱਚੀਂ ਮੁੱਚੀਂ ਡਬਲਰੋਟੀ ਵੇਚਣ ਵਾਲ਼ੇ ਦੀ ਕੁੜੀ ਹਾਂ।"

"ਤਾਂ ਇਹ ਮੇਰਾ ਡੰਡਾ ਲੈ ਜਾ।" ਬੁੱਢੇ ਨੇ ਆਪਣਾ ਖੰਭਾਂ ਵਾਲ਼ਾ ਡੰਡਾ ਉਸ ਦੇ ਹੱਥ ਵਿੱਚ ਦੇ ਕੇ ਕਿਹਾ, "ਏਸ ਵੇਲ਼ੇ ਪੈਦਲ ਤੁਰਨ ਨਾਲ਼ ਕੰਮ ਨਹੀਂ ਬਣਨਾ। ਇਸ ਡੰਡੇ 'ਤੇ ਘੋੜੇ ਵਾਂਗ ਸਵਾਰੀ ਕੀਤੀ ਜਾ ਸਕਦੀ ਏ। ਜਿੰਨਾ ਚਿਰ ਤੂੰ ਇਸ ਦੇ ਖੰਭਾਂ 'ਤੇ ਹੱਥ ਰੱਖੀ ਰੱਖੇਂਗੀ, ਇਹ ਹਵਾ ਵਿੱਚ ਉੱਡਦਾ ਜਾਏਗਾ। ਜਦ ਇਸ ਦੇ ਖੰਭਾਂ 'ਤੋਂ ਹੱਥ ਚੁੱਕ ਲਏਂਗੀ ਤਾਂ ਉੱਡਣੋ ਹਟ ਜਾਏਗਾ।"

ਰਾਜਕੁਮਾਰੀ ਨੇ ਡੰਡੇ 'ਤੇ ਹੱਥ ਰੱਖ ਕੇ ਕਿਹਾ, "ਚੱਲ, ਮੈਨੂੰ ਪਹਾੜੀ ਕਾਂ ਦੇ ਪਿੰਜਰੇ ਕੋਲ਼ ਲੈ ਚੱਲ।"

ਏਨਾ ਸੁਣਦੇ ਹੀ ਡੰਡੇ ਦੇ ਖੰਭ ਜ਼ੋਰ ਨਾਲ਼ ਫੜਫੜਾਉਣ ਲੱਗੇ। ਹੁਣ ਰਾਜਕੁਮਾਰੀ ਹਵਾ ਵਿੱਚ ਉੱਡਦੀ ਜਾ ਰਹੀ ਸੀ। ਉਲਟੇ ਰੁੱਖ ਦੀਆਂ ਟਹਿਣੀਆਂ ਮੀਲਾਂ ਤੱਕ ਉਸ ਦੀ ਨਜ਼ਰ ਦੇ ਥੱਲੇ ਫ਼ੈਲਦੀਆਂ ਜਾ ਰਹੀਆਂ ਸਨ। ਕੁੱਝ ਚਿਰ ਪਿੱਛੋਂ ਡੰਡਾ ਇੱਕ ਪਾਸੇ ਨੂੰ ਮੁੜ ਗਿਆ। ਹੁਣ ਉਹ ਡੂੰਘੀ ਗ਼ਾਰ ਵਿੱਚੋਂ ਲੰਘ ਰਿਹਾ ਸੀ। ਰਾਜਕੁਮਾਰੀ ਨੂੰ ਬੜਾ ਡਰ ਲੱਗਾ। ਪਰ ਉਹ ਡੰਡੇ ਦੇ ਖੰਭਾਂ 'ਤੇ ਹੱਥ ਰੱਖੀ ਬੈਠੀ ਰਹੀ। ਕੁੱਝ ਚਿਰ ਪਿੱਛੋਂ ਉਹ ਸੁੱਤਿਆਂ ਦੇ ਸ਼ਹਿਰ ਦੀ ਵਾਦੀ ਉੱਤੇ ਉੱਡ ਰਹੀ ਸੀ। ਉੱਪਰ, ਹੋਰ ਉੱਪਰ, ਡੰਡਾ ਬੱਦਲਾਂ ਵਿੱਚ ਗ਼ਾਇਬ ਹੋ ਗਿਆ। ਹੁਣ ਚੁਫ਼ੇਰੇ ਧੁੰਦ ਹੀ ਧੁੰਦ ਸੀ। ਬੱਦਲ ਏਧਰ ਓਧਰ ਉੱਡਦੇ ਹੋਏ ਸਾਨ੍ਹਾਂ ਵਾਂਗ ਇੱਕ ਦੂਜੇ ਨਾਲ਼ ਟਕਰਾ ਰਹੇ ਸਨ। ਬਿਜਲੀ ਕੜਕਦੀ। ਬੱਦਲ ਗਰਜਣ ਲੱਗਦੇ। ਰਾਜਕੁਮਾਰੀ ਦੇ ਸਾਰੇ ਕੱਪੜੇ ਪਾਣੀ ਨਾਲ਼ ਭਿੱਜ ਗਏ। ਪਰ ਉਹ ਬੜੀ ਮਜ਼ਬੂਤੀ ਨਾਲ਼ ਖੰਭਾਂ 'ਤੇ ਹੱਥ ਰੱਖੀ ਬੈਠੀ ਰਹੀ। ਅੰਤ ਉਹ ਬੱਦਲਾਂ ਤੋਂ ਵੀ ਉੱਤੇ ਉੱਡਣ ਲੱਗੀ। ਫੇਰ ਉਸ ਨੇ ਵੇਖਿਆ, ਕਿ ਬੱਦਲਾਂ ਦੇ ਉੱਪਰ ਇੱਕ ਪਹਾੜ ਹੈ। ਉਸ ਪਹਾੜ 'ਤੇ ਨਾ ਕਿਤੇ ਰੁੱਖ ਹੈ, ਨਾ ਘਾਹ ਹੈ। ਬੱਸ ਚੁਫੇਰੇ ਬਰਫ਼ ਹੀ ਬਰਫ਼ ਹੈ ਤੇ ਵੱਡੀਆਂ ਵੱਡੀਆਂ ਚਟਾਨਾਂ ਦੇ ਉੱਪਰ ਕਿਤੇ ਕਿਤੇ ਆਦਮੀਆਂ ਦੀਆਂ ਹੱਡੀਆਂ ਤੇ ਪਿੰਜਰ ਖਿੰਡਰੇ ਪਏ ਹਨ ਤੇ ਇਹ ਪਿੰਜਰ ਪਹਾੜ ਦੀਆਂ ਢਲਾਨਾਂ ਤੋਂ ਲੈ ਕੇ ਉਸ ਦੇ ਸਿਖਰ ਤੱਕ ਪਸਰੇ ਹੋਏ ਹਨ।

ਰਾਜਕੁਮਾਰੀ ਹੁਣ ਪਹਾੜ ਦੇ ਸਿਖਰ ਵੱਲ ਵਧ ਰਹੀ ਸੀ।

ਪਹਾੜ ਦੇ ਸਿਖਰ 'ਤੇ ਇੱਕ ਬੜਾ ਸੋਹਣਾ ਕਿਲਾ ਸੀ। ਉਹ ਸੋਨੇ ਵਾਂਗ ਚਮਕਦਾ ਹੋਇਆ ਦਿਖਦਾ ਸੀ। ਰਾਜਕੁਮਾਰੀ ਜਦ ਕਿਲੇ ਦੇ ਨੇੜੇ ਪੁੱਜੀ ਤਾਂ ਉਸ ਨੇ ਵੇਖਿਆ ਕਿ ਕਿਲਾ ਸੱਚੀਂ ਮੁੱਚੀਂ ਸੋਨੇ ਦਾ ਬਣਿਆ ਹੋਇਆ ਸੀ। ਕੰਧਾਂ, ਬੂਹੇ, ਪੌੜੀਆਂ, ਬਾਰੀਆਂ— ਹਰ ਚੀਜ਼ ਹੀ ਸੋਨੇ ਦੀ ਬਣੀ ਹੋਈ ਸੀ।

ਸਭ ਤੋਂ ਉੱਚੇ ਬੁਰਜ 'ਤੇ ਸੁਨਹਿਰੀ ਪਰਦੇ ਸਰ-ਸਰਾ ਰਹੇ ਸਨ। ਉਸ ਬੁਰਜ ਦੀ ਛੱਤ ਨਾਲ਼ ਇੱਕ

ਜ਼ੰਜ਼ੀਰ ਲਟਕ ਰਹੀ ਸੀ। ਉਸ ਜ਼ੰਜੀਰ ਨਾਲ਼ ਇੱਕ ਪਿੰਜਰਾ ਲਟਕ ਰਿਹਾ ਸੀ। ਉਸ ਪਿੰਜਰੇ ਵਿੱਚ ਇੱਕ ਕਾਂ ਆਪਣੀ ਚੁੰਝ ਵਿੱਚ ਚਾਂਦੀ ਦੀ ਇੱਕ ਛੋਟੀ ਜਿਹੀ ਡੱਬੀ ਫੜੀ ਬੈਠਾ ਸੀ। ਬੁਰਜ ਦੇ ਫ਼ਰਸ਼ 'ਤੇ ਚੁਫੇਰੇ ਭਿਆਨਕ ਸ਼ੇਰ ਮੂੰਹ ਅੱਡੀ ਬੈਠੇ ਸਨ। ਰਾਜਕੁਮਾਰੀ ਨੂੰ ਵੇਖ ਕੇ ਉਹ ਗਰਜਣ ਲੱਗੇ।

ਰਾਜਕੁਮਾਰੀ ਨੇ ਡੰਡੇ ਨੂੰ ਡਰਦੇ ਹੋਏ ਕਿਹਾ,"ਉੱਪਰ ਉੱਡ।"

ਡੰਡਾ ਕਿਲੇ ਦੇ ਬਿਲਕੁਲ ਉੱਪਰ ਉੱਡਣ ਲੱਗਾ।

ਰਾਜਕੁਮਾਰੀ ਕੁੱਝ ਸੋਚਣ ਲੱਗੀ। ਕੁੱਝ ਚਿਰ ਪਿੱਛੋਂ ਉਸ ਨੇ ਡੰਡੇ ਨੂੰ ਫੇਰ ਕਿਹਾ,"ਮੈਨੂੰ ਕਿਲੇ ਦੇ ਬੂਹੇ ਤੱਕ ਲੈ ਚੱਲ।"

ਡੰਡਾ ਚੱਕਰ ਲਾਉਂਦਾ ਹੋਇਆ ਹੇਠਾਂ ਉੱਤਰਨ ਲੱਗਾ।

ਜਦ ਉਹ ਕਿਲੇ ਦੇ ਬੂਹੇ ਕੋਲ਼ ਪੁੱਜੀ ਤਾਂ ਰਾਜਕੁਮਾਰੀ ਨੇ ਖੰਭਾਂ ਉੱਤੋਂ ਹੱਥ ਚੁੱਕ ਲਿਆ। ਡੰਡਾ ਉਸ ਵੇਲ਼ੇ ਕਿਲੇ ਦੀਆਂ ਪੌੜੀਆਂ 'ਤੇ ਰੁਕ ਗਿਆ ਤੇ ਰਾਜਕੁਮਾਰੀ ਠੋਕਰ ਖਾਂਦੀ ਖਾਂਦੀ ਬਚੀ। ਡੰਡੇ ਨੂੰ ਹੱਥ ਵਿੱਚ ਫੜੀ ਰਾਜਕੁਮਾਰੀ ਪੌੜੀਆਂ ਚੜ੍ਹਦੀ ਹੋਈ ਕਿਲੇ ਦੇ ਬੂਹੇ ਕੋਲ਼ ਆਈ ਤੇ ਉਸ ਨੇ ਵੇਖਿਆ ਕਿ ਬੂਹਾ ਖੁੱਲ੍ਹਾ ਸੀ।

ਰਾਜਕੁਮਾਰੀ ਕਿਲੇ ਦੇ ਅੰਦਰ ਦਾਖ਼ਲ ਹੋ ਕੇ ਏਧਰ ਓਧਰ ਵੇਖਣ ਲੱਗੀ। ਕਿਤੇ ਕੋਈ ਆਦਮੀ ਵਖਾਲੀ ਨਾ ਦਿੱਤਾ। "ਕੋਈ ਹੈ ?" ਰਾਜਕੁਮਾਰੀ ਨੇ ਕਿਹਾ ਤੇ ਅੱਗੋਂ ਗੁੰਬਦ ਦੀ ਅਵਾਜ਼ ਆਈ, "ਕੋਈ ਹੈ ?" ਫੇਰ ਚੁਫੇਰੇ ਸੱਨਾਟਾ ਛਾ ਗਿਆ।

ਰਾਜਕੁਮਾਰੀ ਡਰਦੀ ਡਰਦੀ ਅੱਗੇ ਵਧੀ। ਵੱਡੇ ਹਾਲ 'ਚੋਂ ਲੰਘ ਕੇ ਉੱਚੀਆਂ ਪੌੜੀਆਂ ਦੀ ਇੱਕ ਲੰਮੀ ਪਾਲ਼ ਆਉਂਦੀ ਸੀ। ਉੱਥੇ ਬਹੁਤ ਸਾਰੇ ਆਦਮੀਆਂ ਦੇ ਪਿੰਜਰ ਪਏ ਸਨ। ਰਾਜਕੁਮਾਰੀ ਇਹ ਪੌੜੀਆਂ ਵੀ ਚੜ੍ਹ ਗਈ। ਪੌੜੀਆਂ ਦੇ ਉੱਪਰਲਾ ਬੂਹਾ ਬੰਦ ਸੀ। ਰਾਜਕੁਮਾਰੀ ਨੇ ਜ਼ੋਰ ਲਾ ਕੇ ਬੂਹਾ ਖੋਲ੍ਹਣਾ ਚਾਹਿਆ। ਪਰ ਬੂਹਾ ਖੁੱਲ੍ਹਾ ਨਹੀਂ। ਜਦ ਉਹ ਬੂਹੇ ਨੂੰ ਧੱਕ ਰਹੀ ਸੀ, ਉਸ ਦਾ ਡੰਡਾ ਚਾਣਚੱਕ ਬੂਹੇ ਨੂੰ ਛੋਹ ਗਿਆ। ਉਸੇ ਵੇਲ਼ੇ ਬੂਹਾ ਚਰ-ਰ-ਰ ਕਰਕੇ ਆਪਣੇ ਆਪ ਖੁੱਲ੍ਹਣ ਲੱਗਾ।

ਰਾਜੁਕਮਾਰੀ ਸਹਿਜੇ ਸਹਿਜੇ ਅੰਦਰ ਦਾਖਿਲ ਹੋਈ। ਉਹ ਇੱਕ ਬਹੁਤ ਸ਼ਾਨਦਾਰ ਕਮਰਾ ਸੀ। ਛੱਤ 'ਤੇ ਹੀਰਿਆਂ ਦੇ ਫ਼ਾਨੂਸ ਹਿੱਲ ਰਹੇ ਸਨ। ਸੋਨੇ ਦੀਆਂ ਕੰਧਾਂ ਸਨ। ਉਹਨਾਂ 'ਚੋਂ ਨਿੰਮਾ ਨਿੰਮਾ ਚਾਨਣ ਛਣ ਕੇ ਅੰਦਰ ਆ ਰਿਹਾ ਸੀ। ਰਾਜਕੁਮਾਰੀ ਦੇ ਕਦਮ ਇੱਕ ਬਹੁਤ ਹੀ ਸੁਹਣੇ ਬੂਹੇ ਕੋਲ਼ ਆ ਕੇ ਰੁਕ ਗਏ। ਉਹ ਬੂਹਾ ਨੀਲਮਾਂ ਦਾ ਬਣਿਆ ਹੋਇਆ ਸੀ। ਰਾਜਕੁਮਾਰੀ ਨੇ ਵੇਖਿਆ ਕਿ ਕਮਰੇ ਵਿੱਚ ਕੋਈ ਨਹੀਂ ਸੀ।

ਉਸ ਨੇ ਚੀਕ ਕੇ ਕਿਹਾ,"ਕੋਈ ਹੈ ?"

"ਕੋਈ ਹੈ ?" ਉਸ ਦੀ ਅਵਾਜ਼ ਗੁੰਬਦ ਨਾਲ਼ ਟਕਰਾ ਕੇ ਪਰਤ ਆਈ।

ਫੇਰ ਥੋੜੇ ਚਿਰ ਪਿੱਛੋਂ ਚੁਫੇਰਿਉਂ ਉੱਚੀ ਉੱਚੀ ਹੱਸਣ ਦੀ ਅਵਾਜ਼ ਆਉਣ ਲੱਗੀ,"ਹਾ-ਹਾ-ਹਾ-... ਕਿਸ ਨੂੰ ਲੱਭਦੀ ਏਂ ? ਹਾ-ਹਾ-ਹਾ... ਤੂੰ ਕਿਸ ਨੂੰ ਲੱਭਦੀ ਏਂ ? ਹਾ-ਹਾ-ਹਾ..ਅੰਦਰ ਆ ਜਾ।"

ਰਾਜਕੁਮਾਰੀ ਡਰਦੀ ਡਰਦੀ ਅੱਗੇ ਵਧੀ। ਉਸ ਕਮਰੇ ਵਿੱਚ ਇੱਕ ਸੋਨੇ ਦਾ ਰੁੱਖ ਉੱਗਿਆ ਹੋਇਆ ਸੀ। ਉਸ ਦੀਆਂ ਟਹਿਣੀਆਂ ਨਾਲ਼ ਹੀਰੇ ਜਗ ਮਗ ਜਗ ਮਗ ਕਰ ਰਹੇ ਸਨ। ਸੋਨੇ ਦੀਆਂ ਕੰਧਾਂ ਨਾਲ਼ ਜਾਲ਼ੇ ਲੱਗੇ ਹੋਏ ਸਨ। ਪਰ ਉਹ ਵੀ ਸੋਨੇ ਦੇ ਸਨ। ਮੇਜ਼, ਕੁਰਸੀਆਂ, ਗੁਲ-ਦਾਨ ਹਰ ਚੀਜ਼ ਸੋਨੇ ਦੀ ਸੀ। ਉਹਨਾਂ ਉੱਤੇ ਧੂੜ ਪਈ ਹੋਈ ਸੀ। ਰਾਜਕੁਮਾਰੀ ਨੇ ਹੱਥ ਲਾ ਕੇ ਵੇਖਿਆ, ਉਹ ਧੂੜ ਵੀ ਸੋਨੇ ਦੀ ਸੀ।

ਇੱਕ ਸੁਨਹਿਰੇ ਬਿਸਤਰੇ 'ਤੇ ਇੱਕ ਕੁੜੀ ਲੰਮੀ ਪਈ ਹੋਈ ਸੀ। ਉਸ ਦੇ ਵਾਲ਼ ਸੁਨਹਿਰੀ, ਉਸ ਦੀਆਂ ਗੱਲ੍ਹਾਂ ਸੁਨਹਿਰੀ, ਬੁੱਲ੍ਹ ਸੁਨਹਿਰੀ। ਉਹ ਸੋਨੇ ਦੀ ਮੂਰਤੀ ਜਾਪਦੀ ਸੀ। ਉਹ ਸੁੱਤੀ ਹੋਈ ਸੀ।

ਰਾਜਕੁਮਾਰੀ ਨੇ ਉਸ ਨੂੰ ਜਗਾਉਣਾ ਚਾਹਿਆ। ਪਰ ਜਦ ਉਸ ਨੂੰ ਹਿਲਾਉਣ ਲਈ ਹੱਥ ਲਾਇਆ ਤਾਂ ਉਸ ਨੂੰ ਇਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਉਹ ਕੁੜੀ ਸੱਚੀਂ ਮੁੱਚੀਂ ਸੋਨੇ ਦੀ ਬਣੀ ਹੋਈ ਸੀ ਉਸ ਦੇ ਬਿਸਤਰੇ ਦੇ ਕੋਲ਼ ਹੀ ਇੱਕ ਅਰਾਮ ਕੁਰਸੀ ਪਈ ਸੀ। ਉਸ 'ਤੇ ਇੱਕ ਬੁੱਢਾ ਆਦਮੀ ਲੰਮਾ ਪਿਆ ਹੋਇਆ ਸੀ।

ਰਾਜਕੁਮਾਰੀ ਨੇ ਚੀਕ ਕੇ ਕਿਹਾ,"ਬਾਪੂ!"

ਪਰ ਨਹੀਂ, ਉਹ ਉਸਦਾ ਪਿਓ ਨਹੀਂ। ਪਹਿਲੀ ਨਜ਼ਰੇ ਉਹ ਉਸ ਨੂੰ ਆਪਣਾ ਪਿਓ ਹੀ ਜਾਪਿਆ। ਰਾਜਕੁਮਾਰੀ ਨੇ ਇੱਕ ਕਦਮ ਅੱਗੇ ਵਧਾਇਆ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਬੁੱਢਾ ਜੌਹਰੀ ਸੀ।

"ਜੌਹਰੀ! ਰਾਜਕੁਮਾਰੀ ਨੇ ਕਿਹਾ ਤੇ ਓਸੇ ਵੇਲ਼ੇ ਪਿਛਾਂਹ ਹਟ ਗਈ, ਕਿਉਂਕਿ ਹੁਣ ਉਸ ਬੁੱਢੇ ਦੇ ਚਿਹਰੇ ਵਿੱਚ ਨੀਲਾਮ ਕਰਨ ਵਾਲ਼ੇ ਜ਼ਾਲਿਮ ਆਦਮੀ ਦਾ ਚਿਹਰਾ ਦਿਖ ਰਿਹਾ ਸੀ।

"ਜ਼ਾਲਿਮ! ਜ਼ਾਲਿਮ!" ਰਾਜਕੁਮਾਰੀ ਨੇ ਚੀਕ ਕੇ ਕਿਹਾ।

"ਡਰ ਨਾ," ਕਿਸੇ ਨੇ ਕੋਲ਼ੋਂ ਹੀ ਹੱਸ ਕੇ ਕਿਹਾ,"ਇਹ ਆਦਮੀ ਤੈਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ। ਇਹ ਸਾਰੇ ਦਾ ਸਾਰਾ ਸੋਨੇ ਦਾ ਬਣਿਆ ਹੋਇਆ ਹੈ।"

ਰਾਜਕੁਮਾਰੀ ਨੇ ਮੁੜ ਕੇ ਦੇਖਿਆ, ਪਰ ਉਸ ਨੂੰ ਉੱਥੇ ਕੋਈ ਆਦਮੀ ਵਖਾਲੀ ਨਾ ਦਿੱਤਾ।

ਰਾਜਕੁਮਾਰੀ ਨੇ ਚੀਕ ਕੇ ਕਿਹਾ, "ਤੂੰ ਕੌਣ ਏਂ ? ਕਿੱਥੇ ਲੁਕਿਆ ਹੋਇਆ ਏਂ ? ਸਾਹਮਣੇ ਆ ਕੇ ਗੱਲ ਕਰ।"

"ਮੈਂ ਏਥੇ ਤੇਰੇ ਸਾਹਮਣੇ ਤਾਂ ਬੈਠਾ ਹੋਇਆ ਹਾਂ।"

"ਕਿੱਥੇ ?"

"ਏਥੇ, ਤੇਰੇ ਸਾਹਮਣੇ।"

ਪਰ ਰਾਜਕੁਮਾਰੀ ਦੇ ਸਾਹਮਣੇ ਤਾਂ ਕੁੱਝ ਵੀ ਨਹੀਂ ਸੀ। ਬੱਸ ਉਸ ਦੇ ਲਾਗੇ ਹੀ ਇੱਕ ਤਿਪਾਈ ਤੇ ਸਿਤਾਰ ਪਈ ਸੀ ਜਿਸ ਦੀਆਂ ਤਾਰਾਂ ਆਪਣੇ ਆਪ ਹਿਲਦੀਆਂ ਹੋਈਆਂ ਜਾਪਦੀਆਂ ਸਨ।

"ਕੀ ਤੂੰ ਬੋਲਦੀ ਏਂ ?" ਰਾਜਕੁਮਾਰੀ ਨੇ ਹੈਰਾਨੀ ਨਾਲ਼ ਪੁੱਛਿਆ।

"ਹਾਂ, ਮੈਂ ਬੋਲਣ ਵਾਲ਼ੀ ਸਿਤਾਰ ਹਾਂ।"

"ਆਖ਼ਿਰ ਇਹ ਸਭ ਕੀ ਮਾਮਲਾ ਏ, ਭੈਣ ?"

ਸਿਤਾਰ ਨੇ ਹੱਸ ਕੇ ਕਿਹਾ,"ਸਿਤਾਰ ਕਦੇ ਭੈਣ ਹੋ ਸਕਦੀ ਏ ? ਮੈਂ ਤਾਂ ਇੱਕ ਨਿਰਜ਼ਿੰਦ ਸਿਤਾਰ ਹਾਂ।"

"ਪਰ ਉਹ ਕੁੜੀ ਕੌਣ ਏ ?"

"ਇਹ ਕੁੜੀ ਇਸ ਬੁੱਢੇ ਦੀ ਧੀ ਏ।"

"ਇਹ ਤਾਂ ਸੋਨੇ ਦੀ ਏ! ਉਸ ਨੂੰ ਕੀ ਹੋਇਆ ਏ ?"

"ਇਸ ਕਿਲੇ ਦੇ ਅੰਦਰ ਹਰ ਚੀਜ਼ ਸੋਨੇ ਦੀ ਏ। ਕੁਕੜੀਆਂ ਸੋਨੇ ਦੀਆਂ ਹਨ ਤੇ ਸੋਨੇ ਦੇ ਅੰਡੇ ਦਿੰਦੀਆਂ ਹਨ। ਫ਼ੁਵਾਰੇ ਸੋਨੇ ਦੇ ਹਨ ਤੇ ਉਹਨਾਂ 'ਚੋਂ ਸੋਨੇ ਦਾ ਪਾਣੀ ਨਿੱਕਲ਼ਦਾ ਏ। ਰੁੱਖ, ਫ਼ੁੱਲ, ਪੱਤੇ ਹਰ ਚੀਜ਼ ਸੋਨੇ ਦੀ ਹੈ। ਏਥੋਂ ਤੱਕ ਕਿ ਜੇ ਕਿਸੇ ਕਮਰੇ ਵਿੱਚ ਰੋਟੀ ਪਕਾਓ ਤਾਂ ਉਹ ਵੀ ਤਵੇ 'ਤੇ ਤਪ ਕੇ ਸੋਨੇ ਦੀ ਹੋ ਜਾਏਗੀ।"

"ਇੰਵ ਕਿਉਂ ਏ ?" ਰਾਜਕੁਮਾਰੀ ਨੇ ਬੜੀ ਹੈਰਾਨੀ ਨਾਲ਼ ਪੁੱਛਿਆ।

"ਇਹ ਬੁੱਢਾ ਜੋ ਕੁਰਸੀ 'ਤੇ ਪਿਆ ਏ ਨਾ," ਸਿਤਾਰ ਨੇ ਕਿਹਾ, "ਆਪਣੇ ਜ਼ਮਾਨੇ ਦਾ ਬਹੁਤ ਬੜਾ ਜ਼ਾਲਮ ਆਦਮੀ ਸੀ। ਪਾਰਸ ਪੱਥਰ ਉਸ ਨੇ ਲੱਭਿਆ ਸੀ।"

"ਪਾਰਸ ਪੱਥਰ ਕੀ ਹੁੰਦਾ ਏ ?"

"ਇਸ ਬੁੱਢੇ ਦੇ ਸੱਜੇ ਹੱਥ ਦੀ ਚੀਚੀ ਵਿੱਚ ਪਈ ਸੋਨੇ ਦੀ ਮੁੰਦਰੀ ਵਿੱਚ ਜੋ ਨਗ ਏ ਨਾ, ਉਹੀ ਪਾਰਸ ਪੱਥਰ ਏ। ਇਹ ਪੱਥਰ ਜਿਸ ਚੀਜ਼ ਨੂੰ ਵੀ ਛੋਹ ਜਾਏ, ਉਹ ਸੋਨੇ ਦੀ ਬਣ ਜਾਂਦੀ ਏ।"

ਰਾਜਕੁਮਾਰੀ ਅੱਗੇ ਵਧੀ।

ਤਦ ਸਿਤਾਰ ਨੇ ਚੀਕ ਕੇ ਕਿਹਾ,"ਹੱਥ ਨਾ ਲਾਈਂ, ਨਹੀਂ ਤਾਂ ਸੋਨੇ ਦੀ ਹੋ ਜਾਏਂਗੀ।"

ਰਾਜਕੁਮਾਰੀ ਪਿਛਾਂਹ ਹਟ ਗਈ ਤੇ ਕਹਿਣ ਲੱਗੀ, "ਪਰ ਇਹ ਆਦਮੀ ਤਾਂ ਜਿਉਂਦਾ ਏ। ਇਸ ਦਾ ਦਿਲ ਧੜਕ ਰਿਹਾ ਏ।"

"ਹਾਂ," ਸਿਤਾਰ ਨੇ ਕਿਹਾ, "ਇਸ ਦਾ ਸਾਰਾ ਸਰੀਰ ਸੋਨੇ ਦਾ ਬਣ ਚੁੱਕਾ ਏ, ਪਰ ਦਿਲ ਕਿਉਂਕਿ ਸੋਨੇ ਦਾ ਨਹੀਂ ਬਣਿਆ, ਇਸ ਲਈ ਇਹ ਆਦਮੀ ਹਾਲੇ ਜਿਉਂਦਾ ਹੈ।"

"ਇਸ ਦਾ ਦਿਲ ਸੋਨੇ ਦਾ ਕਿਉਂ ਨਹੀਂ ਬਣਿਆ ?"

"ਪਹਿਲਾਂ ਤਾਂ ਇਸ ਨੂੰ ਸੋਨੇ ਨਾਲ਼ ਬੜਾ ਮੋਹ ਸੀ। ਹਰ ਸ਼ੈ ਨੂੰ ਪਾਰਸ ਨਾਲ਼ ਛੋਹ ਕੇ ਸੋਨੇ ਦੀ ਬਣਾ ਦਿਆ ਕਰਦਾ ਸੀ। ਕਿਸੇ ਜ਼ਮਾਨੇ ਵਿੱਚ ਮੈਂ ਵੀ ਮਾਮੂਲੀ ਜਿਹੀ ਕੁੜੀ ਦੀ ਸਿਤਾਰ ਸਾਂ। ਹੁਣ ਸੋਨੇ ਦੀ ਹਾਂ ਤੇ ਬੜੀ ਬੋਝਲ ਬਣ ਗਈ ਹਾਂ। ਗੱਲਾਂ ਕਰਦਿਆਂ ਮੇਰੇ ਤਾਰ ਦੁੱਖਣ ਲਗਦੇ ਨੇ। ਹਾਂ ਤਾਂ ਮੈਂ ਕੀ ਕਹਿ ਰਹੀ ਸਾਂ ?"

"ਇਹੋ ਕਿ ਇਹ ਆਦਮੀ ਬੜਾ ਜ਼ਾਲਮ ਸੀ ਤੇ ਪਾਰਸ ਨਾਲ਼ ਹਰ ਸ਼ੈ ਨੂੰ ਸੋਨੇ ਦੀ ਬਣਾ ਦਿਆ ਕਰਦਾ ਸੀ।"

"ਹਾਂ, ਇੱਕ ਦਿਨ ਜਦ ਇਸ ਨੇ ਗ਼ਲਤੀ ਨਾਲ਼ ਆਪਣੀ ਧੀ ਨੂੰ ਪਾਰਸ ਨਾਲ਼ ਛੋਹ ਲਿਆ ਤਾਂ ਉਹ ਸੋਨੇ ਦੀ ਬਣ ਗਈ। ਤਦ ਇਸ ਆਦਮੀ ਨੂੰ ਸੋਨੇ ਨਾਲ਼ ਨਫ਼ਰਤ ਹੋ ਗਈ। ਇਸ ਨੇ ਹਜ਼ਾਰ ਯਤਨ ਕੀਤੇ ਕਿ ਆਪਣੀ ਧੀ ਨੂੰ ਮੁੜ ਲਹੂ ਮਾਸ ਦੀ ਕੁੜੀ ਬਣਾ ਸਕੇ, ਪਰ ਉਹ ਸੋਨੇ ਦੀ ਹੀ ਬਣੀ ਰਹੀ। ਕਿਸੇ ਚੀਜ਼ ਨੂੰ ਸੋਨੇ ਦੀ ਬਣਾਉਣਾ ਸੌਖਾ ਕੰਮ ਏ, ਪਰ ਸੋਨੇ ਨੂੰ ਲਹੂ ਮਾਸ ਵਿੱਚ ਬਦਲਣਾ ਅਸੰਭਵ ਏ। ਸੋ ਜਦ ਇਹ ਆਪਣੀ ਧੀ ਨੂੰ ਮੁੜ ਲਹੂ ਮਾਸ ਦੀ ਕੁੜੀ ਨਾ ਬਣਾ ਸਕਿਆ ਤਾਂ ਇਸ ਨੇ ਖ਼ੁਦ ਨੂੰ ਵੀ ਪਾਰਸ ਨਾਲ਼ ਛੋਹ ਲਿਆ ਤੇ ਇਸ ਦਾ ਸਰੀਰ ਸੋਨੇ ਦਾ ਬਣ ਗਿਆ। ਪਰ ਕਿਉਂਕਿ ਇਸ ਦੇ ਦਿਲ ਵਿੱਚ ਸੋਨੇ ਨਾਲ਼ ਨਫ਼ਰਤ ਪੈਦਾ ਹੋ ਚੁੱਕੀ ਸੀ, ਇਸ ਲਈ ਇਸ ਦਾ ਦਿਲ ਸੋਨੇ ਦਾ ਨਾ ਬਣ ਸਕਿਆ। ਉਹ ਹਾਲੀਂ ਤੀਕ ਧੜਕਦਾ ਏ। ਹਾਂ, ਹੁਣ ਤੂੰ ਇਹ ਦੱਸ ਕਿ ਏਥੇ ਕਿਵੇਂ ਆਈ ਏਂ ? ਕੀ ਪਾਰਸ ਪੱਥਰ ਲੱਭਣ ਆਈ ਏਂ ? ਕੀ ਰਾਹ ਵਿੱਚ ਹਜ਼ਾਰਾਂ ਲਾਲਚੀ ਲੋਕਾਂ ਦੇ ਪਿੰਜਰ ਨਹੀਂ ਵੇਖੇ ਜੋ ਇਸ ਪੱਥਰ ਦੀ ਭਾਲ਼ ਵਿੱਚ ਏਥੇ ਆਏ ਤੇ ਉਸ ਨੂੰ ਪਾਉਣ ਦੇ ਯਤਨਾਂ ਵਿੱਚ ਮਰ ਗਏ।"

"ਵੇਖੇ ਹਨ। ਪਰ ਮੈਨੂੰ ਪਾਰਸ ਪੱਥਰ ਨਹੀਂ ਚਾਹੀਦਾ। ਮੈਨੂੰ ਤਾਂ ਪਹਾੜੀ ਕਾਂ ਚਾਹੀਦਾ ਏ।"

"ਪਹਾੜੀ ਕਾਂ 'ਤੇ ਤਾਂ ਸ਼ੇਰਾਂ ਦਾ ਪਹਿਰਾ ਏ ਤੇ ਇਹ ਸ਼ੇਰ ਸਿਰਫ਼ ਇਸ ਬੁੱਢੇ ਦਾ ਕਿਹਾ ਮੰਨਦੇ ਹਨ। ਪਹਾੜੀ ਕਾਂ ਨੂੰ ਫੜਨ ਦਾ ਕੋਈ ਤਰੀਕਾ ਨਹੀਂ ਏ। ਹਾਂ, ਇੱਕ ਤਰੀਕਾ ਹੈ।"

"ਉਹ ਕਿਹੜਾ ?"

"ਪਹਾੜੀ ਦੇ ਨੇੜੇ ਤੇੜੇ ਤੂੰ ਕਿਤਿਓਂ ਪਾਣੀ ਲਿਆ ਸਕਨੀ ਏਂ ?"

"ਪਾਣੀ ? ਪਾਣੀ ਦੀ ਪਹਾੜਾਂ 'ਤੇ ਕੀ ਘਾਟ ਹੋ ਸਕਦੀ ਏ ? ਮੈਂ ਰਾਹ ਵਿੱਚ ਚਟਾਨਾਂ 'ਤੇ ਬਰਫ਼ ਹੀ ਬਰਫ਼ ਵੇਖੀ ਏ।"

"ਮੂਰਖੇ, ਉਹ ਤਾਂ ਸੋਨੇ ਦੀ ਬਰਫ਼ ਏ। ਇਸ ਪਹਾੜ ਦੇ ਜਿੰਨੇ ਚਸ਼ਮੇ ਹਨ, ਉਹ ਸਾਰੇ ਸੋਨੇ ਦੇ ਹਨ। ਉਹਨਾਂ ਵਿੱਚ ਪਾਣੀ ਦੀ ਥਾਂ ਪੰਘਰਿਆ ਹੋਇਆ ਸੋਨਾ ਏ। ਇਸ ਪਹਾੜ 'ਤੇ ਸਭ ਕੁੱਝ ਏ, ਪਰ ਪਾਣੀ ਨਹੀਂ ਏ।"

"ਪਾਣੀ ਕਿਉਂ ਚਾਹੀਦਾ ਏ?"

"ਜੇ ਤੂੰ ਕਿਤਿਓਂ ਪਾਣੀ ਲੈ ਆਵੇਂ... ਬੱਸ ਸਾਦਾ ਪਾਣੀ, ਉਸ ਨੂੰ ਇਸ ਆਦਮੀ ਤੇ ਇਸ ਦੀ ਧੀ 'ਤੇ ਛਿੜਕ ਦੇਵੇਂ ਤਾਂ ਇਹ ਦੋਵੇਂ ਮੁੜ ਕੇ ਜਿਉਂਦੇ ਬਣ ਜਾਣਗੇ। ਸੋਨੇ ਦੀ ਥਾਂ ਲਹੂ ਮਾਸ ਦੇ ਬਣ ਜਾਣਗੇ। ਫੇਰ ਤੂੰ ਇਸ ਬੁੱਢੇ ਕੋਲੋਂ ਪਹਾੜੀ ਕਾਂ ਮੰਗ ਸਕਦੀ ਏਂ। ਕਿਉਂਕਿ ਤੂੰ ਇਸ ਦੀ ਜਾਨ ਬਚਾਏਂਗੀ, ਉਹ ਤੈਨੂੰ ਪਹਾੜੀ ਕਾਂ ਜ਼ਰੂਰ ਦੇ ਦਏਗਾ।"

"ਤੂੰ ਇਸ ਬੁੱਢੇ ਦਾ ਪੱਖ ਕਿਉਂ ਪੂਰਦੀ ਏਂ?" ਰਾਜਕੁਮਾਰੀ ਨੇ ਪੁੱਛਿਆ।

"ਇਸ ਲਈ ਕਿ ਇਹ ਆਪਣੀ ਗ਼ਲਤੀ ਮੰਨ ਚੁੱਕਾ ਏ," ਸਿਤਾਰ ਨੇ ਕਿਹਾ। ਇਸ ਨੂੰ ਕਾਫ਼ੀ ਡੰਨ ਮਿਲ਼ ਚੁੱਕਾ ਏ ਤੇ ਮੈਂ ਇੱਕ ਰਹਿਮ-ਦਿਲ ਸਿਤਾਰ ਹਾਂ। ਮੁੜ ਕੇ ਗਾਉਣਾ ਚਾਹੁੰਦੀ ਹਾਂ। ਇੱਕ ਜ਼ਮਾਨਾ ਸੀ ਜਦ ਮੈਂ ਲੱਕੜ ਦੀ ਬਣੀ ਹੋਈ ਸਾਂ ਤੇ ਇਹ ਸੋਹਣੀ ਕੁੜੀ ਆਪਣੀਆਂ ਪਿਆਰੀਆਂ ਪਿਆਰੀਆਂ ਉਂਗਲ਼ਾਂ ਮੇਰੀਆਂ ਤਾਰਾਂ 'ਤੇ ਫੇਰ ਕੇ ਅਜਿਹੇ ਸੋਹਣੇ ਗੀਤ ਗਾਇਆ ਕਰਦੀ ਸੀ ਕਿ ਕੀ ਦੱਸਾਂ? ਮੈਂ ਉਹਨਾਂ ਦਿਨਾਂ ਨੂੰ ਮੁੜ ਕੇ ਵਾਪਸ ਲਿਆਉਣਾ ਚਾਹੁੰਦੀ ਹਾਂ। ਕਦੇ ਮੇਰੇ ਦਿਲ 'ਚੋਂ ਗੀਤ ਫ਼ੁੱਟਿਆ ਕਰਦੇ ਸਨ। ਪਰ ਹੁਣ ਮੈਂ ਗਾ ਨਹੀਂ ਸਕਦੀ। ਸਿਰਫ਼ ਬੋਲ ਹੀ ਸਕਦੀ ਹਾਂ।"

"ਗਾ ਕਿਉਂ ਨਹੀਂ ਸਕਦੀ?"

"ਗਾਉਣ ਲਈ ਸੋਹਣੀਆਂ ਉਂਗਲ਼ਾਂ ਦੀ ਲੋੜ ਪੈਂਦੀ ਏ... ਮਨੁੱਖ ਦੀਆਂ ਉਂਗਲ਼ਾਂ ਦੀ। ਸੋ ਇਸ ਕੁੜੀ ਨੂੰ ਮੁੜ ਕੇ ਜਿਵਾਉਣ ਲਈ ਹੁਣ ਪਾਣੀ ਦੀ ਲੋੜ ਏ। ਤੂੰ ਕਿਤਿਓਂ ਪਾਣੀ ਲੈ ਆ। ਜੇ ਤੂੰ ਪਾਣੀ ਲੈ ਆਵੇਂ ਤਾਂ ਮੈਂ ਉਸ ਦੇ ਬਦਲੇ ਤੈਨੂੰ ਪਾਰਸ ਪੱਥਰ, ਸੋਨੇ ਦੇ ਚਸ਼ਮੇ, ਸੋਨੇ ਦੀਆਂ ਕੁਕੜੀਆਂ, ਏਥੋਂ ਤੱਕ ਕਿ ਸੋਨੇ ਦਾ ਇਹ ਪੂਰਾ ਕਿਲਾ ਹੀ ਦੇ ਸਕਦੀ ਹਾਂ।"

"ਮੈਨੂੰ ਕੁੱਝ ਨਹੀਂ ਚਾਹੀਦਾ", ਰਾਜਕੁਮਾਰੀ ਨੇ ਕਿਹਾ। "ਮੈਨੂੰ ਸਿਰਫ਼ ਪਹਾੜੀ ਕਾਂ ਚਾਹੀਦਾ ਏ।"

ਰਾਜਕੁਮਾਰੀ ਡੰਡੇ 'ਤੇ ਸਵਾਰ ਹੋ ਗਈ ਤੇ ਉਸ ਦੇ ਖੰਭਾਂ 'ਤੇ ਹੱਥ ਰੱਖ ਕੇ ਬੋਲੀ, "ਛੇਤੀ ਨਾਲ਼ ਪਾਣੀ ਦੇ ਕਿਸੇ ਚਸ਼ਮੇ 'ਤੇ ਚੱਲ।"

ਡੰਡੇ ਦੇ ਖੰਭ ਫੜਫੜਾਏ। ਕੁੱਝ ਹੀ ਚਿਰ ਵਿੱਚ ਰਾਜਕੁਮਾਰੀ ਫੇਰ ਹਵਾ ਵਿੱਚ ਉੱਡੀ ਜਾ ਰਹੀ ਸੀ। ਫੇਰ ਉਹ ਪਹਾੜ ਦੀਆਂ ਘਾਟੀਆਂ ਵਿੱਚ ਉੱਤਰਨ ਲੱਗੀ ਤੇ ਫੇਰ ਹਨੇਰੇ ਵਿੱਚ ਅੱਗੇ ਵਧਣ ਲੱਗੀ। ਇਸ ਦੇ ਕੁੱਝ ਹੀ ਚਿਰ ਪਿੱਛੋਂ ਉਹ ਇੱਕ ਹਰਿਆਲੀ ਵਾਦੀ ਵਿੱਚ ਜਾ ਉੱਤਰੀ। ਉੱਥੇ ਲੰਮ ਸਲੰਮਾ ਘਾਹ



ਉੱਗਿਆ ਹੋਇਆ ਸੀ ਤੇ ਚੁਫੇਰੇ ਰੁੱਖ ਖੜੋਤੇ ਸਨ ਤੇ ਦੋ ਚਟਾਨਾਂ ਨੂੰ ਚੀਰ ਕੇ ਇੱਕ ਅਤਿ ਸੋਹਣਾ ਝਰਨਾ ਵਾਦੀ ਵਿੱਚ ਡਿੱਗ ਰਿਹਾ ਸੀ।

ਉਸ ਝਰਨੇ ਦੇ ਥੱਲੇ ਬਹੁਤ ਸਾਰੀਆਂ ਤੀਵੀਆਂ ਘੜਿਆਂ ਵਿੱਚ ਪਾਣੀ ਭਰ ਰਹੀਆਂ ਸਨ। ਰਾਜਕੁਮਾਰੀ ਨੇ ਝੱਟ ਇੱਕ ਪਾਣੀ ਦਾ ਭਰਿਆ ਘੜਾ ਚੁੱਕ ਲਿਆ ਤੇ ਇਸ ਤੋਂ ਪਹਿਲਾਂ ਕਿ ਉਸ ਨੂੰ ਕੋਈ ਤੀਵੀਂ ਫੜ ਸਕਦੀ, ਉਹ ਡੰਡੇ 'ਤੇ ਸਵਾਰ ਹੋ ਕੇ ਉੱਡ ਗਈ। ਤੀਵੀਆਂ ਹੈਰਾਨੀ ਨਾਲ਼ ਵੇਖਦੀਆਂ ਰਹਿ ਗਈਆਂ। ਕਈ ਤਾਂ ਬੇਹੋਸ਼ ਹੋ ਕੇ ਡਿੱਗ ਪਈਆਂ।

ਰਾਜਕੁਮਾਰੀ ਮੁੜ ਕਿਲੇ ਵਿੱਚ ਪੁੱਜੀ। ਰਾਹ ਵਿੱਚ ਉਹ ਜਿੱਥੇ ਪਿੰਜਰਾਂ 'ਤੇ ਪਾਣੀ ਛਿੜਕਦੀ ਗਈ, ਉਹ ਜਿਉਂਦੇ ਮਨੁੱਖ ਬਣਦੇ ਗਏ।

ਕਿਲੇ ਦੇ ਅੰਦਰ ਪੁੱਜ ਕੇ ਉਸ ਨੇ ਸਭ ਤੋਂ ਪਹਿਲਾਂ ਬੁੱਢੇ 'ਤੇ ਪਾਣੀ ਛਿੜਕਿਆ। ਬੁੱਢਾ ਜਿਉਂ ਪਿਆ ਤੇ ਸੋਨੇ ਦੀ ਥਾਂ ਲਹੂ ਮਾਸ ਦਾ ਬਣ ਗਿਆ। ਤਦ ਰਾਜਕੁਮਾਰੀ ਨੇ ਬੁੱਢੇ ਦੀ ਧੀ 'ਤੇ ਪਾਣੀ ਛਿੜਕਿਆ। ਉਹ ਵੀ ਜਿਉਂ ਪਈ ਤੇ ਆਪਣੇ ਪਿਉ ਵੱਲ ਵਧੀ। ਉਸ ਵੇਲ਼ੇ ਸਿਤਾਰ ਨੇ ਜ਼ੋਰ ਨਾਲ਼ ਕਿਹਾ, "ਖ਼ਬਰਦਾਰ, ਅੱਗੇ ਨਾ ਵਧੀਂ। ਇਸ ਦੇ ਹੱਥ ਵਿੱਚ ਹਾਲੀਂ ਵੀ ਪਾਰਸ ਪੱਥਰ ਏ।"

ਬੁੱਢੇ ਨੇ ਕਾਹਲ਼ੀ ਨਾਲ਼ ਆਪਣੀ ਉਂਗਲ਼ 'ਚੋਂ ਮੁੰਦਰੀ ਲਾਹ ਕੇ ਕਿਲੇ ਦੇ ਬਾਹਰ ਸੁੱਟ ਦਿੱਤੀ ਤੇ

ਆਪਣੀ ਧੀ ਵੱਲ ਦੋਵੇਂ ਹੱਥ ਵਧਾਏ ਤੇ ਉਸ ਨੂੰ ਬਾਹਾਂ 'ਚ ਲੈ ਕੇ ਆਪਣੀ ਛਾਤੀ ਨਾਲ਼ ਲਾ ਲਿਆ। ਫੇਰ ਉਹਨਾਂ ਦੋਵਾਂ ਨੇ ਰਾਜਕੁਮਾਰੀ ਦਾ ਧੰਨਵਾਦ ਕੀਤਾ ਤੇ ਜਦ ਰਾਜਕੁਮਾਰੀ ਨੇ ਆਪਣੀ ਮੰਗ ਉਹਨਾਂ ਦੇ ਸਾਹਮਣੇ ਰੱਖੀ ਤਾਂ ਬੁੱਢੇ ਨੇ ਬੜੀ ਖ਼ੁਸ਼ੀ ਨਾਲ਼ ਉਹ ਮਨਜ਼ੂਰ ਕਰ ਲਈ। ਉਹ ਆਪ ਉੱਪਰਲੇ ਬੁਰਜ 'ਚੋਂ ਪਹਾੜੀ ਕਾਂ ਦਾ ਪਿੰਜਰਾ ਲਿਆਉਣ ਲਈ ਗਿਆ।

ਉਸੇ ਵੇਲੇ ਫੇਰ ਸਿਤਾਰ ਨੇ ਕਿਹਾ, "ਮੈਨੂੰ ਏਥੇ ਹੀ ਛੱਡ ਚੱਲੇ ਓਂ ?"

ਰਾਜਕੁਮਾਰੀ ਨੇ ਸਿਤਾਰ ਵੱਲ ਵੇਖਿਆ ਤੇ ਉਸ 'ਤੇ ਵੀ ਪਾਣੀ ਛਿੜਕਿਆ। ਸਿਤਾਰ ਲੱਕੜ ਦੀ ਬਣ ਗਈ ਤੇ ਬੁੱਢੇ ਦੀ ਧੀ ਨੇ ਆਪਣੀ ਉਹ ਸਿਤਾਰ ਪਛਾਣ ਕੇ ਆਪਣੇ ਗਲ਼ ਨਾਲ਼ ਲਾ ਲਿਆ। ਉਸ ਦੀਆਂ ਅੱਖਾਂ ਚੋਂ ਹੰਝੂ ਡਿੱਗਣ ਲੱਗੇ ਤੇ ਸਿਤਾਰ ਦੀਆਂ ਤਾਰਾਂ 'ਤੇ ਵਹਿਣ ਲੱਗੇ। ਤਦ ਉਹਨਾਂ ਤਾਰਾਂ ਚੋਂ ਅਜਿਹਾ ਸੋਹਣਾ ਸੰਗੀਤ ਨਿੱਕਲ਼ਣ ਲੱਗਾ ਕਿ ਕਿਲੇ ਦਾ ਹਰ ਰੁੱਖ ਮੁੜ ਕੇ ਹਰਾ ਭਰਾ ਹੋ ਗਿਆ। ਸੋਨੇ ਦੇ ਪੱਤਿਆਂ ਦੀ ਥਾਂ ਹਰੇ ਪੱਤੇ ਲਹਿਰਾਉਣ ਲੱਗੇ। ਸੋਨੇ ਦੇ ਫ਼ੁੱਲਾਂ ਦੀਆਂ ਪੱਤੀਆਂ ਅਸਲੀ ਪੱਤੀਆਂ ਬਣ ਕੇ ਮਹਿਕਣ ਲੱਗੀਆਂ ਤੇ ਜਿੱਥੇ ਵੀਰਾਨ ਚੱਟਾਨਾਂ ਸਨ, ਉੱਥੇ ਘਾਹ ਉੱਗ ਆਇਆ ਤੇ ਸੋਨੇ ਦੇ ਚਸ਼ਮਿਆਂ ਵਿੱਚ ਸਾਦਾ ਪਾਣੀ ਵਗਣ ਲੱਗਾ।

ਸੋਨੇ ਦੀ ਵਾਦੀ ਵਿੱਚ ਮੁੜ ਕੇ ਬਹਾਰ ਆ ਗਈ।

ਉੱਪਰ ਬੁਰਜ ਵਿੱਚ ਜਾ ਕੇ ਬੁੱਢੇ ਨੇ ਉਸ ਹਰੇ ਭਰੇ ਦ੍ਰਿਸ਼ ਨੂੰ ਵੇਖਿਆ ਤਾਂ ਰਾਜਕੁਮਾਰੀ ਨੂੰ ਕਿਹਾ," ਹਾਂ, ਹੁਣ ਤੂੰ ਪਹਾੜੀ ਕਾਂ ਲੈ ਜਾ ਸਕਦੀ ਏਂ।"

"ਇਸ ਪਹਾੜੀ ਕਾਂ ਵਿੱਚ ਹੋਰ ਕੀ ਖ਼ਾਸ ਗੱਲ ਏ ?"

"ਇਸ ਦੀਆਂ ਅੱਖਾਂ ਵਿੱਚ ਪੁਤਲੀਆਂ ਦੀ ਥਾਂ ਪਾਰਸ ਪੱਥਰ ਹਨ। ਇਸ ਕਾਂ ਦੇ ਮਰਨ ਪਿੱਛੋਂ ਪਾਰਸ ਪੱਥਰ ਦੁਨੀਆਂ ਵਿੱਚ ਖ਼ਤਮ ਹੋ ਜਾਏਗਾ।"

ਬੁੱਢੇ ਨੇ ਪਿੰਜਰਾ ਲਾਹ ਕੇ ਰਾਜਕੁਮਾਰੀ ਦੇ ਹੱਥ ਵਿੱਚ ਫੜਾ ਦਿੱਤਾ।

ਰਾਜਕੁਮਾਰੀ ਡੰਡੇ 'ਤੇ ਸਵਾਰ ਹੋ ਕੇ ਕੁੱਝ ਹੀ ਚਿਰ ਵਿੱਚ ਸੁੱਤਿਆਂ ਦੇ ਸ਼ਹਿਰ ਵਿੱਚ ਪੁੱਜ ਗਈ। ਡੰਡਾ ਦਿਓਆਂ ਦੇ ਕਿਲੇ ਦੀਆਂ ਉੱਚੀਆਂ ਉੱਚੀਆਂ ਕੰਧਾਂ ਦੇ ਉੱਪਰ ਉੱਡਦਾ ਹੋਇਆ ਸਿੱਧਾ ਕਿਲੇ ਦੇ ਅੰਦਰ ਜਾ ਉੱਤਰਿਆ। ਕਿਲੇ ਦੇ ਅੰਦਰ ਪੁੱਜਦੇ ਹੀ ਦਿਓ "ਮਾਣਸ-ਗੰਧ' 'ਮਾਣਸ-ਗੰਧ' ਕਹਿੰਦੇ ਹੋਏ ਰਾਜਕੁਮਾਰੀ ਵੱਲ ਵਧੇ।

ਰਾਜਕੁਮਾਰੀ ਨੇ ਕਾਹਲ਼ੀ ਨਾਲ਼ ਪਿੰਜਰਾ ਖੋਹਲ ਕੇ ਕਾਂ ਦੀ ਚੁੰਝ ਵਿੱਚੋਂ ਚਾਂਦੀ ਦੀ ਡੱਬੀ ਕੱਢ ਲਈ ਤੇ ਕਾਂ ਦੇ ਦੋਵੇਂ ਖੰਭ ਧ੍ਰੂ ਕੇ ਤੋੜ ਸੁੱਟੇ।

ਖੰਭਾਂ ਦੇ ਟੁੱਟਦਿਆਂ ਹੀ ਦਿਓਆਂ ਦੀਆਂ ਬਾਹਵਾਂ ਵੀ ਟੁੱਟ ਕੇ ਡਿੱਗ ਪਈਆਂ। ਪੀੜ ਨਾਲ਼

ਚੀਕਦੇ ਹੋਏ ਉਹ ਰੌਲ਼ਾ ਪਾਉਣ ਲੱਗੇ ਤੇ ਰਾਜਕੁਮਾਰੀ ਵੱਲ ਵਧੇ। ਤਦ ਰਾਜਕੁਮਾਰੀ ਨੇ ਕਾਂ ਦੀਆਂ ਦੋਵੇਂ ਅੱਖਾਂ ਵਿੰਨ੍ਹ ਸੁੱਟੀਆਂ। ਓਸੇ ਵੇਲ਼ੇ ਦਿਓ ਵੀ ਅੰਨ੍ਹੇ ਹੋ ਗਏ। ਹੁਣ ਉਹਨਾਂ ਨੂੰ ਰਾਜਕੁਮਾਰੀ ਵਿਖਾਲੀ ਨਹੀਂ ਸੀ ਦੇ ਰਹੀ ਤੇ ਉਹ ਹਨੇਰੇ ਵਿੱਚ ਪਾਗਲਾਂ ਵਾਂਗ ਏਧਰ ਓਧਰ ਭੱਜਣ ਲੱਗੇ।

ਇੱਕ ਦਿਓ ਜਿਸ ਵਿੱਚ ਆਦਮੀ ਨੂੰ ਸੁੰਘਣ ਦੀ ਸ਼ਕਤੀ ਸਭ ਤੋਂ ਜ਼ਿਆਦਾ ਸੀ, ਢਹਿੰਦਾ ਉੱਠਦਾ ਕਿਸੇ ਨਾ ਕਿਸੇ ਤਰ੍ਹਾਂ ਰਾਜਕੁਮਾਰੀ ਕੋਲ਼ ਪੁੱਜ ਗਿਆ। ਉਸ ਨੇ ਆਪਣਾ ਪੈਰ ਰਾਜਕੁਮਾਰੀ ਦੇ ਸਰੀਰ ਉੱਤੇ ਰੱਖਣਾ ਚਾਹਿਆ। ਪਰ ਰਾਜਕੁਮਾਰੀ ਨੇ ਉਸ ਵੇਲ਼ੇ ਬੜੀ ਫ਼ੁਰਤੀ ਤੋਂ ਕੰਮ ਲਿਆ। ਉਹ ਝੱਟ ਘੁੰਮ ਕੇ ਇੱਕ ਪਾਸੇ ਹੋ ਗਈ ਤੇ ਉਸ ਨੇ ਕਾਂ ਨੂੰ ਲੱਤਾਂ ਤੋਂ ਫੜ ਲਿਆ ਤੇ ਵਿਚਕਾਰੋਂ ਚੀਰ ਸੁੱਟਿਆ। ਤਦੇ ਚੌਹੀਂ ਪਾਸੀਂ ਗਰਜਣ ਦੀ ਅਵਾਜ਼ ਪੈਦਾ ਹੋਈ। ਧਰਤੀ ਇੰਜ ਕੰਬੀ ਜਿਵੇਂ ਭੁਚਾਲ਼ ਆ ਗਿਆ ਹੋਵੇ।

ਕਿਲੇ ਦੇ ਬੁਰਜ ਟੁਕੜੇ ਟੁਕੜੇ ਹੋ ਕੇ ਡਿੱਗ ਪਏ ਤੇ ਰਾਜਕੁਮਾਰੀ ਵੀ ਭੁਚਾਲ ਦੇ ਧੱਕੇ ਨਾਲ਼ ਬੇਹੋਸ਼ ਹੋ ਕੇ ਡਿੱਗ ਪਈ।

ਥੋੜ੍ਹੇ ਚਿਰ ਪਿੱਛੋਂ ਜਦ ਉਸ ਨੂੰ ਸੁਰਤ ਆਈ ਤਾਂ ਉਸ ਨੇ ਵੇਖਿਆ ਕਿ ਉੱਥੇ ਨਾ ਕਿਲਾ ਹੈ, ਨਾ ਦਿਓ ਨਾ ਬੁਰਜ, ਨਾ ਖੰਦਕ। ਸਗੋਂ ਇੱਕ ਹਰਾ ਭਰਾ ਮੈਦਾਨ ਹੈ ਜਿਸ ’ਤੇ ਕੂਲ਼ਾ ਘਾਹ ਗਲੀਚੇ ਵਾਂਗ ਵਿਛਿਆ ਹੋਇਆ ਹੈ ਤੇ ਰੰਗ ਬਿਰੰਗੇ ਫ਼ੁੱਲ ਖਿੜੇ ਹੋਏ ਹਨ। ਉਸ ਮੈਦਾਨ ਦੇ ਵਿਚਕਾਰ ਇੱਕ ਮੇਜ਼ ਹੈ ਤੇ ਉਸ ਮੇਜ਼ ਤੇ ਉਹ ਮੋਤੀਆਂ ਵਾਲ਼ ਸੰਖ ਪਿਆ ਹੈ ਤੇ ਉਸ ਦੇ ਲਾਗੇ ਪਿੰਜਰਾ ਪਿਆ ਹੈ, ਜਿਸ ਵਿੱਚ ਮੋਹਨ ਬੰਦ ਹੈ।

ਮੋਹਨ ਨੂੰ ਵੇਖਦੇ ਹੀ ਰਾਜਕੁਮਾਰੀ ਭੱਜ ਕੇ ਪਿੰਜਰੇ ਵੱਲ ਗਈ, ਤੇ ਛੇਤੀ ਨਾਲ਼ ਪਿੰਜਰਾ ਖੋਲ੍ਹ ਕੇ ਮੋਹਨ ਨੂੰ ਅਜ਼ਾਦ ਕੀਤਾ।

ਫੇਰ ਉਸ ਨੇ ਚਾਂਦੀ ਦੀ ਡੱਬੀ ਵਿੱਚੋਂ ਗ਼ੁਲਾਬ ਦਾ ਫ਼ੁੱਲ ਕੱਢਿਆ ਤੇ ਉਸ ਨੂੰ ਸੰਖ ’ਤੇ ਰੱਖ ਦਿੱਤਾ।

ਸੰਖ ’ਤੇ ਰੱਖਦਿਆਂ ਹੀ ਗ਼ੁਲਾਬ ਦਾ ਫ਼ੁੱਲ ਗ਼ਾਇਬ ਹੋ ਗਿਆ ਤੇ ਸੰਖ ਬੜਾ ਹਲਕਾ ਹੋ ਗਿਆ। ਮੋਹਨ ਨੇ ਉਸ ਨੂੰ ਆਪਣੇ ਹੱਥਾਂ ਵਿੱਚ ਚੁੱਕ ਲਿਆ ਤੇ ਡੰਡੇ ਤੇ ਸਵਾਰ ਹੋ ਕੇ ਉਹ ਤੇ ਰਾਜਕੁਮਾਰੀ ਪਾਦਰੀ ਕੋਲ਼ ਪੁੱਜੇ ਤੇ ਉਸ ਦੇ ਹੱਥ ਵਿੱਚ ਸੰਖ ਫੜਾ ਦਿੱਤਾ।

ਪਾਦਰੀ ਸੰਖ ਲੈ ਕੇ ਬਹੁਤ ਖ਼ੁਸ਼ ਹੋਇਆ। ਉਸ ਨੇ ਸੰਖ ਨੂੰ ਕਿਹਾ, “ਉੱਠੋ, ਮੇਰੀ ਦੁਨੀਆਂ ਦੇ ਗ਼ਰੀਬਾਂ ਨੂੰ ਜਗਾ ਦਿਓ।”

ਪਰ ਸੰਖ ਵੱਜਿਆ ਨਹੀਂ।

ਪਾਦਰੀ ਨੇ ਗ਼ੁੱਸੇ ਨਾਲ਼ ਮੋਹਨ ਵੱਲ ਵੇਖਿਆ ਤੇ ਕਿਹਾ, “ਤੂੰ ਮੈਨੂੰ ਧੋਖਾ ਦਿੱਤਾ ਏ। ਇਹ ਅਸਲੀ ਮੋਤੀਆਂ ਵਾਲ਼ ਸੰਖ ਨਹੀਂ ਹੈ। ਤੂੰ ਕੋਈ ਨਕਲੀ ਸੰਖ ਲੈ ਆਇਆ ਏਂ।”

ਮੋਹਨ ਨੇ ਕਿਹਾ, "ਇਹ ਓਹੀ ਸੰਖ ਏ।"

"ਤਾਂ ਫੇਰ ਇਹ ਵੱਜਦਾ ਕਿਉਂ ਨਹੀਂ ਏ?"

ਮੋਹਨ ਨੇ ਸੰਖ ਚੁੱਕ ਕੇ ਉਸ ਨੂੰ ਏਧਰੋਂ ਓਧਰੋਂ ਵੇਖਿਆ। ਬਿਲਕੁਲ ਓਹੋ ਸੰਖ ਸੀ। ਉਸ ਨੇ ਸੰਖ ਨੂੰ ਪੁੱਛਿਆ, " ਤੂੰ ਵਜਦਾ ਕਿਉਂ ਨਹੀਂ?"

ਪਰ ਸੰਖ ਫੇਰ ਵੀ ਨਾ ਵੱਜਿਆ।

ਪਾਦਰੀ ਨੇ ਗ਼ੁੱਸੇ ਨਾਲ਼ ਕਿਹਾ, "ਜਾ, ਤੈਨੂੰ ਲਾਲ ਨਹੀਂ ਮਿਲ਼ੇਗਾ।"

ਰਾਜਕੁਮਾਰੀ ਨੇ ਸੰਖ ਮੋਹਨ ਦੇ ਹੱਥੋਂ ਲੈ ਕੇ ਆਪਣੇ ਬੁੱਲ੍ਹਾਂ ਨਾਲ਼ ਲਾ ਲਿਆ ਤੇ ਜ਼ੋਰ ਨਾਲ਼ ਉਸ ਵਿੱਚ ਫ਼ੂਕ ਮਾਰੀ।

ਚਾਣਚੱਕ ਸੰਖ ਜ਼ੋਰ ਜ਼ੋਰ ਨਾਲ਼ ਗਾਉਣ ਲੱਗਾ—

"ਉੱਠੋ, ਮੇਰੀ ਦੁਨੀਆਂ ਦੇ ਗ਼ਰੀਬਾਂ ਨੂੰ ਜਗਾ ਦਿਓ।"

ਉਸ ਦੀ ਅਵਾਜ਼ ਸਾਰੀ ਵਾਦੀ ਵਿੱਚ ਗੂੰਜ ਉੱਠੀ ਤੇ ਜਿੱਥੇ ਕਿੱਥੇ ਲੋਕ ਸੁੱਤੇ ਪਏ ਸਨ ਜਾਂ ਉਂਘਲਾ ਰਹੇ ਸਨ, ਉਹ ਸਾਰੇ ਇਹ ਅਵਾਜ਼ ਸੁਣ ਕੇ ਜਾਗ ਪਏ। ਖ਼ੁਸ਼ੀ ਸਦਕਾ ਉਹਨਾਂ ਦੀ ਅੱਖਾਂ ਵਿੱਚ ਹੰਝੂ ਆ ਗਏ। ਅੱਜ ਵਰ੍ਹਿਆਂ ਮਗਰੋਂ ਉਹ ਜਾਗੇ ਸਨ ਤੇ ਆਪਣੇ ਦੋਸਤਾਂ ਤੇ ਪਿਆਰਿਆਂ ਨੂੰ ਪਛਾਣ ਰਹੇ ਸਨ ਤੇ ਉਹਨਾਂ ਨੂੰ ਆਪਣੇ ਗਲ਼ ਨਾਲ਼ ਲਾ ਰਹੇ ਸਨ। ਸਾਰੀ ਵਾਦੀ ਵਿੱਚ ਬਹਾਰ ਆ ਗਈ ਤੇ ਸੰਖ ਜ਼ੋਰ ਜ਼ੋਰ ਨਾਲ਼ ਗਾ ਰਿਹਾ ਸੀ—

"ਉੱਠੋ, ਮੇਰੀ ਦੁਨੀਆਂ ਦੇ ਗ਼ਰੀਬਾਂ ਨੂੰ ਜਗਾ ਦਿਓ।"

ਪਾਦਰੀ ਨੇ ਖ਼ੁਸ਼ੀ ਨਾਲ਼ ਸੰਖ ਨੂੰ ਛਾਤੀ ਨਾਲ਼ ਘੁੱਟ ਲਿਆ ਤੇ ਬੋਲਿਆ, "ਮੈਂ ਸਮਝ ਗਿਆ। ਹੁਣ ਇਹ ਦਿਓਆਂ ਦਾ ਸੰਖ ਨਹੀਂ ਏ। ਇਹ ਮਨੁੱਖਾਂ ਦਾ ਸੰਖ ਏ। ਇਹ ਆਪ ਨਹੀਂ ਬੋਲੇਗਾ। ਇਸ ਵਿੱਚ ਮਨੁੱਖ ਦਾ ਸਾਹ ਤੇ ਮਨੁੱਖ ਦੀ ਮਿਹਨਤ ਬੋਲੇਗੀ।"

ਪਾਦਰੀ ਨੇ ਮੋਹਨ ਤੇ ਰਾਜਕੁਮਾਰੀ ਵੱਲ ਵੇਖਿਆ ਤੇ ਆਪਣੇ ਗਲ਼ 'ਚੋਂ ਲਾਲ ਲਾਹ ਕੇ ਉਹਨਾਂ ਦੇ ਹਵਾਲੇ ਕਰ ਦਿੱਤਾ। ਰਾਜਕੁਮਾਰੀ ਤੇ ਮੋਹਨ ਡੰਡੇ 'ਤੇ ਸਵਾਰ ਹੋ ਕੇ ਉਸੇ ਵੇਲ਼ੇ ਪਰਤ ਗਏ ਕਿਉਂਕਿ ਸਮਾਂ ਬੜਾ ਘੱਟ ਸੀ ਤੇ ਸੂਰਜ ਪੱਛਮ ਵੱਲ ਜਾ ਰਿਹਾ ਸੀ।

## 12

ਥੋੜ੍ਹੇ ਚਿਰ ਪਿੱਛੋਂ ਮੋਹਨ ਤੇ ਰਾਜਕੁਮਾਰੀ ਉੱਡਦੇ ਹੋਏ ਸੱਪਾਂ ਦੇ ਸ਼ਹਿਰ ਵਿੱਚ ਬੁੱਢੇ ਕੋਲ਼ ਪੁੱਜ ਗਏ। ਸੂਰਜ ਹਾਲੀਂ ਡੁੱਬਿਆ ਨਹੀਂ ਸੀ, ਪਰ ਪੱਛਮ ਵੱਲ ਵੇਖ ਕੇ ਇੰਝ ਲਗਦਾ ਸੀ ਕਿ ਅੱਧੇ ਕੁ ਘੰਟੇ

ਵਿੱਚ ਉਸ ਨੇ ਡੁੱਬ ਜਾਣਾ ਸੀ। ਬੁੱਢੇ ਨੇ ਲਾਲ ਹੱਥ ਵਿੱਚ ਲੈ ਕੇ ਕਿਹਾ, "ਸਮਾਂ ਬਹੁਤ ਥੋੜ੍ਹਾ ਏ, ਪਰ ਚਲੋ, ਚਲਦੇ ਹਾਂ। ਆਖਰੀ ਕੋਸ਼ਿਸ਼ ਕਰਕੇ ਵੇਖ ਲੈਂਦੇ ਹਾਂ।"

ਬੁੱਢੇ ਨੇ ਡੰਡਾ ਹੱਥ ਵਿੱਚ ਲਿਆ ਤੇ ਮੋਹਨ ਤੇ ਰਾਜਕੁਮਾਰੀ ਨੂੰ ਨਾਲ਼ ਲੈ ਕੇ ਕਿਸੇ ਉੱਚੇ ਮੀਨਾਰ ਵੱਲ ਵਧਿਆ, ਜਿੱਥੇ ਸੱਪਾਂ ਦੇ ਸ਼ਹਿਰ ਦੀ ਸਰਕਾਰ ਰਹਿੰਦੀ ਸੀ।

ਰਾਹ ਵਿੱਚ ਬੁੱਢੇ ਨੇ ਮੋਹਨ ਤੇ ਰਾਜਕੁਮਾਰੀ ਨੂੰ ਕਿਹਾ, "ਮੀਨਾਰ ਦੇ ਅੰਦਰ ਜਾਣ ਦਾ ਸਿਰਫ਼ ਇੱਕੋ ਤਰੀਕਾ ਹੈ। ਉਸ ਨੂੰ ਚੰਗੀ ਤਰ੍ਹਾਂ ਸਮਝ ਲਓ। ਉਸ ਵਿੱਚ ਜੇ ਰਤਾ ਜਿੰਨੀ ਵੀ ਗ਼ਲਤੀ ਹੋ ਗਈ ਤਾਂ ਸਾਰਾ ਕੰਮ ਵਿਗੜ ਜਾਏਗਾ ਤੇ ਯੂਸਫ਼ ਕਿਸੇ ਤਰ੍ਹਾਂ ਬਚ ਨਹੀਂ ਸਕੇਗਾ।"

"ਦੱਸੋ," ਮੋਹਨ ਨੇ ਕਿਹਾ, "ਅਸੀਂ ਉਸੇ ਤਰ੍ਹਾਂ ਕਰਾਂਗੇ।"

ਬੁੱਢੇ ਨੇ ਕਿਹਾ,"ਔਹ ਸਾਹਮਣੇ ਮੀਨਾਰ ਦਾ ਲੋਹੇ ਦਾ ਜੰਗਲ਼ਾ ਦਿਖ ਰਿਹਾ ਏ। ਉੱਥੇ ਜਾ ਕੇ ਅਸੀਂ ਤਿੰਨੋਂ ਰੁਕ ਜਾਵਾਂਗੇ। ਫੇਰ ਮੀਨਾਰ ਦੇ ਅੰਦਰੋਂ ਇੱਕ ਅਵਾਜ਼ ਆਏਗੀ, "ਤੁਸੀਂ ਕੌਣ ਹੋ ?" ਉਸ ਦੇ ਜਵਾਬ ਵਿੱਚ ਸਿਰਫ਼ ਇਹੋ ਕਹਿਣਾ, "ਅਸੀਂ ਸਰਕਾਰ ਦੇ ਗ਼ੁਲਾਮ ਹਾਂ।" ਇਸ 'ਤੇ ਸਾਨੂੰ ਅੱਗੇ ਵਧਣ ਦੀ ਇਜਾਜ਼ਤ ਮਿਲ਼ ਜਾਏਗੀ ਜਦ ਅਸੀਂ ਮੀਨਾਰ ਦੇ ਅੰਦਰਲੇ ਫ਼ਾਟਕ 'ਤੇ ਪੁੱਜਾਂਗੇ ਤਾਂ ਸਾਨੂੰ ਰੁਕਣਾ ਪਵੇਗਾ। ਉਸ ਫ਼ਾਟਕ ਵਿੱਚ ਇੱਕ ਛੇਕ ਹੈ। ਉਸ ਛੇਕ ਵਿੱਚੋਂ ਝਾਕ ਕੇ ਉਹ ਲੋਕ ਸਾਨੂੰ ਵੇਖਣਗੇ ਤੇ ਇਸ ਗੱਲ ਦਾ ਪਤਾ ਲਾਉਣਗੇ ਕਿ ਅਸੀਂ ਸੱਚੀਂ ਮੁੱਚੀਂ ਸਰਕਾਰ ਦੇ ਗ਼ੁਲਾਮ ਹਾਂ ਜਾਂ ਨਹੀਂ।"

"ਇਹ ਉਹਨਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਅਸੀਂ ਸਰਕਾਰ ਦੇ ਗ਼ੁਲਾਮ ਹਾਂ ? ਤੇ ਫੇਰ ਸਾਡੇ ਕੋਲ਼ ਇਸ ਗੱਲ ਦਾ ਕੀ ਸਬੂਤ ਹੈ ?"

"ਉਹ ਤਰੀਕਾ ਮੈਂ ਤੁਹਾਨੂੰ ਦੱਸਦਾ ਹਾਂ। ਜਦ ਤੁਸੀਂ ਉਸ ਫ਼ਾਟਕ ਦੇ ਕੋਲ਼ ਪੁੱਜੋਗੇ ਤਾਂ ਆਪਣੀਆਂ ਪਲਕਾਂ ਕਿਸੇ ਹਾਲਤ ਵਿੱਚ ਵੀ ਨਾ ਝਮਕਣੀਆਂ। ਬੱਸ ਇੱਕ ਟੱਕ ਛੇਕ ਵਿੱਚੋਂ ਵੇਖਦੇ ਰਹਿਣਾ। ਸਰਕਾਰ ਦੇ ਗ਼ੁਲਾਮਾਂ ਦੀ ਸਭ ਤੋਂ ਵੱਡੀ ਨਿਸ਼ਾਨੀ ਇਹ ਹੈ ਕਿ ਉਹ ਪਲਕਾਂ ਨਹੀਂ ਝਮਕਦੇ ਤੇ ਚੁੱਪ ਚਾਪ ਹੱਥ ਬੰਨ੍ਹੀਂ, ਹੁਕਮ ਦੀ ਉਡੀਕ ਵਿੱਚ ਖੜ੍ਹੇ ਰਹਿੰਦੇ ਹਨ। ਸਮਝ ਗਏ ਨਾ ?"

ਰਾਜਕੁਮਾਰੀ ਨੇ ਕਿਹਾ, "ਜੀ ਸਮਝ ਗਏ।"

ਬੁੱਢੇ ਨੇ ਫੇਰ ਕਿਹਾ, "ਜੋ ਕੁੱਝ ਮੈਂ ਕਿਹਾ ਏ, ਉਸ ਤੇ ਪੂਰੀ ਤਰ੍ਹਾਂ ਅਮਲ ਕਰਨਾ, ਨਹੀਂ ਤਾਂ ਯੂਸਫ਼ ਦੀ ਜ਼ਿੰਦਗੀ ਦਾ ਮੈਂ ਜ਼ਿੰਮੇਵਾਰ ਨਹੀਂ ਹਾਂ।"

ਇਸ ਪਿੱਛੋਂ ਬੁੱਢਾ, ਮੋਹਨ ਤੇ ਰਾਜਕੁਮਾਰੀ ਤਿੰਨੋਂ ਮੀਨਾਰ ਦੇ ਬਾਹਰ ਲੋਹੇ ਦੇ ਜੰਗਲੇ ਕੋਲ਼ ਜਾ ਕੇ ਖੜੇ ਹੋ ਗਏ।

ਮੀਨਾਰ ਦੇ ਅੰਦਰੋਂ ਅਵਾਜ਼ ਆਈ, "ਕੌਣ ਹੋ ?"

"ਸਰਕਾਰ ਦੇ ਗ਼ੁਲਾਮ।" ਉਨ੍ਹਾਂ ਤਿੰਨਾਂ ਨੇ ਕਿਹਾ।

"ਕੀ ਕੰਮ ਹੈ?"

"ਸਰਕਾਰ ਦੀ ਗ਼ੁਲਾਮੀ ਚਾਹੁੰਦੇ ਹਾਂ," ਬੁੱਢੇ ਨੇ ਕਿਹਾ।

"ਅੱਗੇ ਵਧੋ।"

ਉਹ ਤਿੰਨੋਂ ਅੱਗੇ ਵਧੇ। ਸਚਮੁੱਚ ਫਾਟਕ ਵਿੱਚ ਇੱਕ ਛੇਕ ਸੀ। ਉਸ ਕੋਲ਼ ਜਾ ਕੇ ਉਹ ਤਿੰਨੋਂ ਖੜੇ ਹੋ ਗਏ। ਕੁੱਝ ਮਿੰਟ ਪਲਕਾਂ ਖੋਹਲੀ ਇੱਕ ਟਕ ਵੇਖਦੇ ਰਹੇ। ਮੋਹਨ ਦੀਆਂ ਅੱਖਾਂ ਵਿੱਚ ਜਲੂਣ ਹੋਣ ਲੱਗੀ ਤੇ ਰਾਜਕੁਮਾਰੀ ਦੀਆਂ ਅੱਖਾਂ 'ਚੋਂ ਹੰਝੂ ਵਗਣ ਲੱਗੇ। ਜੇ ਕੁੱਝ ਮਿੰਟ ਹੋਰ ਉਹਨਾਂ ਨੂੰ ਉੱਥੇ ਖੜੋਣਾ ਪੈਂਦਾ ਤਾਂ ਸ਼ਾਇਦ ਰਾਜਕੁਮਾਰੀ ਦੀਆਂ ਪਲਕਾਂ ਮੀਟੀਆਂ ਜਾਣੀਆਂ ਸਨ।

ਤਦੇ ਫ਼ਾਟਕ ਖੁੱਲ੍ਹਿਆ ਤੇ ਖੁੱਲ੍ਹ ਕੇ ਆਪਣੇ ਆਪ ਬੰਦ ਹੋ ਗਿਆ।

ਮੀਨਾਰ ਦੇ ਅੰਦਰ ਜਾ ਕੇ ਬੁੱਢੇ ਨੇ ਹੱਥ ਦੀ ਸੈਨਤ ਕਰਕੇ ਕਿਹਾ, "ਇਹਨਾਂ ਪੌੜੀਆਂ 'ਤੇ ਚੜ੍ਹਦੇ ਚੱਲੋ। ਸਾਨੂੰ ਪਹਿਲਾਂ ਸਿੱਧੇ ਬਰਫ਼ਖ਼ਾਨੇ ਵਿੱਚ ਜਾਣਾ ਚਾਹੀਦਾ ਹੈ। ਸੂਰਜ ਡੁੱਬ ਰਿਹਾ ਏ।"

ਭੱਜਦੇ ਹੋਏ ਉਹ ਬਹੁਤ ਸਾਰੀਆਂ ਪੌੜੀਆਂ ਚੜ੍ਹ ਗਏ ਤੇ ਉਸ ਵੇਲ਼ੇ ਜਦ ਕਿ ਸੂਰਜ ਡੁੱਬ ਰਿਹਾ ਸੀ, ਉਹ ਤਿੰਨੋਂ ਬਰਫ਼-ਖਾਨੇ ਦੇ ਅੰਦਰ ਪੁੱਜ ਗਏ ਤੇ ਬੁੱਢੇ ਨੇ ਉਹ ਲਾਲ ਯੂਸਫ਼ ਦੇ ਮੱਥੇ ਨੂੰ ਛੁਹਾ ਦਿੱਤਾ।

ਲਾਲ ਨੇ ਡੰਗ ਵਾਲ਼ੀ ਥਾਂ ਤੋਂ ਜ਼ਹਿਰ ਚੂਸਣੀ ਸ਼ੁਰੂ ਕਰ ਦਿੱਤੀ ਤੇ ਉਸ ਵੇਲ਼ੇ ਅਜੀਬ ਦ੍ਰਿਸ਼ ਵਖਾਲੀ ਦਿੱਤੀ। ਜਿਉਂ ਜਿਉਂ ਲਾਲ ਜ਼ਹਿਰ ਚੂਸਦਾ ਜਾਂਦਾ ਸੀ, ਮੀਨਾਰੇ ਦੇ ਅੰਦਰ ਚਾਨਣ ਘਟਦਾ ਜਾਂਦਾ ਸੀ। ਕੁੱਝ ਚਿਰ ਪਿੱਛੋਂ ਬਰਫ਼-ਖਾਨੇ ਦੀਆਂ ਪੌੜੀਆਂ 'ਤੇ ਸੈਆਂ ਭੱਜਦੇ ਹੋਏ ਕਦਮਾਂ ਦੀਆਂ ਅਵਾਜ਼ਾਂ ਸੁਣਾਈ ਦੇਣ ਲੱਗੀਆਂ। ਇਹ ਕਦਮ ਬਰਫ਼-ਖਾਨੇ ਵੱਲ ਆ ਰਹੇ ਸਨ। ਬੁੱਢੇ ਨੇ ਅੱਗੇ ਵਧ ਕੇ ਬਰਫ਼-ਖਾਨੇ ਦਾ ਬੂਹਾ ਬੰਦ ਕਰ ਦਿੱਤਾ।

ਜ਼ਹਿਰ ਪੀ ਕੇ ਲਾਲ ਦਾ ਰੰਗ ਹਰਾ ਹੁੰਦਾ ਜਾ ਰਿਹਾ ਸੀ। ਯੂਸਫ਼ ਦੇ ਚਿਹਰੇ 'ਤੇ ਜ਼ਿੰਦਗੀ ਦੀ ਲਾਲੀ ਦੌੜਨ ਲੱਗੀ। ਚਾਣਚੱਕ ਲਾਲ ਨੇ ਸਾਰਾ ਜ਼ਹਿਰ ਚੂਸ ਲਿਆ ਤੇ ਯੂਸਫ਼ ਨੇ ਅੱਖਾਂ ਖੋਲ੍ਹ ਦਿੱਤੀਆਂ। ਉਸ ਦੇ ਅੱਖਾਂ ਖੋਲ੍ਹਦਿਆਂ ਹੀ ਮੀਨਾਰ ਦੇ ਚੌਹੀਂ ਪਾਸੀਂ ਹਨੇਰਾ ਛਾ ਗਿਆ ਤੇ ਚੁਫੇਰਿਓਂ ਸੱਪਾਂ ਦੀਆਂ ਡਰਾਉਣੀਆਂ ਫੁੰਕਾਰਾਂ ਸੁਣਾਈ ਦੇਣ ਲੱਗੀਆਂ।

ਲਾਲ ਕਿੱਥੇ ਹੈ? ਲਾਲ ਕਿੱਥੇ ਹੈ? ਬੁੱਢੇ ਨੇ ਘਬਰਾ ਕੇ ਹਨੇਰੇ ਵਿੱਚ ਲੱਭਣਾ ਸ਼ੁਰੂ ਕੀਤਾ।

"ਮੇਰੇ ਹੱਥ ਵਿੱਚ ਏ," ਯੂਸਫ਼ ਨੇ ਉੱਚੀ ਅਵਾਜ਼ ਵਿੱਚ ਕਿਹਾ। ਲਾਲ ਵਿੱਚੋਂ ਹਰੇ ਰੰਗ ਦਾ ਚਾਨਣ ਫੁੱਟ ਰਿਹਾ ਸੀ। ਚੁਫੇਰੇ ਸੱਪਾਂ ਦੀਆਂ ਫੁੰਕਾਰਾਂ ਵਧਦੀਆਂ ਜਾ ਰਹੀਆਂ ਸਨ। ਪਤਾ ਨਹੀਂ ਸੱਪ ਕਿਸ ਤਹਿਖ਼ਾਨੇ 'ਚੋਂ ਹੁੰਦੇ ਹੋਏ ਬਰਫ਼-ਖਾਨੇ ਵਿੱਚ ਆ ਰਹੇ ਸਨ।

ਬੁੱਢੇ ਨੇ ਉੱਚੀ ਅਵਾਜ਼ ਵਿੱਚ ਕਿਹਾ, "ਛੇਤੀ ਕਰੋ, ਇਸ ਲਾਲ ਨੂੰ ਭੰਨ ਸੁੱਟੋ।"

ਯੂਸਫ਼ ਨੇ ਬੁੱਢੇ ਦੇ ਹੱਥੋਂ ਡੰਡਾ ਲੈ ਲਿਆ ਤੇ ਉਸ ਦੀ ਚਾਂਦੀ ਦੀ ਮੁੱਠ ਨੂੰ ਲਾਲ 'ਤੇ ਮਾਰ ਕੇ ਉਸ ਦੇ ਟੋਟੇ ਕਰ ਦਿੱਤੇ।

ਲਾਲ ਦੇ ਟੁੱਟਦਿਆਂ ਹੀ ਇੱਕ ਜ਼ੋਰ ਦਾ ਧਮਾਕਾ ਹੋਇਆ। ਚੁਫੇਰੇ ਬਿਜਲੀ ਚਮਕੀ ਤੇ ਉਸ ਦੇ ਚਾਨਣ ਵਿੱਚ ਬੁੱਢੇ ਨੇ ਵੇਖਿਆ ਕਿ ਮੀਨਾਰ ਉੱਪਰੋਂ ਥੱਲੇ ਤੱਕ ਪਾਟ ਗਿਆ ਹੈ ਤੇ ਸਾਰੀ ਇਮਾਰਤ ਧੰਮ ਕਰਕੇ ਥੱਲੇ ਡਿੱਗ ਰਹੀ ਹੈ।

ਬੁੱਢੇ ਨੇ ਚੀਕ ਕੇ ਕਿਹਾ,"ਦੌੜੋ, ਦੌੜੋ ਏਥੋਂ, ਛੇਤੀ ਦੌੜੋ।"

ਬੁੱਢੇ ਨੇ ਰਾਜਕੁਮਾਰੀ ਨੂੰ ਆਪਣੀਆਂ ਬਾਹਾਂ ਵਿੱਚ ਚੁੱਕ ਲਿਆ ਤੇ ਯੂਸਫ਼ ਤੇ ਮੋਹਨ ਨੂੰ ਡੰਡੇ ਤੇ ਸਵਾਰ ਕਰਕੇ ਮੀਨਾਰ ਚੋਂ ਝੱਟ ਬਾਹਰ ਨਿੱਕਲ਼ ਗਿਆ। ਉਹਨਾਂ ਦੇ ਬਾਹਰ ਨਿੱਕਲ਼ਦਿਆਂ ਹੀ ਮੀਨਾਰ ਦੀ ਸਾਰੀ ਇਮਾਰਤ ਢਹਿ ਢੇਰੀ ਹੋ ਗਈ।

ਸਾਰਾ ਸ਼ਹਿਰ ਹਿੱਲ ਗਿਆ ਸੀ। ਬਹੁਤ ਸਾਰੇ ਮਕਾਨ ਡਿੱਗ ਪਏ ਸਨ। ਸ਼ਹਿਰ ਦੇ ਉੱਪਰ ਜੋ ਲੋਹੇ ਦੀ ਜਾਲ਼ੀ ਲੱਗੀ ਹੋਈ ਸੀ, ਉਹ ਤਾਂ ਬਿਲਕੁਲ ਹੀ ਉੱਡ ਗਈ ਤੇ ਸ਼ਹਿਰ ਤੋਂ ਦੂਰ ਜਾ ਡਿੱਗੀ। ਲੋਕ ਚੀਕਾਂ ਮਾਰਦੇ ਹੋਏ ਘਰਾਂ 'ਚੋਂ ਬਾਹਰ ਨਿੱਕਲ਼ੇ। ਰਾਹ ਵਿੱਚ ਉਹਨਾਂ ਨੇ ਬਹੁਤ ਸਾਰੇ ਛੋਟੇ ਸੱਪਾਂ ਨੂੰ ਮਰੇ ਹੋਏ ਵੇਖਿਆ। ਮੀਨਾਰ ਦੇ ਕੋਲ਼ ਉਹਨਾਂ ਨੇ ਇੱਕ ਅਜੀਬ ਤਮਾਸ਼ਾ ਵੇਖਿਆ।

ਉਹਨਾਂ ਨੇ ਵੇਖਿਆ ਕਿ ਮੀਨਾਰ ਦੇ ਮਲਬੇ ਕੋਲ਼ ਬਹੁਤ ਸਾਰੇ ਅਜਗਰ ਤੇ ਦੂਜੇ ਸੱਪ ਮਰੇ ਪਏ ਹਨ। ਲਾਲ, ਹੀਰੇ ਤੇ ਕੀਮਤੀ ਸਮਾਨ ਦੇ ਢੇਰ ਖਿੰਡਰੇ ਪਏ ਹਨ ਤੇ ਉਹਨਾਂ ਦੇ ਕੋਲ਼ ਇੱਕ ਬੁੱਢਾ ਖੜੋਤਾ ਹੈ ਤੇ ਉਸ ਦੇ ਕੋਲ਼ ਇੱਕ ਕੁੜੀ, ਦੋ ਛੋਟੇ ਛੋਟੇ ਮੁੰਡੇ ਹਨ ਤੇ ਉਹ ਤਿੰਨੋਂ ਹੈਰਾਨੀ ਨਾਲ਼ ਉਸ ਸਾਰੇ ਦ੍ਰਿਸ਼ ਨੂੰ ਵੇਖ ਰਹੇ ਹਨ।

ਲੋਕ ਬੁੱਢੇ ਕੋਲ਼ ਆ ਕੇ ਉਸ ਦਾ ਧੰਨਵਾਦ ਕਰਨ ਲੱਗੇ ਕਿ ਉਸ ਨੇ ਉਹਨਾਂ ਨੂੰ ਸੱਪਾਂ ਕੋਲ਼ੋਂ ਛੁਟਕਾਰਾ ਦਿਵਾਇਆ ਹੈ।

ਬੁੱਢੇ ਨੇ ਕਿਹਾ, "ਮੇਰਾ ਧੰਨਵਾਦ ਨਾ ਕਰੋ। ਧੰਨਵਾਦ ਇਹਨਾਂ ਤਿੰਨਾਂ ਬੱਚਿਆਂ ਦਾ ਕਰੋ ਜਿਨ੍ਹਾਂ ਦੀ ਬਹਾਦਰੀ ਸਦਕਾ ਤੁਹਾਡੀਆਂ ਜ਼ਿੰਦਗੀਆਂ ਬਚ ਗਈਆਂ ਹਨ। ਹੁਣ ਅੱਗੋਂ ਤੋਂ ਤੁਹਾਨੂੰ ਕੋਈ ਸੱਪ ਨਹੀਂ ਕੱਟੇਗਾ। ਸੱਪਾਂ ਦੀ ਸਰਕਾਰ ਹਮੇਸ਼ਾ ਲਈ ਖ਼ਤਮ ਹੋ ਗਈ ਏ।"

ਲੋਕਾਂ ਨੇ ਖ਼ੁਸ਼ੀ ਨਾਲ਼ ਤਿੰਨਾਂ ਬੱਚਿਆਂ ਨੂੰ ਆਪਣੇ ਮੋਢਿਆਂ 'ਤੇ ਬਿਠਾ ਲਿਆ ਤੇ ਸਾਰੇ ਸ਼ਹਿਰ ਵਿੱਚ ਬੜੀ ਧੂਮ-ਧਾਮ ਨਾਲ਼ ਉਹਨਾਂ ਦਾ ਜਲੂਸ ਕੱਢਿਆ।

ਉਸ ਰਾਤ ਉਹ ਤਿੰਨੋਂ ਬੱਚੇ ਬੁੱਢੇ ਦੇ ਤਹਿਖ਼ਾਨੇ ਵਿੱਚ ਸੁੱਤੇ।

ਸਵੇਰੇ ਉੱਠ ਕੇ ਯੂਸਫ਼ ਨੇ ਬੁੱਢੇ ਦਾ ਧੰਨਵਾਦ ਕੀਤਾ ਤੇ ਰੁੱਖ 'ਤੇ ਅੱਗੇ ਵਧਣ ਦੀ ਇਜ਼ਾਜਤ ਮੰਗੀ।

ਬੁੱਢੇ ਨੇ ਕੋਈ ਜਵਾਬ ਨਹੀਂ ਦਿੱਤਾ ਤੇ ਆਪਣੇ ਜਾਦੂ ਦੇ ਸ਼ੀਸ਼ੇ ਨੂੰ ਰੁਖ਼ ਸਿਰ ਕਰਨ ਲੱਗਾ।

ਯੂਸਫ਼ ਨੇ ਪੁੱਛਿਆ,"ਬਾਬਾ, ਅਸੀਂ ਜਾਈਏ ?"

ਚਾਣਚੱਕ ਜਾਦੂ ਦਾ ਸ਼ੀਸ਼ਾ ਕੰਮ ਕਰਨ ਲੱਗਾ। ਯੂਸਫ਼ ਨੇ ਵੇਖਿਆ ਕਿ ਇੱਕ ਝੁੱਗੀ ਹੈ ਤੇ ਉਸ ਦੇ ਬਾਹਰ ਬਹੁਤ ਸਾਰੇ ਆਦਮੀ ਹਨ। ਉਹ ਸਾਰੇ ਰੌਲ਼ਾ ਪਾ ਰਹੇ ਹਨ। ਚਾਣਚੱਕ ਯੂਸਫ਼ ਨੇ ਪਛਾਣ ਲਿਆ ਕਿ ਉਹ ਤਾਂ ਉਸ ਦੀ ਆਪਣੀ ਝੁੱਗੀ ਹੈ।

ਬੁੱਢਾ ਕੁੱਝ ਨਾ ਬੋਲਿਆ ਤੇ ਜਾਦੂ ਦੇ ਸ਼ੀਸ਼ੇ ਵਿੱਚ ਵੇਖਦਾ ਰਿਹਾ।

ਫੇਰ ਯੂਸਫ਼ ਨੇ ਵੇਖਿਆ ਕਿ ਬਹੁਤ ਸਾਰੇ ਸਿਪਾਹੀ ਇੱਕ ਮੰਜਾ ਚੁੱਕ ਕੇ ਬਾਹਰ ਲਿਆਏ ਤੇ ਉਸ ਨੂੰ ਉਹਨਾਂ ਨੇ ਜ਼ੋਰ ਨਾਲ਼ ਭੁੰਜੇ ਸੁੱਟ ਦਿੱਤਾ। ਮੰਜੇ 'ਤੇ ਸੁੱਤੀ ਹੋਈ ਇੱਕ ਬੁੱਢੀ ਘਬਰਾ ਕੇ ਉੱਠੀ ਤੇ ਚੀਕਾਂ ਮਾਰਨ ਲੱਗੀ, "ਯੂਸਫ਼, ਯੂਸਫ਼, ਤੂੰ ਕਿੱਥੇ ਏਂ ? ਬਾਦਸ਼ਾਹ ਦੇ ਸਿਪਾਹੀ ਮੇਰਾ ਘਰ ਖੋਹ ਰਹੇ ਨੇ। ਯੂਸਫ਼, ਮੇਰੇ ਪੁੱਤਰ, ਤੂੰ ਕਿੱਥੇ ਏਂ ?"

"ਮਾਂ!" ਯੂਸਫ਼ ਦੇ ਮੂੰਹੋਂ ਨਿੱਕਲ਼ਿਆ।

ਬੁੱਢੇ ਨੇ ਉਸ ਵੱਲ ਮੂੰਹ ਮੋੜ ਕੇ ਕਿਹਾ, "ਤੇਰੀ ਮਾਂ ਮੁਸੀਬਤ ਵਿੱਚ ਏ।"

"ਹਾਂ, ਬਾਬਾ," ਯੂਸਫ਼ ਨੇ ਘਬਰਾ ਕੇ ਕਿਹਾ, "ਮੈਨੂੰ ਏਸੇ ਵੇਲ਼ੇ ਉਸ ਦੀ ਮਦਦ ਲਈ ਪੁੱਜਣਾ ਚਾਹੀਦਾ ਏ।"

ਬੁੱਢੇ ਨੇ ਜਾਦੂ ਦੇ ਸ਼ੀਸ਼ੇ ਦੀਆਂ ਤਾਰਾਂ ਵੱਖ ਵੱਖ ਕਰ ਦਿੱਤੀਆਂ ਤੇ ਹੌਲ਼ੀ ਜਿਹੀ ਕਿਹਾ, "ਤਾਂ ਚੱਲੋ, ਚਲਦੇ ਹਾਂ।"

ਬੁੱਢੇ ਨੇ ਤਿੰਨਾਂ ਨੂੰ ਡੰਡੇ 'ਤੇ ਬਿਠਾ ਲਿਆ ਤੇ ਉਲਟੇ ਰੁੱਖ ਦੀਆਂ ਟਹਿਣੀਆਂ ਤੋਂ ਥੱਲੇ ਵੱਲ ਜਾਣ ਲੱਗਾ। ਹੁਣ ਤੱਕ ਯੂਸਫ਼ ਤੇ ਉਸ ਦੇ ਸਾਥੀ ਰੁੱਖ ਉੱਪਰ ਚੜ੍ਹਦੇ ਆਏ ਸਨ, ਪਰ ਹੁਣ ਉਹ ਮੁੜ ਕੇ ਯੂਸਫ਼ ਦੇ ਘਰ ਜਾ ਰਹੇ ਸਨ।

ਸੈਆਂ ਮੀਲਾਂ ਤੱਕ ਰੁੱਖ ਦੀਆਂ ਟਹਿਣੀਆਂ ਫ਼ੈਲੀਆਂ ਹੋਈਆਂ ਸਨ। ਉਹਨਾਂ ਦੇ ਟਹਿਣਾਂ ਉੱਪਰੋਂ ਦੀ ਉਹ ਕਿਵੇਂ ਤਰਦੇ ਹੋਏ ਜਾ ਰਹੇ ਸਨ।

ਚਾਣਚੱਕ ਮੋਹਨ ਨੇ ਪੁੱਛਿਆ, "ਬਾਬਾ ਉਹ ਸ਼ਹਿਰ ਵਿੱਚ ਉਹ ਸੱਪ ਕਿੱਥੇ ਲੁਕੇ ਹੋਏ ਸਨ, ਜਿਸ ਨੂੰ ਅਸੀਂ ਪਿਛਾਂਹ ਛੱਡ ਆਏ ਹਾਂ ?"

ਬੁੱਢੇ ਨੇ ਕਿਹਾ, "ਪੁੱਤਰ, ਉਹ ਸੱਪ ਨਹੀਂ, ਆਦਮੀ ਸਨ ਤੇ ਆਦਮੀ ਦੇ ਭੇਸ ਵਿੱਚ ਲੋਕਾਂ ਨਾਲ਼

ਰਹਿੰਦੇ ਸਨ। ਅਜਿਹੇ ਆਦਮੀ ਸੱਪਾਂ ਨਾਲ਼ੋਂ ਵੀ ਖ਼ਤਰਨਾਕ ਹੁੰਦੇ ਹਨ ਤੇ ਮੌਕਾ ਵੇਖ ਕੇ ਡੰਗ ਮਾਰਦੇ ਹਨ।"

"ਅਜਿਹੇ ਆਦਮੀਆਂ ਦੀ ਪਛਾਣ ਕੀ ਏ ?" ਰਾਜਕੁਮਾਰੀ ਨੇ ਪੁੱਛਿਆ।

"ਅਜਿਹੇ ਆਦਮੀਆਂ ਦੇ ਦਿਲ ਵਿੱਚ ਜ਼ਹਿਰ ਭਰਿਆ ਹੋਇਆ ਹੁੰਦਾ ਏ ਤੇ ਉਹਨਾਂ ਦੀਆਂ ਅੱਖਾਂ ਵਿੱਚ ਪੁਤਲੀਆਂ ਦੀ ਥਾਂ ਚਾਂਦੀ ਦੀਆਂ ਟਿੱਕੀਆਂ ਹੁੰਦੀਆਂ ਹਨ। ਜੇ ਤੁਸੀਂ ਉਹਨਾਂ ਅੱਖਾਂ ਵਿੱਚ ਗਹੁ ਨਾਲ਼ ਵੇਖੋ ਤਾਂ ਤੁਸੀਂ ਉਹਨਾਂ ਨੂੰ ਸੌਖੀ ਤਰ੍ਹਾਂ ਪਛਾਣ ਸਕਦੇ ਹੋ। ਇਹ ਉਹ ਆਦਮੀ ਹਨ, ਜੋ ਆਦਮੀਆਂ ਨੂੰ ਲੁੱਟਦੇ ਹਨ ਤੇ ਉਹਨਾਂ ਦੀਆਂ ਲੜਾਈਆਂ ਕਰਾਉਂਦੇ ਹਨ।"

ਡੰਡਾ ਤੇਜ਼ੀ ਨਾਲ਼ ਉੱਡਿਆ ਜਾ ਰਿਹਾ ਸੀ। ਹੁਣ ਰੁੱਖ ਦਾ ਤਣਾ ਨੇੜੇ ਆ ਰਿਹਾ ਸੀ ਤੇ ਝੀਤ 'ਚੋਂ ਚਾਨਣ ਆ ਰਿਹਾ ਸੀ। ਕੁੱਝ ਚਿਰ ਪਿੱਛੋਂ ਡੰਡਾ ਥੱਲੇ ਉੱਤਰਦਾ ਹੋਇਆ ਝੀਤ 'ਚੋਂ ਬਾਹਰ ਨਿੱਕਲ਼ ਆਇਆ ਤੇ ਹੁਣ ਚਾਰੋਂ ਯੂਸਫ਼ ਦੀ ਝੁੱਗੀ ਦੇ ਬਾਹਰ ਛੋਟੇ ਜਿਹੇ ਬਗ਼ੀਚੇ ਵਿੱਚ ਖੜੋਤੇ ਸਨ। ਉਥੇ ਬਹੁਤ ਸਾਰੇ ਪਿੰਡ ਦੇ ਲੋਕ, ਬਾਦਸ਼ਾਹ ਤੇ ਉਸ ਦੇ ਸਿਪਾਹੀ 'ਕੱਠੇ ਹੋਏ ਹੋਏ ਸਨ ਤੇ ਯੂਸਫ਼ ਦੀ ਬੁੱਢੀ ਮਾਂ ਰੋ ਰਹੀ ਸੀ।

ਯੂਸਫ਼ ਨੇ ਚੀਕ ਕੇ ਕਿਹਾ, "ਮਾਂ ?"

ਮਾਂ ਨੇ ਹੈਰਾਨ ਹੋ ਕੇ ਆਪਣੇ ਪੁੱਤਰ ਵੱਲ ਵੇਖਿਆ। ਫੇਰ ਭੱਜ ਕੇ ਉਸ ਨੂੰ ਬਾਹਾਂ 'ਚ ਲੈ ਲਿਆ ਤੇ ਉਸ ਦਾ ਮੂੰਹ ਚੁੰਮਣ ਲੱਗੀ। ਉਹ ਉਸ ਨੂੰ ਵਾਰ ਵਾਰ ਚੁੰਮ ਰਹੀ ਸੀ ਤੇ ਨਾਲ਼ ਹੀ ਰੋ ਵੀ ਰਹੀ ਸੀ।

ਚਾਣਚੱਕ ਬਾਦਸ਼ਾਹ ਨੇ ਗ਼ੁੱਸੇ ਵਿੱਚ ਲੋਹੇ ਲਾਖੇ ਹੋ ਕੇ ਕਿਹਾ, "ਇਸ ਨੂੰ ਵੀ ਫੜ ਲਓ।"

ਬਾਦਸ਼ਾਹ ਦੇ ਸਿਪਾਹੀਆਂ ਨੇ ਯੂਸਫ਼ ਨੂੰ ਫੜ ਲਿਆ।

ਬੁੱਢੇ ਨੇ ਅੱਗੇ ਵਧ ਕੇ ਬਾਦਸ਼ਾਹ ਤੋਂ ਪੁੱਛਿਆ, "ਇਸ ਗ਼ਰੀਬ ਦਾ ਕੀ ਕਸੂਰ ਏ ?"

ਬਾਦਸ਼ਾਹ ਨੇ ਕਿਹਾ, "ਇਹ ਭਗੌੜਾ ਏ। ਇਹ ਮੇਰੀ ਫ਼ੌਜ ਵਿੱਚ ਲੜਨਾ ਨਹੀਂ ਚਾਹੁੰਦਾ। ਮੈਂ ਨਾਲ਼ ਦੇ ਮੁਲਕ 'ਤੇ ਹਮਲਾ ਕਰਨਾ ਚਾਹੁੰਦਾ ਹਾਂ। ਇਸ ਨੇ ਮੇਰੀ ਫ਼ੌਜ ਵਿੱਚ ਭਰਤੀ ਹੋਣੋਂ ਨਾਂਹ ਕਰ ਦਿੱਤੀ ਏ।"

ਬੁੱਢੇ ਨੇ ਕਿਹਾ, ਤੁਸੀਂ ਦੂਜੇ ਮੁਲਕ 'ਤੇ ਹਮਲਾ ਕਿਉਂ ਕਰਨਾ ਚਾਹੁੰਦੇ ਹੋ ?"

"ਮੈਨੂੰ ਧਨ ਦੌਲਤ ਦੀ ਲੋੜ ਏ।"

"ਤੁਹਾਨੂੰ ਕਿੰਨੀ ਦੌਲਤ ਚਾਹੀਦੀ ਏ ?" ਬੁੱਢੇ ਨੇ ਪੁੱਛਿਆ ਤੇ ਆਪਣੀ ਝੋਲੀ ਵਿੱਚ ਹੱਥ ਪਾ ਕੇ ਲਾਲਾਂ ਤੇ ਹੀਰਿਆਂ ਦੀ ਮੁੱਠ ਭਰ ਕੇ ਬਾਹਰ ਕੱਢੀ ਤੇ ਫੇਰ ਉਹਨਾਂ ਨੂੰ ਥੱਲੇ ਖਿਲਾਰ ਦਿੱਤਾ।

ਬਾਦਸ਼ਾਹ ਦੇ ਸਿਪਾਹੀ ਕਾਹਲ਼ੀ ਕਾਹਲ਼ੀ ਉਹ ਲਾਲ ਤੇ ਹੀਰੇ ਚੁਗਣ ਲੱਗੇ।

ਬੁੱਢੇ ਨੇ ਦੂਜੀ ਵਾਰ ਝੋਲ਼ੀ ਵਿੱਚ ਹੱਥ ਪਾਇਆ ਤੇ ਲਾਲਾਂ ਹੀਰਿਆਂ ਦੀ ਇੱਕ ਹੋਰ ਮੁੱਠ ਭਰ ਕੇ ਬਾਹਰ ਕੱਢੀ ਤੇ ਉਹਨਾਂ ਨੂੰ ਰੁੱਖ ਵਾਲ਼ੇ ਟੋਏ ਵਿੱਚ ਸੁੱਟ ਦਿੱਤਾ।

ਕੁੱਝ ਸਿਪਾਹੀਆਂ ਨੇ ਉਸ ਟੋਏ ਵਿੱਚ ਛਾਲ ਮਾਰ ਦਿੱਤੀ।

ਬਾਦਸ਼ਾਹ ਨੇ ਬੁੱਢੇ ਨੂੰ ਕਿਹਾ, "ਇਹ ਤੂੰ ਕੀ ਕੀਤਾ ?"

ਬੁੱਢੇ ਨੇ ਕਿਹਾ, "ਮੈਂ ਤੁਹਾਨੂੰ ਰਾਹ ਵਿਖਾਇਆ ਏ। ਅਸੀਂ ਇਸ ਗ਼ਾਰ 'ਚੋਂ ਆਏ ਹਾਂ। ਅੰਦਰ ਲਾਲਾਂ ਤੇ ਹੀਰਿਆਂ ਦੀਆਂ ਲੱਖਾਂ ਖਾਨਾਂ ਹਨ। ਉੱਥੋਂ ਤੁਸੀਂ ਏਨੀ ਦੌਲਤ ਹਾਸਲ ਕਰ ਸਕਦੇ ਹੋ, ਜਿੰਨੀ ਏਥੋਂ ਕਦੇ ਹਾਸਲ ਨਹੀਂ ਕਰ ਸਕਦੇ।"

ਬਾਦਸ਼ਾਹ ਤੇ ਉਸ ਦੀ ਲੋਭੀ ਧੀ, ਦੋਵਾਂ ਨੇ ਉਸ ਟੋਏ ਵਿੱਚ ਛਾਲ ਮਾਰ ਦਿੱਤੀ।

ਯੂਸਫ਼ ਨੇ ਚੀਕ ਕੇ ਕਿਹਾ, "ਠਹਿਰੋ, ਠਹਿਰੋ"

ਪਰ ਬੁੱਢੇ ਨੇ ਉਸ ਦਾ ਹੱਥ ਫੜ ਕੇ ਕਿਹਾ, "ਇਹਨਾਂ ਨੂੰ ਨਾ ਰੋਕ। ਇਹ ਸਾਰੇ ਟੋਏ ਦੇ ਅੰਦਰ ਜਾ ਚੁੱਕੇ ਹਨ। ਹੁਣ ਤੂੰ ਛੇਤੀ ਨਾਲ਼ ਇਸ ਟੋਏ ਨੂੰ ਭਰ ਦੇ।"

ਯੂਸਫ਼ ਹੈਰਾਨ ਹੋਇਆ ਖੜਾ ਰਿਹਾ।

ਬੁੱਢੇ ਨੇ ਮੁੜ ਕੇ ਪਿੰਡ ਵਾਲ਼ਿਆਂ ਨੂੰ ਕਿਹਾ, "ਜੇ ਤੁਸੀਂ ਬਾਦਸ਼ਾਹ ਤੋਂ ਹਮੇਸ਼ਾ ਲਈ ਛੁਟਕਾਰਾ ਹਾਸਲ ਕਰਨਾ ਚਾਹੁੰਦੇ ਹੋ ਤਾਂ ਇਹੋ ਵੇਲ਼ਾ ਏ। ਛੇਤੀ ਨਾਲ਼ ਇਸ ਟੋਏ ਨੂੰ ਮਿੱਟੀ ਨਾਲ਼ ਪੂਰ ਦਿਓ। ਕਿਤੇ ਬਾਦਸ਼ਾਹ ਪਰਤ ਕੇ ਨਾ ਆ ਜਾਏ।

ਯੂਸਫ਼ ਦੀ ਸਮਝ ਵਿੱਚ ਸਾਰੀ ਗੱਲ ਆ ਗਈ।

ਫਿਰ ਉਸ ਨੇ ਕਹੀ ਲੱਭੀ ਤੇ ਉਸ ਨਾਲ਼ ਮਿੱਟੀ ਪੁੱਟਣ ਲੱਗਾ। ਉਸ ਦੀ ਵੇਖਾ ਵੇਖੀ ਹੋਰ ਲੋਕ ਵੀ ਮਿੱਟੀ ਪੁੱਟ ਪੁੱਟ ਕੇ ਟੋਏ ਵਿੱਚ ਪਾਉਣ ਲੱਗੇ। ਕੁੱਝ ਹੀ ਚਿਰ ਵਿੱਚ ਪਿੰਡ ਦੇ ਲੋਕਾਂ ਨੇ ਟੋਏ ਨੂੰ ਪੂਰ ਦਿੱਤਾ।

ਜਦ ਟੋਆ ਪੂਰੀ ਤਰ੍ਹਾਂ ਭਰ ਗਿਆ ਤਾਂ ਯੂਸਫ਼ ਨੇ ਬੜੀ ਸੱਧਰ ਨਾਲ਼ ਕਿਹਾ, "ਪਰ ਬਾਬਾ, ਇਸ ਦੇ ਵਿੱਚ ਤਾਂ ਮੇਰਾ ਰੁੱਖ ਸੀ।"

ਬੁੱਢੇ ਨੇ ਕਿਹਾ, "ਉਹ ਰੁੱਖ ਤਾਂ ਹਾਲੀ ਵੀ ਉੱਥੇ ਹੈ। ਉਸ ਰੁੱਖ 'ਤੇ ਚੜ੍ਹ ਕੇ ਤੂੰ ਜ਼ਿੰਦਗੀ ਦਾ ਏਨਾ ਤਜ਼ਰਬਾ ਹਾਸਲ ਕੀਤਾ ਹੈ ਕਿ ਉਸ ਤਜ਼ਰਬੇ ਨਾਲ਼ ਹੁਣ ਆਪਣੇ ਪਿੰਡ ਵਾਲਿਆਂ ਨੂੰ ਵੀ ਫ਼ਾਇਦਾ ਪੁਚਾ। ਇਸ ਰੁੱਖ ਨੇ ਜੋ ਕੁੱਝ ਤੈਨੂੰ ਸਿਖਾਇਆ ਏ, ਉਹ ਸਭ ਕੁੱਝ ਤੂੰ ਹੁਣ ਆਪਣੇ ਪਿੰਡ ਵਾਲ਼ਿਆਂ ਨੂੰ ਸਿਖਾ ਸਕਦਾ ਏਂ।"

"ਪਰ ਬਾਬਾ", ਯੂਸਫ਼ ਨੇ ਕਿਹਾ, "ਮੈਂ ਤਾਂ ਹਾਲੀ ਪੂਰੀ ਤਰ੍ਹਾਂ ਇਸ ਰੁੱਖ 'ਤੇ ਚੜ੍ਹਿਆ ਵੀ ਨਹੀਂ

ਹਾਂ। ਮੈਂ ਇਸ ਦੇ ਸਿਖਰ ਤੱਕ ਪੁੱਜਣਾ ਚਾਹੁੰਦਾ ਸਾਂ। ਬੜੀ ਚਾਹ ਸੀ ਮੇਰੀ ਕਿ ਇਸ ਦਾ ਸਿਖਰ ਵੇਖਾਂਗਾ।"

ਬੁੱਢੇ ਨੇ ਮੁਸਕਰਾ ਕੇ ਕਿਹਾ, "ਪੁੱਤਰ, ਇਹ ਕੋਈ ਮਾਮੂਲੀ ਰੁੱਖ ਨਹੀਂ ਏ। ਇਹ ਮਨੁੱਖ ਦੀ ਤਰੱਕੀ ਦਾ ਰੁੱਖ ਏ। ਇਸ ਦਾ ਸਿਖਰ ਅੱਜ ਤੱਕ ਕਿਸੇ ਨੇ ਨਹੀਂ ਵੇਖਿਆ।"

ਯੂਸਫ਼ ਦੇ ਚਿਹਰੇ ਤੋਂ ਹੈਰਾਨੀ ਜਾਂਦੀ ਰਹੀ। ਉਸ ਦੇ ਦਿਲ ਦੀਆਂ ਬਹੁਤ ਸਾਰੀਆਂ ਨੁਕਰਾਂ ਵਿੱਚ ਚਾਨਣ ਪਸਰ ਗਿਆ। ਚਾਣਚਕ ਉਸ ਦੀ ਸਮਝ ਵਿੱਚ ਬਹੁਤ ਕੁੱਝ ਆ ਗਿਆ। ਉਸ ਨੇ ਬੜੇ ਆਦਰ ਨਾਲ਼ ਬੁੱਢੇ ਦੀ ਝੋਲ਼ੀ ਨੂੰ ਚੁੰਮ ਲਿਆ ਤੇ ਕਿਹਾ, "ਬਾਬਾ, ਤੂੰ ਮੈਨੂੰ ਬਹੁਤ ਕੁੱਝ ਸਿਖਾਇਆ ਏ। ਮੈਂ ਤੇਰਾ ਧੰਨਵਾਦ ਕਿਵੇਂ ਕਰ ਸਕਦਾ ਹਾਂ? ਬੱਸ, ਮੈਂ ਇਹੋ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅੱਜ ਤੋਂ ਇਹ ਝੁੱਗੀ ਤੁਹਾਡੀ ਏ। ਹੁਣ ਅੱਗੇ ਤੋਂ ਸਾਰੇ ਇਕੱਠੇ ਰਹੋ। ਇਸ ਛੋਟੀ ਜਿਹੀ ਝੁੱਗੀ ਵਿੱਚ ਮੋਹਨ ਵੀ ਰਹੇਗਾ ਤੇ ਰਾਜਕੁਮਾਰੀ ਵੀ।"

ਬੁੱਢੇ ਨੇ ਯੂਸਫ਼ ਦੇ ਸਿਰ ਤੇ ਹੱਥ ਫੇਰ ਕੇ ਕਿਹਾ, "ਯੂਸਫ਼, ਸਾਰੀਆਂ ਨਿੱਕੀਆਂ ਕੁੜੀਆਂ ਰਾਜਕੁਮਾਰੀਆਂ ਹੁੰਦੀਆਂ ਹਨ। ਤੂੰ ਇਸ ਨੂੰ ਆਪਣੇ ਘਰ ਵਿੱਚ ਰੱਖ ਤੇ ਆਪਣੇ ਦੋਸਤ ਮੋਹਨ ਨੂੰ ਵੀ ਆਪਣੇ ਘਰ ਵਿੱਚ ਰੱਖ। ਆਪਣੀ ਮਾਂ ਦੀ ਸੇਵਾ ਕਰ। ਆਪਣੇ ਪਿੰਡ ਵਾਲ਼ਿਆਂ ਨੂੰ ਆਪਣੇ ਗਿਆਨ ਤੇ ਤਜ਼ਰਬੇ ਨਾਲ਼ ਫ਼ਾਇਦਾ ਪੁਚਾ। ਅੱਛਾ, ਹੁਣ ਮੈਂ ਚੱਲਦਾ ਹਾਂ।"

"ਕਿਉਂ ਬਾਬਾ! ਤੂੰ ਸਾਡੇ ਨਾਲ਼ ਰਹੇਂਗਾ ਨਹੀਂ?" ਮੋਹਨ ਨੇ ਪੁੱਛਿਆ।

"ਰੁਕ ਜਾ ਨਾ ਬਾਬਾ," ਰਾਜਕੁਮਾਰੀ ਨੇ ਬਾਬੇ ਦੁਆਲੇ ਆਪਣੀਆਂ ਬਾਹਾਂ ਵਲ਼ ਕੇ ਬੜੇ ਪਿਆਰ ਨਾਲ਼ ਕਿਹਾ।

"ਮੈਂ ਰੁਕ ਨਹੀਂ ਸਕਦਾ," ਬੁੱਢੇ ਨੇ ਕਿਹਾ। "ਮੇਰਾ ਕੰਮ ਰੁਕਣਾ ਨਹੀਂ ਏ। ਮੇਰਾ ਕੰਮ ਏ ਤੁਰਨਾ। ਮੈਂ ਤੁਰਦਾ ਰਹਿੰਦਾ ਹਾਂ। ਹਮੇਸ਼ਾ ਤੁਰਦਾ ਰਹਿੰਦਾ ਹਾਂ ਕਿਉਂਕਿ ਮੇਰਾ ਨਾਂ 'ਇਤਿਹਾਸ' ਏ।"

ਇਹ ਕਹਿ ਕੇ ਬੁੱਢੇ ਨੇ ਖੰਭਾਂ ਵਾਲ਼ੇ ਡੰਡੇ ਨੂੰ ਆਪਣੇ ਹੱਥ ਵਿੱਚ ਲਿਆ ਤੇ ਤੁਰ ਪਿਆ।

ਯੂਸਫ਼, ਮੋਹਨ ਤੇ ਰਾਜਕੁਮਾਰੀ ਦੀਆਂ ਨਜ਼ਰਾਂ ਬਹੁਤ ਦੂਰ ਤੱਕ ਉਸ ਦਾ ਪਿੱਛਾ ਕਰਦੀਆਂ ਰਹੀਆਂ। ਅਖ਼ੀਰ ਰਾਹ ਵਿੱਚ ਇੱਕ ਮੋੜ ਆਇਆ ਤਾਂ ਉਹ ਉਹਨਾਂ ਦੀ ਨਜ਼ਰਾਂ ਤੋਂ ਓਝਲ ਹੋ ਗਿਆ।

ਯੂਸਫ਼ ਦੀ ਮਾਂ ਨੇ ਆਪਣੇ ਪੁੱਤਰ ਤੇ ਉਸ ਦੇ ਸਾਥੀਆਂ ਵੱਲ ਵੇਖ ਕੇ ਕਿਹਾ, "ਬਾਬਾ ਠੀਕ ਆਖਦਾ ਸੀ। ਚਲੋ, ਤੁਹਾਡਾ ਘਰ ਤੁਹਾਡਾ ਰਾਹ ਵੇਖ ਰਿਹਾ ਏ।"

ਯੂਸਫ਼ ਨੇ ਮੋਹਨ ਤੇ ਰਾਜਕੁਮਾਰੀ ਦੇ ਹੱਥ ਫੜੇ ਤੇ ਤਿੰਨੋਂ ਯੂਸਫ਼ ਦੀ ਮਾਂ ਦੇ ਪਿੱਛੇ ਪਿੱਛੇ, ਫ਼ੁੱਲਾਂ ਦੀਆਂ ਕਿਆਰੀਆਂ ਚੋਂ ਲੰਘਦੇ ਹੋਏ ਝੁੱਗੀ ਦੇ ਅੰਦਰ ਚਲੇ ਗਏ।





ਅਨੁਰਾਗ ਟਰੱਸਟ
ਲਖਨਊ